# ਪ੍ਰੋ: ਗੁਰਮੁਖ ਸਿੰਘ

## ਜੀਵਨ ਤੇ ਰਚਨਾ

ਗੁਰਦੇਵ ਸਿੰਘ ਸਿੱਧੂ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ ਪਟਿਆਲਾ



ਭਾਈ ਗੁਰਮੁਖ ਸਿੰਘ ਜੀ ਪ੍ਰੋਫੈਸਰ

*(Frontispiece)*

ਪੰਜਾਬੀ ਲੇਖਕ ਲੜੀ ਨੰ. 77

# ਪ੍ਰੋ. ਗੁਰਮੁਖ ਸਿੰਘ

## ਜੀਵਨ ਤੇ ਰਚਨਾ

ਡਾ. ਗੁਰਦੇਵ ਸਿੰਘ ਸਿੱਧੂ

PUNJABI UNIVERSITY PATIALA

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

©
ਪੰਜਾਬੀ ਸਾਹਿੱਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

PROF. GURMUKH SINGH : JIWAN TE RACHNA *(Punjabi)*
*by*

Dr. GURDEV SINGH SIDHU
M.A., Ph.D.
Principal, Govt. Guru Nanak College
Guru Tegh Bahadur Garh (Faridkot)

**1989**
**ਪਹਿਲੀ ਵਾਰ : 1100**

ਸਰਦਾਰ ਤੀਰਥ ਸਿੰਘ, ਐਲ-ਐਲ. ਐਮ , ਰਜਿਸਟ੍ਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪ੍ਰਕਾਸ਼ਿਤ ਕੀਤੀ ਅਤੇ ਮੈ/ਸ. ਐਡਵਿਨ ਪ੍ਰਿੰਟਰਜ਼, ਨਾਮਦਾਰ ਖ਼ਾਨ ਰੋਡ, ਪਟਿਆਲਾ ਵਿਖੇ ਛਪੀ

# ਦੋ ਸ਼ਬਦ

ਪੰਜਾਬੀ ਭਾਸ਼ਾ ਅਤੇ ਸਾਹਿੱਤ ਦੇ ਬਹੁ-ਪੱਖੀ ਵਿਕਾਸ ਲਈ 1967 ਈ. ਵਿਚ ਪੰਜਾਬੀ ਸਾਹਿੱਤ ਅਧਿਐਨ ਵਿਭਾਗ ਦੀ ਸਥਾਪਨਾ ਕੀਤੀ ਗਈ ਸੀ। ਉਸ ਸਮੇਂ ਤੋਂ ਇਸ ਵਿਭਾਗ ਵਿਚ ਕਈ ਪ੍ਰਕਾਰ ਦੀਆਂ ਯੋਜਨਾਵਾਂ ਅਧੀਨ ਖੋਜ-ਕਾਰਜ ਹੋ ਰਿਹਾ ਹੈ। ਪੰਜਾਬੀ ਦੇ ਹੋ ਚੁਕੇ ਉਘੇ ਲੇਖਕਾਂ ਬਾਰੇ ਪੰਜਾਬੀ ਲੇਖਕ ਲੜੀ ਜਾਰੀ ਕੀਤੀ ਗਈ ਸੀ। ਇਸ ਲੜੀ ਅਧੀਨ ਹੁਣ ਤਕ 76 ਮੋਨੋਗ੍ਰਾਫ ਛਪ ਚੁਕੇ ਹਨ।

ਇਸ ਮੋਨੋਗ੍ਰਾਫ ਵਿਚ ਪ੍ਰੋ. ਗੁਰਮੁਖ ਸਿੰਘ ਦੇ ਜੀਵਨ ਅਤੇ ਸਾਹਿੱਤ ਉਤੇ ਝਾਤ ਪਾਈ ਗਈ ਹੈ। ਸਿੰਘ ਸਭਾ ਲਾਹੌਰ ਦੇ ਮੋਢੀ ਵਿਦਵਾਨ ਪ੍ਰੋ. ਗੁਰਮੁਖ ਸਿੰਘ ਸੰਪ੍ਰਦਾਈ ਅਤੇ ਆਧੁਨਿਕ ਦੋਹਾਂ ਤਰ੍ਹਾਂ ਦੀਆਂ ਸਿੱਖਿਆ ਪ੍ਰਣਾਲੀਆਂ ਦੁਆਰਾ ਵਿਦਿਆ ਪ੍ਰਾਪਤ ਕਰ ਕੇ, ਪਹਿਲਾਂ 1879 ਵਿਚ ਓਰੀਐਂਟਲ ਕਾਲਜ, ਲਾਹੌਰ, ਵਿਚ ਹਿੰਦੀ ਦੇ ਸੈਕਿੰਡ ਟੀਚਰ ਲਗੇ ਅਤੇ ਫਿਰ 1881 ਵਿਚ ਅਸਿਸਟੈਂਟ ਪ੍ਰੋਫੈਸਰ ਨਿਯੁਕਤ ਹੋਏ। ਸਿੱਖ ਧਰਮ ਦੇ ਪ੍ਰਚਾਰ ਅਤੇ ਸਮਾਜ-ਸੁਧਾਰ ਤੋਂ ਇਲਾਵਾ ਪੰਜਾਬੀ ਸਾਹਿੱਤ ਦੇ ਵਿਕਾਸ ਵਿਚ ਵੀ ਉਨ੍ਹਾਂ ਦੀ ਵਿਸ਼ੇਸ਼ ਰੁਚੀ ਸੀ। ਉਨ੍ਹਾਂ ਨੇ ਆਪਣੇ ਜੀਵਨ-ਉਦੇਸ਼ ਦੀ ਪੂਰਤੀ ਲਈ ਅਨੇਕ ਪੱਤਰ-ਪਤ੍ਰਿਕਾਵਾਂ ਪ੍ਰਕਾਸ਼ਿਤ ਕਰਨ ਦਾ ਉਦਮ ਕੀਤਾ। ਭਾਵੇਂ ਉਹ ਕੁਲ 49 ਵਰ੍ਹੇ ਜੀਏ, ਪਰ ਉਨ੍ਹਾਂ ਨੇ ਆਧੁਨਿਕ ਪੰਜਾਬੀ ਵਾਰਤਕ ਅਤੇ ਪੰਜਾਬੀ ਪੱਤਰਕਾਰੀ ਦੇ ਵਿਕਾਸ ਵਿਚ ਆਪਣੀ ਅਮਿਟ ਛਾਪ ਲਗਾ ਦਿੱਤੀ। ਬਹੁਤ ਸਾਰੇ ਵਿਵਾਦ-ਗ੍ਰਸਤ ਵਿਸ਼ਿਆਂ ਤੇ ਖੋਜ-ਭਰਪੂਰ ਲੇਖ ਲਿਖ ਕੇ ਕਈ ਸ਼ੰਕੇ ਦੂਰ ਕੀਤੇ। ਉਨ੍ਹਾਂ ਦੀ ਭਾਸ਼ਾ ਬੜੀ ਸਰਲ ਅਤੇ ਸਪਸ਼ਟ ਸੀ। ਉਨ੍ਹਾਂ ਦੀ ਦੇਣ ਨੂੰ ਮੁਖ ਰਖਦੇ ਹੋਏ ਇਹ ਮੋਨੋਗ੍ਰਾਫ ਲਿਖਵਾਇਆ ਗਿਆ ਹੈ।

ਆਧੁਨਿਕ ਪੰਜਾਬੀ ਵਾਰਤਕ, ਸਿੰਘ ਸਭਾ ਲਹਿਰ ਅਤੇ ਪ੍ਰੋ. ਗੁਰਮੁਖ ਸਿੰਘ ਦੀ ਰਚਨਾ ਵਿਚ ਰੁਚੀ ਰਖਣ ਵਾਲੇ ਪਾਠਕ ਸਾਡੇ ਇਸ ਉਦਮ ਤੋਂ ਲਾਭ ਉਠਾਉਣਗੇ, ਇਹ ਮੇਰਾ ਵਿਸ਼ਵਾਸ ਹੈ।

ਪੰਜਾਬੀ ਯੂਨੀਵਰਸਿਟੀ
ਪਟਿਆਲਾ

**ਭਗਤ ਸਿੰਘ**
ਵਾਈਸ ਚਾਂਸਲਰ

# ਭੂਮਿਕਾ

ਪੰਜਾਬੀ ਸਾਹਿੱਤ ਦੇ ਅਮੀਰ ਵਿਰਸੇ ਨੂੰ ਉਜਾਗਰ ਕਰਨ ਲਈ ਅਤੇ ਇਸ ਦੇ ਸਹੀ ਮੁੱਲਾਂਕਣ ਦੇ ਉਦੇਸ਼ ਤੋਂ ਸੰਨ 1967 ਵਿਚ ਪੰਜਾਬੀ ਯੂਨੀਵਰਸਿਟੀ ਵਿਚ ਪੰਜਾਬੀ ਸਾਹਿੱਤ ਅਧਿਐਨ ਵਿਭਾਗ ਦੀ ਸਥਾਪਨਾ ਹੋਈ ਸੀ। ਹੋਰਨਾਂ ਯੋਜਨਾਵਾਂ ਤੋਂ ਇਲਾਵਾ 'ਪੰਜਾਬੀ ਲੇਖਕ ਲੜੀ' ਦਾ ਆਰੰਭ ਵੀ ਕੀਤਾ ਗਿਆ ਸੀ। ਇਸ ਲੜੀ ਵਿਚ ਪ੍ਰੋ. ਆਈ. ਸੀ. ਨੰਦਾ, ਲਾਲ ਧਨੀ ਰਾਮ ਚਾਤ੍ਰਿਕ, ਬਾਬਾ ਮੇਹਰਬਾਨ, ਦਮੋਦਰ, ਬੁਲ੍ਹੇ ਸ਼ਾਹ, ਭਗਵਾਨ ਸਿੰਘ, ਭਾਈ ਗੁਰਦਾਸ, ਪ੍ਰਿੰ. ਤੇਜਾ ਸਿੰਘ, ਭਾਈ ਮੋਹਨ ਸਿੰਘ ਵੈਦ, ਪ੍ਰੋ. ਪੂਰਨ ਸਿੰਘ, ਗੁਰੂ ਅਮਰਦਾਸ, ਗੁਰੂ ਰਾਮਦਾਸ, ਪ੍ਰੋ. ਮੋਹਨ ਸਿੰਘ, ਭਾਈ ਵੀਰ ਸਿੰਘ, ਭਾਈ ਮਨੀ ਸਿੰਘ, ਗਿਆਨੀ ਹੀਰਾ ਸਿੰਘ ਦਰਦ. ਸ਼ਿਵ ਕੁਮਾਰ ਬਟਾਲਵੀ, ਨਾਨਕ ਸਿੰਘ, ਬਾਵਾ ਬਲਵੰਤ, ਭਾਈ ਜੋਧ ਸਿੰਘ, ਕਰਮ ਸਿੰਘ ਹਿਸਟੋਰੀਅਨ, ਭਾਈ ਸਹਿਜ ਰਾਮ, ਬਾਵਾ ਬੁੱਧ ਸਿੰਘ, ਗਿਆਨੀ ਦਿੱਤ ਸਿੰਘ, ਚਰਨ ਸਿੰਘ ਸ਼ਹੀਦ, ਡਾ. ਬਲਬੀਰ ਸਿੰਘ, ਅਲੀ ਹੈਦਰ, ਵਾਰਸ ਸ਼ਾਹ, ਬਿਸ਼ਨ ਸਿੰਘ ਉਪਾਸਕ ਆਦਿ ਪੰਜਾਬੀ ਸਾਹਿੱਤਕਾਰਾਂ ਦੇ ਜੀਵਨ ਅਤੇ ਰਚਨਾਵਾਂ ਬਾਰੇ ਮੋਨੋਗ੍ਰਾਫ ਪ੍ਰਕਾਸ਼ਿਤ ਹੋ ਚੁਕੇ ਹਨ।

ਪ੍ਰਸਤੁਤ ਪੁਸਤਕ ਪ੍ਰੋ. ਗੁਰਮੁਖ ਸਿੰਘ ਦੇ ਜੀਵਨ ਅਤੇ ਸਾਹਿੱਤ ਬਾਰੇ ਲਿਖਵਾਏ ਮੋਨੋਗ੍ਰਾਫ ਦਾ ਪ੍ਰਕਾਸ਼ਿਤ ਰੂਪ ਹੈ। ਪ੍ਰੋ. ਗੁਰਮੁਖ ਸਿੰਘ ਦਾ ਜਨਮ 1849 ਵਿਚ ਸਰਦਾਰ ਵਸਾਵਾ ਸਿੰਘ ਦੇ ਘਰ ਹੋਇਆ ਜੋ ਕਪੂਰਥਲਾ ਰਿਆਸਤ ਦੇ ਕੰਵਰ ਬਿਕ੍ਰਮ ਸਿੰਘ ਦੀ ਮੁਲਾਜ਼ਮਤ ਵਿਚ ਸਨ। ਕੰਵਰ ਸਾਹਿਬ ਦੀ ਸਰਪ੍ਰਸਤੀ ਕਰ ਕੇ ਪਹਿਲਾਂ ਪ੍ਰੋ. ਗੁਰਮੁਖ ਸਿੰਘ ਸੰਪ੍ਰਦਾਈ ਵਿਦਵਾਨਾਂ ਪਾਸੋਂ ਪੜ੍ਹੇ, ਫਿਰ ਕਪੂਰਥਲਿਓਂ ਹੀ ਦਸਵੀਂ ਪਾਸ ਕੀਤੀ ਅਤੇ ਫਿਰ ਗੌਰਮਿੰਟ ਕਾਲਜ ਲਾਹੌਰ ਤੋਂ ਬੀ.ਏ. ਪਾਸ ਕੀਤੀ। ਸੰਨ 1877 ਈ. ਵਿਚ ਉਹ ਓਰੀਐਂਟਲ ਕਾਲਜ ਲਾਹੌਰ ਦੇ ਹਿੰਦੀ ਵਿਭਾਗ ਵਿਚ ਸੈਕਿੰਡ ਟੀਚਰ ਨਿਯੁਕਤ ਹੋਏ ਅਤੇ ਉਥੇ ਹੀ 1881 ਵਿਚ ਅਸਿਸਟੈਂਟ ਪ੍ਰੋਫੈਸਰ ਬਣੇ। ਪਰ ਉਨ੍ਹਾਂ ਦਾ ਮਨ ਸਿੱਖ ਧਰਮ ਅਤੇ ਸਮਾਜ ਵਿਚ ਵਿਆਪਤ ਹੋ ਚੁਕੀਆਂ ਕੁਰੀਤੀਆਂ ਨੂੰ ਦੂਰ ਕਰਨ ਵਲ ਅਧਿਕ ਰੁਚਿਤ ਸੀ। ਇਸ ਲਈ ਉਨ੍ਹਾਂ ਨੂੰ ਨੌਕਰੀ ਤੋਂ ਜੋ ਵੀ ਸਮਾਂ ਵਿਹਲਾ ਮਿਲਦਾ, ਉਹ ਸਿੰਘ ਸਭਾ ਦੀਆਂ ਸਰਗਰਮੀਆਂ ਵਿਚ ਲਗਾਂਦੇ। ਅੰਮ੍ਰਿਤਸਰ ਦੀ ਸਿੰਘ ਸਭਾ ਨਾਲ ਮਤ-ਵਿਰੋਧ ਹੋਣ ਕਾਰਣ ਪ੍ਰੋ. ਗੁਰਮੁਖ ਸਿੰਘ ਨੇ ਉਦਮ ਕਰ ਕੇ 1879 ਵਿਚ ਸਿੰਘ ਸਭਾ ਲਾਹੌਰ ਦੀ ਸਥਾਪਨਾ ਕੀਤੀ ਅਤੇ ਸਿੱਖ ਧਰਮ ਦੇ ਪ੍ਰਚਾਰ ਅਤੇ ਪੰਜਾਬੀ ਸਾਹਿੱਤ ਦੇ ਵਿਕਾਸ ਵਿਚ ਜੁਟ ਗਏ। ਉਨ੍ਹਾਂ ਨੇ ਪ੍ਰਚਾਰ ਦੇ ਉਦੇਸ਼ ਤੋਂ 'ਗੁਰਮੁਖੀ', 'ਖਾਲਸਾ ਅਖਬਾਰ', 'ਵਿਦਿਯਾਰਕ', 'ਸੁਧਾਰਾਰਕ' ਨਾਂ ਦੀਆਂ ਪਤ੍ਰਿਕਾਵਾਂ ਪ੍ਰਕਾਸ਼ਿਤ ਕਰਨ ਦੀ ਵਿਵਸਥਾ ਕੀਤੀ। ਸਿੰਘ ਸਭਾਵਾਂ ਅਤੇ ਖਾਲਸਾ ਦੀਵਾਨਾਂ ਦੇ ਪਰਸਪਰ ਵਿਰੋਧਾਂ ਨੂੰ ਖਤਮ

ਕਰਨ ਲਈ ਵੀ ਬੜਾ ਯੋਗਦਾਨ ਦਿੱਤਾ । ਧਰਮ ਅਤੇ ਸਮਾਜ ਸੁਧਾਰ ਦੀ ਲਗਾਤਾਰ ਮਿਹਨਤ ਕਰਦੇ ਹੋਇਆਂ 1898 ਵਿਚ ਉਨ੍ਹਾਂ ਦਾ ਦੇਹਾਂਤ ਹੋ ਗਿਆ ।

ਪ੍ਰੋ. ਗੁਰਮੁਖ ਸਿੰਘ ਨੇ ਆਪਣੀ ਭਾਵ ਅਭਿਵਿਅਕਤੀ ਲਈ ਪੰਜਾਬੀ ਭਾਸ਼ਾ ਨੂੰ ਹੀ ਮਾਧਿਅਮ ਬਣਾਇਆ । ਉਨ੍ਹਾਂ ਨੇ ਪੱਤਰ-ਪਤ੍ਰਿਕਾਵਾਂ ਵਿਚ ਆਪਣੇ ਅਨੇਕਾਂ ਲੇਖ ਅਤੇ ਕਈ ਵਿਖਿਆਨ ਛਾਪੇ । ਭਾਈ ਬਾਲੇ ਵਾਲੀ ਜਨਮਸਾਖੀ ਬਾਰੇ 'ਸੁਧਾਰਾਰਕ' ਪ੍ਰਤ੍ਰਿਕਾ ਵਿਚ ਛਪਿਆ ਇਕ ਵਿਸਤ੍ਰਿਤ ਲੇਖ ਉਨ੍ਹਾਂ ਦੀ ਖੋਜ-ਬਿਰਤੀ ਦਾ ਸੂਚਕ ਹੈ । ਉਨ੍ਹਾਂ ਨੇ ਕਈਆਂ ਪੁਸਤਕਾਂ ਦੀਆਂ ਭੂਮਿਕਾਵਾਂ ਵੀ ਲਿਖੀਆਂ ਹਨ। ਉਨ੍ਹਾਂ ਦੀ ਵਿਸ਼ੇਸ਼ ਦੇਣ ਪੰਜਾਬੀ ਵਾਰਤਕ ਦੇ ਵਿਕਾਸ ਵਿਚ ਪਾਇਆ ਯੋਗਦਾਨ ਹੈ। ਉਨ੍ਹਾਂ ਦੀ ਵਾਰਤਕ ਸਰਲ, ਪਰ ਵਿਦਵੱਤਾਪੂਰਣ ਅਤੇ ਸੰਬੋਧਨਾਤਮਕ ਹੈ ਅਤੇ ਭਾਵ ਪ੍ਰਕਾਸ਼ਨ ਵਿਚ ਸਫਲ ਹੈ । ਪੰਜਾਬੀ ਦੇ ਮੁੱਢਲੇ ਪੱਤਰਕਾਰਾਂ ਵਿਚ ਉਨ੍ਹਾਂ ਦਾ ਵਿਸ਼ੇਸ਼ ਅਤੇ ਮਹੱਤਵਪੂਰਣ ਸਥਾਨ ਹੈ । ਉਨ੍ਹਾਂ ਦੀ ਇਸ ਦੇਣ ਨੂੰ ਮੁੱਖ ਰਖਦਿਆਂ ਇਹ ਮੋਨੋਗ੍ਰਾਫ ਲਿਖਵਾਇਆ ਗਿਆ ਹੈ ।

ਇਸ ਮੋਨੋਗ੍ਰਾਫ ਦੇ ਲਿਖਣ ਦਾ ਕੰਮ ਡਾ. ਗੁਰਦੇਵ ਸਿੰਘ ਸਿੱਧੂ ਨੂੰ ਸੌਂਪਿਆ ਗਿਆ ਸੀ ਜਿਨ੍ਹਾਂ ਨੇ ਬੜੀ ਮਿਹਨਤ ਨਾਲ ਮੁਕੰਮਲ ਕੀਤਾ ਹੈ। ਇਸ ਬਾਰੇ ਯੂਨੀਵਰਸਿਟੀ ਪੱਧਰ ਉਤੇ ਛਪਣ ਦੀ ਵਿਸ਼ੇਸ਼ਗ ਰਾਇ ਡਾ. ਸੁਰਿੰਦਰ ਸਿੰਘ ਕੋਹਲੀ, ਚੰਡੀਗੜ੍ਹ ਤੋਂ ਲਈ ਗਈ ਹੈ। ਅਸੀਂ ਇਨ੍ਹਾਂ ਦੋਹਾਂ ਵਿਦਵਾਨਾਂ ਦੇ ਸਹਿਯੋਗ ਲਈ ਰਿਣੀ ਹਾਂ ।

ਮੈਨੂੰ ਵਿਸ਼ਵਾਸ ਹੈ ਕਿ ਸਿੰਘ ਸਭਾ ਲਹਿਰ, ਪੰਜਾਬੀ ਦੀ ਮੁੱਢਲੀ ਪੱਤਰਕਾਰੀ ਅਤੇ ਪ੍ਰੋ. ਗੁਰਮੁਖ ਸਿੰਘ ਦੇ ਸਾਹਿੱਤ ਵਿਚ ਰੁਚੀ ਰਖਣ ਵਾਲੇ ਪਾਠਕ ਸਾਡੇ ਇਸ ਯਤਨ ਤੋਂ ਲਾਭ ਉਠਾਉਣਗੇ ।

ਪੰਜਾਬੀ ਸਾਹਿੱਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਰਤਨ ਸਿੰਘ ਜੱਗੀ
ਪ੍ਰੋਫੈਸਰ

# ਤੱਤਕਰਾ


| | | |
|---|---|---|
| | ਦੋ ਸ਼ਬਦ | (iii) |
| | ਭੂਮਿਕਾ | (v) |
| | ਪ੍ਰਾਕਥਨ | 1 |
| 1. | ਪ੍ਰੋ. ਗੁਰਮੁਖ ਸਿੰਘ : ਜੀਵਨ ਅਤੇ ਵਿਅਕਤਿਤਵ | 9 |
| 2. | ਪ੍ਰੋ. ਗੁਰਮੁਖ ਸਿੰਘ ਦਾ ਰਚਨਾ ਜਗਤ | 42 |
| 3. | ਪ੍ਰੋ. ਗੁਰਮੁਖ ਸਿੰਘ ਦੀ ਵਾਰਤਕ-ਕਲਾ | 62 |
| 4. | ਪੱਤਰਕਾਰ ਪ੍ਰੋ. ਗੁਰਮੁਖ ਸਿੰਘ | 77 |
| 5. | ਪ੍ਰੋ. ਗੁਰਮੁਖ ਸਿੰਘ ਦੀ ਪੰਜਾਬੀ ਵਾਰਤਕ ਨੂੰ ਦੇਣ | 83 |
| | ਅੰਤਿਕਾ—ਪ੍ਰੋ. ਗੁਰਮੁਖ ਸਿੰਘ ਰਚਿਤ ਵਾਰਤਕ-ਵੰਨਗੀ | 87 |
| | ਸਹਾਇਕ ਪੁਸਤਕ ਸੂਚੀ | 100 |

# ਪ੍ਰਾਕਥਨ

ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮਕਾਲੀ ਭਾਰਤੀ ਸਮਾਜ ਵਿਚ ਹਿੰਦੂ ਮੱਤ ਅਤੇ ਇਸਲਾਮ ਵਿਚ ਅਮਲੀ ਪੱਧਰ ਉਤੇ ਵਿਆਪ ਚੁੱਕੀਆਂ ਕੁਰੀਤੀਆਂ ਨੂੰ ਦੂਰ ਕਰਨ ਹਿਤ ਸਮਕਾਲੀਨ ਅਧਿਆਤਮਕ ਦਰਸ਼ਨ ਦੀ ਪੂਰਨ ਘੋਖ ਉਪਰੰਤ ਇਕ ਨਵੀਂ ਵਿਚਾਰ ਧਾਰਾ ਦੀ ਨੀਂਹ ਰੱਖੀ। ਇਸ ਵਿਚਾਰ ਧਾਰਾ ਨੂੰ ਹੋਰਨਾਂ ਨਾਲੋਂ ਅਲਹਿਦਾ ਤੀਜੇ ਮੱਤ ਦੇ ਰੂਪ ਵਿਚ ਪੇਸ਼ ਕਰਨ ਬਾਰੇ ਉਨ੍ਹਾਂ ਦੀ ਸੋਚ ਦੀ ਪ੍ਰੋੜ੍ਹਤਾ ਸਮੇਂ ਸਮੇਂ ਅਗਲੇ ਗੁਰੂ ਸਾਹਿਬਾਨ ਦੁਆਰਾ ਕੀਤੀ ਜਾਂਦੀ ਰਹੀ। ਗੁਰੂ ਅਰਜਨ ਦੇਵ ਜੀ ਨੇ ਸਪਸ਼ਟ ਭਾਂਤ ਕਿਹਾ ਕਿ ਉਹ ਹਿੰਦੂ ਮੁਸਲਮਾਨ ਦੋਹਾਂ ਤੋਂ ਅਲੱਗ ਹਨ।[1] ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਗੁਰਮਤਿ ਸਿਧਾਂਤਾਂ 'ਤੇ ਜ਼ੋਰ ਦੇ ਕੇ ਸਿੱਖੀ ਦੀ ਨਿਵੇਕਲੀ ਹੋਂਦ ਨੂੰ ਹੋਰ ਉਭਾਰਿਆ।[2] ਭਾਈ ਚੌਪਾ ਸਿੰਘ, ਜਿਸ ਨੂੰ ਬਾਲ ਗੋਬਿੰਦ ਰਾਇ ਦਾ ਖਿਡਾਵਾ ਹੋਣ ਕਾਰਨ ਦਸਮ ਗੁਰੂ ਦੀ ਨੇੜਤਾ ਪ੍ਰਾਪਤ ਰਹੀ, ਅਤੇ ਭਾਈ ਦਇਆ ਸਿੰਘ, ਜੋ ਖਾਲਸੇ ਦੀ ਸਿਰਜਣਾ ਸਮੇਂ ਸੀਸ ਭੇਟ ਕਰਨ ਵਾਲੇ ਪੰਜ ਪਿਆਰਿਆਂ ਵਿਚੋਂ ਇਕ ਸੀ, ਨੇ ਖਾਲਸਾ ਧਰਮ ਅਵਲੰਬੀਆਂ ਲਈ ਰਹਿਤ ਮਰਿਆਦਾ ਦੇ ਨੇਮ ਦੱਸਣ ਲਈ ਰਚੇ ਆਪੋ ਆਪਣੇ ਰਹਿਤਨਾਮਿਆਂ ਵਿਚ ਵੀ ਇਸ ਦੀ ਪੁਸ਼ਟੀ ਕੀਤੀ ਹੈ।[3]

ਕੇਵਲ ਵਿਚਾਰ ਧਾਰਕ ਪੱਧਰ ਉਤੇ ਹੀ ਨਹੀਂ, ਅਮਲੀ ਜੀਵਨ ਵਿਚ ਵੀ ਆਪਣੇ ਅਨੁਯਾਈਆਂ, ਜਿਹਨਾਂ ਨੂੰ ਸਿੱਖ ਸੰਗਿਆ ਦਿੱਤੀ ਗਈ ਸੀ, ਨੂੰ ਹੋਰਨਾਂ ਨਾਲੋਂ ਨਿਵੇਕਲੇ ਅਤੇ ਵਿਲਖਣ ਰੱਖਣ ਲਈ ਗੁਰੂ ਨਾਨਕ ਦੇਵ ਜੀ ਨੇ ਹੀ ਨਵੀਂ ਰਹਿਣੀ ਬਹਿਣੀ ਨਿਸਚਿਤ ਕਰ ਦਿੱਤੀ ਸੀ। ਭਾਵੇਂ ਗੁਰੂ ਨਾਨਕ-ਬਾਣੀ ਵਿਚ ਅਜਿਹੀ ਸੂਚਨਾ ਲੜੀ-ਬੱਧ ਰੂਪ ਵਿਚ ਤਾਂ ਨਹੀਂ ਮਿਲਦੀ, ਪਰ ਬਾਣੀ ਦੇ ਅਧਿਐਨ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿਖ-ਸੇਵਕਾਂ ਨੂੰ ਨਿਮ੍ਰਤਾ, ਸੇਵਾ-ਭਾਵ ਆਦਿ ਧਾਰਨ ਕਰਨ ਦੀ ਪ੍ਰੇਰਨਾ ਦਿੱਤੀ। ਆਪ ਦਾ ਫੁਰਮਾਨ ਹੈ :

ਘਾਲਿ ਖਾਇ ਕਿਛੁ ਹਥਹੁ ਦੇਇ।
ਨਾਨਕ ਰਾਹੁ ਪਛਾਣਹਿ ਸੇਇ।[4]

ਗੁਰੂ ਨਾਨਕ ਦੇਵ ਜੀ ਨੇ ਆਪਣੇ ਸ਼ਰਧਾਲੂਆਂ ਲਈ ਜੋ ਮਰਯਾਦਾਵਾਂ ਨਿਸ਼ਚਿਤ ਕੀਤੀਆਂ, ਅਗਲੇ ਗੁਰੂ ਸਾਹਿਬਾਨ ਸਮੇਂ ਸਮੇਂ ਉਹਨਾਂ ਵਿਚ ਵਾਧਾ ਕਰਦੇ ਰਹੇ। ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੀ ਬਾਣੀ ਵਿਚ ਇਸ ਗਾਡੀ-ਰਾਹ ਦੇ ਪੰਧਾਊਆਂ ਦਾ ਇਉਂ ਮਾਰਗ ਦਰਸ਼ਨ ਕੀਤਾ ਹੈ :

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ।

ਉਦਮ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ।
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ।
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਿਦਿਆਂ ਉਠਦਿਆਂ ਹਰਿਨਾਮੁ ਧਿਆਵੈ ।
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ ।[5]

ਗੁਰੂ ਅਰਜਨ ਦੇਵ ਜੀ ਨੇ ਵੀ ਆਪਣੀ ਬਾਣੀ ਵਿਚ ਇਸ ਰਹਿਤ-ਬਹਿਤ ਬਾਰੇ ਸੰਕੇਤ ਕੀਤੇ ਹਨ । ਆਪ ਦਾ ਇਕ ਕਥਨ ਹੈ :

ਏਕਾਦਸੀ ਨਿਕਟਿ ਪੇਖਹੁ ਹਰਿ ਨਾਮ ।
ਇੰਦ੍ਰੀ ਬਸਿ ਕਰਿ ਸੁਣਹੁ ਹਰਿ ਨਾਮ ।
ਮਨਿ ਸੰਤੋਖੁ ਸਰਬ ਜੀਅ ਦਇਆ ।
ਇਨ ਬਿਧਿ ਬਰਤੁ ਸੰਪੂਰਨ ਭਇਆ ।[6]

ਸੋਰਠਿ ਰਾਗ ਵਿਚ ਆਪ ਫੁਰਮਾਉਂਦੇ ਹਨ :

ਗਰੀਬੀ ਗਦਾ ਹਮਾਰੀ ।
ਖੰਨਾ ਸਗਲ ਰੇਨੁ ਛਾਰੀ ।[7]

ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਕਾਵਿ-ਰਚਨਾਵਾਂ ਕਰਦਿਆਂ ਇਸ ਮਨੋਰਥ ਨੂੰ ਸਾਹਮਣੇ ਰਖਿਆ । ਗੁਰਬਾਣੀ ਦੇ ਸੰਹਜ ਸਿਧਾਂਤਾਂ ਦੀ ਦਾਰਸ਼ਨਿਕ ਅਤੇ ਵਿਵਹਾਰਿਕ ਵਿਆਖਿਆ ਤੋਂ ਬਿਨਾਂ ਸਿੱਖੀ ਜੀਵਨ-ਮਾਰਗ ਦੀ ਰਹਿਤ-ਮਰਿਯਾਦਾ ਸੰਬੰਧੀ, ਆਚਾਰ ਨੀਤੀ ਸੰਬੰਧੀ ਬਿਉਰਾ ਭਾਈ ਗੁਰਦਾਸ ਭੱਲਾ ਦੀ ਵਾਰ ਰਚਨਾ, ਕਬਿੱਤ ਤੇ ਸਵਈਆਂ ਆਦਿ ਤੋਂ ਪ੍ਰਾਪਤ ਹੋ ਜਾਂਦਾ ਹੈ ।[8]

ਜਿਸ ਵਿਚਾਰ ਧਾਰਾ ਅਤੇ ਉਸ ਦੇ ਧਾਰਨੀਆਂ ਦੀ ਰਹਿਤ-ਬਹਿਤ ਦੀ ਬੁਨਿਆਦ ਗੁਰੂ ਨਾਨਕ ਦੇਵ ਜੀ ਨੇ ਰਖੀ, ਉਸ ਦਾ ਸਿਖਰ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸਾ ਪੰਥ ਦੀ ਸਿਰਜਣਾ ਨਾਲ ਹੋਇਆ । ਜਿਸ ਨਿਵੇਕਲੇ ਸਰੂਪ ਦੀ ਕਲਪਨਾ ਪ੍ਰਥਮ ਗੁਰੂ ਨੇ ਕੀਤੀ ਸੀ, ਦਸਮ ਗੁਰੂ ਨੇ ਉਸ ਨੂੰ ਸਿੰਘ ਸ਼ਖਸੀਅਤ ਦੇ ਰੂਪ ਵਿਚ ਅਮਲੀ ਜਾਮਾ ਪਹਿਨਾ ਕੇ ਉਸ ਨੂੰ 'ਖਾਲਸਾ' ਦੀ ਸੰਗਿਆ ਦੇ ਦਿਤੀ ।

ਪਰ ਤ੍ਰਾਸਦੀ ਇਹ ਵਾਪਰੀ ਕਿ 'ਖਾਲਸਾ' ਦੀ ਸੰਪੂਰਨ ਸ਼ਖਸੀਅਤ ਸਾਕਾਰ ਹੁੰਦਿਆਂ ਹੀ ਇਸ ਉਤੇ ਬਿਪਤਾ ਦੇ ਪਹਾੜ ਆ ਡਿੱਗੇ । ਖਾਲਸੇ ਨੂੰ ਆਪਣੇ ਘਰ-ਘਾਟ ਤਿਆਗ ਕੇ ਜੰਗਲਾਂ, ਰੋਹੀਆਂ, ਬੀਆਬਾਨਾਂ ਆਦਿ ਵਿਚ ਟਿਕਾਣੇ ਬਨਾਉਣੇ ਪਏ । ਉਹਨਾਂ ਦੇ ਪਰਿਵਾਰ ਅਤੇ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਨਾਮ-ਲੇਵਾ ਹੋਰ ਲੋਕ ਪਿੱਛੇ ਪਿੰਡਾਂ ਸ਼ਹਿਰਾਂ ਵਿਚ ਰਹਿੰਦੇ ਰਹੇ, ਜੋ ਬਹੁਗਿਣਤੀ ਦੇ ਰੰਗ ਵਿਚ ਰੰਗੇ ਗਏ । ਸਿੱਖਾਂ ਦੇ ਧਰਮ-ਅਸਥਾਨਾਂ ਦੀ ਸਾਂਭ ਸੰਭਾਲ, ਜਿਹਨਾਂ ਸਾਧੂ-ਸੰਤਾਂ, ਉਦਾਸੀਆਂ ਆਦਿ ਦੇ ਹਥ ਆਈ, ਉਹ ਵੀ ਮੁਗਲ-

ਹਕੂਮਤ ਦੇ ਡਰ ਅਤੇ ਆਪਣੀ 'ਉਦਰ-ਪੂਰਤੀ' ਦੀ ਸੁਖੈਨਤਾ ਨੂੰ ਧਿਆਨ-ਗੋਚਰੇ ਰੱਖਦਿਆਂ ਬ੍ਰਾਹਮਣੀ ਰੰਗਤ ਵਾਲੇ ਧਰਮ ਦਾ ਪ੍ਰਚਾਰ ਕਰਦੇ ਰਹੇ। ਇਹਨਾਂ ਕਾਰਨਾਂ ਸਦਕਾ ਬ੍ਰਾਹਮਣੀ ਮੱਤ, ਜੋ ਸਿੱਖ ਧਰਮ ਦੇ ਜਨਮ ਤੋਂ ਹੀ ਇਸ ਨੂੰ ਆਪਣੇ ਅੰਦਰ ਸਮੋਣ ਲਈ ਯਤਨਸ਼ੀਲ ਸੀ, ਨੇ ਸਿੱਖ ਧਰਮ ਨੂੰ ਆਪਣੇ ਪਰਛਾਵੇਂ ਹੇਠਾਂ ਲੈ ਲਿਆ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਦੌਰਾਨ, ਖ਼ਾਲਸਾ ਭਾਵੇਂ ਜੰਗਲ-ਬੀਆਬਾਨ ਵਿਚੋਂ ਨਿਕਲ ਮੁੜ ਪਿੰਡਾਂ-ਸ਼ਹਿਰਾਂ ਵਿਚ ਆ ਵਸਿਆ, ਪਰ ਧਾਰਮਕ ਸਥਿਤੀ ਨਿਘਾਰ ਵੱਲ ਨੂੰ ਹੀ ਗਈ। ਰਾਜ-ਸ਼ਕਤੀ ਦੇ ਘੇਰੇ ਵਿਚ ਆਪਣਾ ਪ੍ਰਭਾਵ ਵਧਾਉਣ ਲਈ ਮਹਾਰਾਜੇ ਵਰਗਾ ਸਿੱਖ ਸਰੂਪ ਗ੍ਰਹਿਣ ਕਰਨਾ ਜ਼ਰੂਰੀ ਸਮਝ ਕੇ ਜਣੇ ਖਣੇ ਨੇ ਦਾੜ੍ਹੀ ਕੇਸ ਰੱਖਣੇ ਸ਼ੁਰੂ ਕਰ ਦਿੱਤੇ। ਇਉਂ ਵੇਸ-ਭੂਸ਼ਾ ਅਤੇ ਬਾਹਰੀ ਦਿੱਖ ਦੇ ਪੱਖੋਂ ਸਿੱਖ ਮੰਨੇ ਜਾ ਸਕਦੇ ਵਿਅਕਤੀਆਂ ਦੀ ਗਿਣਤੀ ਵਿਚ ਤਾਂ ਕਈ ਗੁਣਾਂ ਵਾਧਾ ਹੋ ਗਿਆ, ਪਰ ਸਿੱਖੀ ਰਹੁ-ਰੀਤ ਅਤੇ ਇਸ ਦੀ ਅੰਦਰਲੀ ਭਾਵਨਾ ਨੂੰ ਧਾਰਨ ਕਰਨ ਦੀ ਰੁਚੀ ਹੋਰ ਵੀ ਪੇਤਲੀ ਪੈ ਗਈ। ਇਸ ਸਮੇਂ ਦੀ ਧਾਰਮਕ ਅਵਸਥਾ ਦੀ ਵਾਸਤਵਿਕਤਾ ਦਾ ਬਿਆਨ ਭਾਈ ਨਾਹਰ ਸਿੰਘ ਨੇ ਆਪਣੇ ਸ਼ਬਦਾਂ ਵਿਚ ਇਉਂ ਕੀਤਾ ਹੈ :

"ਸੰਨ 1850 ਈ. ਤੱਕ ਸਿੱਖ ਮੱਤ ਅੰਦਰ ਰਿਲੀਜੀਅਸ ਪੈਟਰੀਅਜ਼ (ਧਾਰਮਿਕ ਬਾਪੂਆਂ) ਦਾ ਬੜਾ ਭਾਰੀ ਜ਼ੋਰ ਹੋ ਗਿਆ। ਇਸ ਸਮੇਂ ਬੇਦੀਆਂ, ਸੋਢੀਆਂ, ਗੁਰੂਕਿਆਂ ਸਾਹਿਬਜ਼ਾਦਿਆਂ, ਸਥਾਨਕ ਗੁਰੂਆਂ, ਸਾਧੂਆਂ ਦੀ ਜਮਾਤਾਂ ਨੇ ਸਿੱਖ ਪੰਥ ਨੂੰ ਲੁੱਟ ਖਾਧਾ। ਇਹ ਸੱਭ ਆਪਣੇ ਆਪਣੇ ਇਲਾਕਿਆਂ ਵਿਚ ਗੁਰੂ ਬਣ ਬੈਠੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਹੀ ਗੱਦੀਆਂ ਲਾ ਕੇ ਬੈਠਦੇ, ਗੁਰੂ ਸਿੱਖਾਂ ਤੋਂ ਆਪਣੇ ਪੈਰ, ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੀ ਪੂਜਵਾਂਦੇ, ਅਤੇ ਪੂਜਾ ਦਾ ਧਨ ਆਪ ਹੀ ਹਜ਼ਮ ਕਰ ਜਾਂਦੇ। ਤਖ਼ਤਾਂ, ਧਾਮਾਂ, ਬੁੰਗਿਆਂ, ਡੇਰਿਆਂ ਨੂੰ ਮਹੰਤ ਜਾਂ ਨਾਜ਼ਮ ਆਪਣੀ ਨਿੱਜੀ ਜਾਇਦਾਦ ਸਮਝਣ ਲੱਗੇ। ਕੁਰੀਤੀਆਂ ਪਰਚਲਿਤ ਹੋ ਗਈਆਂ ਅਤੇ ਸਿੱਖ ਵਿਚਾਰੇ ਅੰਧਕੂਪ ਵਿਚ ਰਾਹ ਭਾਲਣ ਲਈ ਟੱਕਰਾਂ ਮਾਰਦੇ ਫਿਰਨ ਲੱਗੇ। ਗੁਰਦੁਆਰਿਆਂ ਵਿਚ ਰਾਮ, ਕ੍ਰਿਸ਼ਨ ਦੀਆਂ ਮੂਰਤੀਆਂ ਰੱਖਣੀਆਂ, ਪੁਰਾਣਾਂ ਦੀ ਕਥਾ ਕਹਾਣੀਆਂ ਦੀ ਚਰਚਾ ਕਰਨੀ ਤੇ ਸਾਰੇ ਹਿੰਦੂ ਤਿਉਹਾਰ ਮਨਾਉਣੇ, ਗੁਰੂ ਗ੍ਰੰਥ ਸਾਹਿਬ ਨੂੰ ਵੀ ਪੱਥਰ ਦੀਆਂ ਮੂਰਤੀਆਂ ਵਾਂਗ ਮੱਥਾ ਟੇਕ ਛੱਡਣਾ, ਸਿੱਖ ਗੁਰੂਆਂ ਨੂੰ ਵੀ ਹਿੰਦੂਮਤ ਦੇ ਤੇਤੀ ਕਰੋੜ ਦੇਵਤਿਆਂ ਵਿਚ ਸ਼ਾਮਲ ਕਰਨਾ, ਸਿੱਖਾਂ ਦੇ ਵਿਆਹ, ਮਰਨ ਆਦਿ ਦੇ ਸੰਸਕਾਰ ਵੀ ਹਿੰਦੂ ਰੀਤੀ ਅਨੁਸਾਰ ਕਰਾ ਦਿੰਦੇ।[10]

ਸਾਧਾਰਨ ਸਿੱਖ ਜਨਤਾ ਅਤੇ ਆਮ ਸਿੱਖ ਗੁਰਦੁਆਰੇ ਦੀ ਤਾਂ ਗੱਲ ਹੀ ਛੱਡੀਏ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਪਰੀਸਰ (complex) ਅੰਦਰਲੀ ਹਾਲਤ ਵੀ ਬ੍ਰਾਹਮਣੀ ਪ੍ਰਭਾਵ ਤੋਂ ਮੁਕਤ ਨਹੀਂ ਸੀ। ਪ੍ਰਾਪਤ ਜਾਣਕਾਰੀ ਅਨੁਸਾਰ "ਦਰਬਾਰ ਸਾਹਿਬ ਉਸ ਵੇਲੇ ਸਿੱਖ ਪਰਚਾਰ ਦਾ ਅਸਥਾਨ ਨਹੀਂ ਸੀ। ਸਾਰੇ ਮੱਤਾਂ-ਮਤਾਂਤਰਾਂ ਦੇ ਮਿਲਣ ਦੀ ਇਕ ਸਾਂਝੀ ਥਾਂ ਸੀ। ਪ੍ਰਕਰਮਾ ਵਿਚ ਪੁਰਾਣਾਂ ਦੀ ਕਥਾ ਇਕ ਸਾਧਾਰਣ ਫ਼ੀਚਰ ਸੀ। ਦਰਬਾਰ ਸਾਹਿਬ ਨਾਸਤਕਾਂ ਦੇ ਪਰਚਾਰ ਦਾ ਅੱਡਾ ਸੀ, ਗੁਲਾਬ ਦਾਸੀਏ, ਚਾਕੂ ਕਟੀਏ, ਤੇ ਹੋਰ ਮੁਨੱਕਰ ਸਾਧੂ, ਆਪਣੇ ਖ਼ਿਆਲਾਂ ਦੀ ਰਵਾੜ ਆ ਕੱਢਦੇ।[11]

ਦਰਬਾਰ ਸਾਹਿਬ ਦੇ ਨੇੜੇ ਹੀ ਗੁਰੂ ਕਾ ਬਾਗ ਵਿਚ ਪੰਡਤ ਸ਼ਰਧਾ ਰਾਮ ਫਿਲੌਰੀ

ਜਦੋਂ ਕਦੇ ਸ਼ਾਮ ਨੂੰ ਕਥਾ ਕਰਦਾ ਤਾਂ ਉਹ ਆਪਣੀ ਕਥਾ ਦਾ ਆਰੰਭ ਇਸ ਭਜਨ ਨਾਲ ਕਰਦਾ :

"ਜੈ ਗੰਗਾ ਮਾਈ,
ਜੋ ਜਨ ਤੇਰਾ ਦਰਸ਼ਣ ਪਾਵੈ, ਪਾਪ ਨ ਰਹਿਸੀ ਰਾਈ।
ਜੈ ਗੰਗਾ ਮਾਈ।
ਤਨ ਮਨ ਧਨ ਤੋਂ ਸਿਮਰਾਂ ਤੈਨੂੰ, ਤੂੰ ਜੱਗ ਵਿਚ ਸੁਖਦਾਈ।
ਜੋ ਜਨ ਤੇਰਾ ਧਿਆਨ ਕਰਤ ਹੈ, ਮਿਟੇ ਪਾਪਾਂ ਦੀ ਛਾਈ।
ਜੈ ਗੰਗਾ ਮਾਈ।

ਇਕ ਦਿਨ ਕੋਈ ਡੇਢ ਕੁ ਸੌ ਦੇ ਕਰੀਬ ਲੋਕ, ਪੰਡਤ ਜੀ ਨਾਲ ਰਲ ਕੇ ਭਜਨ ਗਾ ਰਹੇ ਸਨ ਕਿ ਏਨੇ ਨੂੰ ਤਰਨਤਾਰਨ ਦੇ ਜੱਟਾਂ ਦਾ ਇਕ ਟੋਲਾ, ਢੋਲਕੀਆਂ, ਛੈਣੇ ਖੜਕਾਉਂਦਾ ਆ ਗਿਆ ਤੇ ਕਥਾ ਅਸਥਾਨ ਦੇ ਕੋਲ ਦੀ ਸਿਰ ਮਾਰ ਮਾਰ ਕੇ ਬੋਲੀਆਂ ਦੀ ਧਾਰਨਾ ਤੇ ਇਹ ਗਾਉਂਦਾ ਹਰਿਮੰਦਰ ਸਾਹਿਬ ਨੂੰ ਜਾ ਰਿਹਾ ਸੀ :

ਕੱਚੇ ਤਲਾ ਦੀ ਪੱਕੀਆਂ ਪੌੜੀਆਂ, ਗੜਵਾ ਭਰ ਲਿਆ ਪਾਣੀ ਦਾ।
ਝੰਡੇ ਫਕੀਰ ਨੇ ਕੁਝ ਨਾ ਵੇਖਿਆ, ਜੋਬਨ ਲੁਟ ਲਿਆ ਨੈਣੀ ਦਾ।

ਕਥਾ ਸੁਣ ਰਹੇ ਲੋਕਾਂ ਵਿੱਚੋਂ ਕੁਝ ਕੁ ਜੱਥੇ ਦੇ ਨਾਲ ਰਲ ਗਏ।[14]

ਉਨ੍ਹੀਵੀਂ ਸਦੀ ਦੀ ਅੰਤਲੀ ਚੌਥਾਈ ਦੌਰਾਨ ਗੌਰਮਿੰਟ ਕਾਲਜ, ਲਾਹੌਰ ਦੇ ਇਕ ਪ੍ਰੋਫੈਸਰ ਮਿਸਟਰ ਜੇ. ਸੀ. ਉਮਾਨ ਨੇ ਦਰਬਾਰ ਸਾਹਿਬ ਦੀ ਯਾਤਰਾ ਕਰਨ ਪਿੱਛੋਂ ਉਥੇ ਅੱਖਾਂ ਅੱਖੀਂ ਦੇਖੀ ਹਾਲਤ ਅੰਕਿਤ ਕੀਤੀ ਹੈ। ਉਹ ਲਿਖਦਾ ਹੈ :

(ੳ) ਦਰਬਾਰ ਸਾਹਿਬ ਵਿਚ ਬ੍ਰਾਹਮਣ, ਹਿੰਦੂ ਸ਼ਾਸਤ੍ਰਾਂ ਵਿਚੋਂ ਕਥਾ ਕਰਕੇ ਸੁਣਾ ਰਹੇ ਸਨ। (ਪੰਨਾ 95)

(ਅ) ਦਰਬਾਰ ਸਾਹਿਬ ਦੀ ਪ੍ਰਕਰਮਾਂ ਦੇ ਆਲੇ ਦੁਆਲੇ ਭੈੜੇ ਆਚਰਨ ਵਾਲੇ ਮਰਦ ਇਸਤਰੀਆਂ ਰਹਿੰਦੇ ਸਨ, ਜਿਹੜੇ ਧਰਮ ਦੀ ਓਟ ਲੈ ਕੇ ਦੁਰਾਚਾਰੀ ਦੇ ਸੌਦੇ ਕਰਦੇ ਸਨ ਤੇ ਗੁਰਦੁਆਰੇ ਦੇ ਪੁਜਾਰੀਆਂ ਵਲੋਂ ਉਨ੍ਹਾਂ ਨੂੰ ਹਰ ਪ੍ਰਕਾਰ ਦਾ ਸਮਰਥਨ ਪ੍ਰਾਪਤ ਸੀ। (ਪੰਨਾ 96)

(ੲ) ਪ੍ਰਕਰਮਾਂ ਦੀ ਉੱਤਰੀ ਬਾਹੀ ਵੱਲ ਦੀ ਲੰਘਦਿਆਂ ਅਸੀਂ ਵੇਖਿਆ ਕਿ ਇਕ ਬ੍ਰਾਹਮਣ ਗਣੇਸ਼ ਤੇ ਕਿਸ਼ਨ ਦੀਆਂ ਛੋਟੀਆਂ ਮੂਰਤੀਆਂ ਦੀ ਪੂਜਾ ਕਰ ਰਿਹਾ ਸੀ ਤੇ ਇਕ ਹੋਰ ਬ੍ਰਾਹਮਣ ਸੂਰਜ ਵੱਲ ਨੂੰ ਮੂੰਹ ਕਰਕੇ ਪੂਜਾ ਵਿਚ ਰੁੱਝਾ ਸੀ। (ਪੰਨਾ 97)

(ਸ) ਪ੍ਰਕਰਮਾਂ ਦੀ ਉਤਰ ਪੂਰਬੀ ਨੁਕਰ ਤੇ, ਸਰੋਵਰ ਦੇ ਕੰਢੇ, ਸ਼ਿਵਾਂ ਦਾ ਇਕ ਮੰਦਰ ਸੀ, ਜਿੱਥੇ ਸ਼ਿਵ-ਲਿੰਗ ਦੀ ਪੂਜਾ ਹੋ ਰਹੀ ਸੀ। ਇਹ ਸ਼ਿਵ-ਲਿੰਗ 4 ਇੰਚ ਉਚਾ ਤੇ ਸੰਗਮਰਮਰ ਦੇ ਖੜ੍ਹੇ ਤੇ ਟਿਕਾਇਆ ਹੋਇਆ ਸੀ। (ਪੰਨਾ 97)

(ਹ) ਦੁੱਖ ਭੰਜਨੀ ਬੇਰੀ ਦੇ ਨੇੜੇ ਇਕ ਈਸਾਈ ਪ੍ਰਚਾਰਕ ਬਾਈਬਲ ਵਿਚੋਂ ਉਦਾਹਰਣ ਦੇ ਦੇ ਕੇ 'ਜੀਵਨ ਦਾ ਉਦੇਸ਼' ਲੰਘ ਰਹੇ ਯਾਤਰੂਆਂ ਨੂੰ ਸਮਝਾ ਰਿਹਾ ਸੀ। (ਪੰਨਾ 98)

(ਕ) ਪ੍ਰਕਰਮਾ ਵਿਚ ਜ਼ਰਾ ਅੱਗੇ ਲੰਘੇ ਤਾਂ ਇਕ ਛੋਟੇ ਜਿਹੇ ਮੰਦਰ ਵਿਚ ਦੇਵੀ ਦੀ ਮੂਰਤੀ ਰੱਖੀ ਹੋਈ ਸੀ ਤੇ ਨਾਲ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਸੀ ।

(ਪੰਨਾ 98)

(ਖ) ਅੱਗੇ ਗਏ ਤਾਂ ਇਕ ਬ੍ਰਾਹਮਣ 'ਸਾਲਗਰਾਮ' ਸਾਹਮਣੇ ਪੂਜਾ ਕਰ ਰਿਹਾ ਸੀ ਤੇ ਉਸ ਦੇ ਹੱਥ ਵਿਚ ਬਦਰੀ-ਨਰਾਇਣ ਦੇ ਮੰਦਰ ਦੀ ਫੋਟੋ ਚੁੱਕੀ ਸੀ । ਇਕ ਹੋਰ ਬ੍ਰਾਹਮਣ ਸਾਲਗਰਾਮ ਨੂੰ ਤੁਲਸੀ ਨਾਲ ਸ਼ਿੰਗਾਰ ਰਿਹਾ ਸੀ । (ਪੰਨਾ 98)[13]

ਉਪਰੋਕਤ ਵਰਣਨ ਤੋਂ ਸਿੱਖ ਧਰਮ ਦੀ ਤਤਕਾਲੀਨ ਸਥਿਤੀ ਦਾ ਸਹਿਜੇ ਹੀ ਬੋਧ ਹੋ ਜਾਂਦਾ ਹੈ । ਸਥਿਤੀ ਦੀ ਗੰਭੀਰਤਾ ਦਾ ਅਨੁਮਾਨ ਇਸ ਗੱਲ ਤੋਂ ਵੀ ਲਾਇਆ ਜਾ ਸਕਦਾ ਹੈ ਕਿ ਵਿਦਵਾਨਾਂ ਨੂੰ ਇਸ ਸਮੇਂ ਸਿੱਖਾਂ ਦੀ ਸਮੁੱਚੀ ਹੋਂਦ ਹੀ ਖਤਰੇ ਵਿਚ ਪਈ ਦਿਖਾਈ ਦਿੰਦੀ ਹੈ ।[14]

ਇਹ ਗੱਲ ਤਾਂ ਨਹੀਂ ਕਿ ਇਸ ਸਮੇਂ ਪੰਥ ਦੇ ਖਾਲਸ ਸਰੂਪ ਦਾ ਕੋਈ ਮੁਦੱਈ ਹੀ ਨਹੀਂ ਸੀ । ਅਜਿਹੇ ਲੋਕ ਵੀ ਹੈ ਸਨ ਜੋ ਪੰਥਕ ਦਸ਼ਾ ਵਿਚ ਸੁਧਾਰ ਕਰਨਾ ਲੋਚਦੇ ਸਨ ਪਰ ਉਹ ਕਿਸੇ ਭਲੇ ਸਮੇਂ ਮੌਕਾ ਮਿਲਣ ਦੀ ਆਸ ਲਾਈ ਬੈਠੇ ਸਨ । ਅਚਾਨਕ ਹੀ ਮਿਸ਼ਨ ਸਕੂਲ, ਅੰਮ੍ਰਿਤਸਰ ਦੇ ਚਾਰ ਸਿੱਖ ਵਿਦਿਆਰਥੀਆਂ ਵਲੋਂ ਈਸਾਈ ਧਰਮ ਗ੍ਰਹਿਣ ਕਰ ਲੈਣ ਦੇ ਐਲਾਨ ਨੇ ਅਜਿਹੇ ਪੰਥ ਹਿਤ ਲੋਕਾਂ ਦੇ ਹਿਰਦੇ ਉਤੇ ਚੋਟ ਲਾਈ । ਉਹ ਆਪਣੇ ਆਪ ਦਿਨ ਫਿਰਨ ਦੀ ਸੋਚ ਅਤੇ ਅਵੇਸਲੇਪਣੇ ਨੂੰ ਤਿਆਗ ਕੇ ਸਿੱਖ-ਸਮੂਹ ਨੂੰ ਗੁਰ ਆਸ਼ੇ ਅਨੁਸਾਰ ਤਿਆਰ-ਬਰ-ਤਿਆਰ ਖਾਲਸੇ ਦੇ ਰੂਪ ਵਿਚ ਲਿਆਉਣ ਲਈ ਯਤਨਸ਼ੀਲ ਹੋ ਗਏ । ਬਾਬਾ ਖੇਮ ਸਿੰਘ ਬੇਦੀ, ਸ੍ਰ. ਠਾਕਰ ਸਿੰਘ ਸੰਧਾਵਾਲੀਆ, ਕੰਵਰ ਬਿਕ੍ਰਮ ਸਿੰਘ ਕਪੂਰਥਲਾ, ਭਾਈ ਗਿਆਨ ਸਿੰਘ, ਭਾਈ ਹਰਸਾ ਸਿੰਘ ਆਦਿ ਇਹਨਾਂ ਵਿਚੋਂ ਮੋਹਰੀ ਸਨ । ਇਹਨਾਂ ਮੁਖੀਆਂ ਦੀ ਇਕ ਇਕੱਤ੍ਰਤਾ 28 ਜੁਲਾਈ, 1873 ਈਸਵੀ ਨੂੰ ਅੰਮ੍ਰਿਤਸਰ ਵਿਖੇ ਮਜੀਠੀਆਂ ਦੇ ਬੁੰਗੇ ਵਿਚ ਹੋਈ ਜਿੱਥੇ 'ਸਿੰਘ ਸਭਾ ਨਾਉਂ ਦੀ ਜਥੇਬੰਦੀ' ਦੀ ਸਥਾਪਨਾ ਦਾ ਨਿਰਣਾ ਲਿਆ ਗਿਆ । ਕੰਵਰ ਬਿਕ੍ਰਮ ਸਿੰਘ ਕਪੂਰਥਲਾ ਦੇ ਸਹਿਯੋਗੀਆਂ ਵਿਚੋਂ ਹੋਣ ਸਦਕਾ ਪ੍ਰੋਫੈਸਰ ਗੁਰਮੁਖ ਸਿੰਘ ਵੀ ਸਿੰਘ ਸਭਾ ਦੇ ਸੇਵਾਦਾਰਾਂ ਵਿਚ ਸ਼ਾਮਲ ਹੋ ਗਏ । ਪਿੱਛੋਂ ਸਿੰਘ ਸਭਾ, ਅੰਮ੍ਰਿਤਸਰ ਦੇ ਮੁਖੀਆਂ ਦੇ ਢਿੱਲੜਪੁਣੇ ਨੂੰ ਦੇਖਦਿਆਂ ਪ੍ਰੋ. ਗੁਰਮੁਖ ਸਿੰਘ ਨੇ 1879 ਈ. ਵਿਚ ਸਿੰਘ ਸਭਾ ਲਾਹੌਰ ਦੀ ਸਥਾਪਨਾ ਕੀਤੀ । ਇਸ ਸਮੇਂ ਤੋਂ ਲੈ ਕੇ 1898 ਈਸਵੀ ਵਿਚ ਆਪਣੇ ਦੇਹਾਂਤ ਸਮੇਂ ਤੱਕ, ਉਹ ਸਿੰਘ ਸਭਾ ਲਹਿਰ ਦੀ ਅਗਵਾਈ ਕਰਦੇ ਰਹੇ । ਉਹਨਾਂ ਦੇ ਜੀਵਨ ਸਮਾਚਾਰ ਅਤੇ ਸਿੰਘ ਸਭਾ ਲਹਿਰ ਦਾ ਇਤਿਹਾਸ ਸਮਾਨੰਤਰ ਚੱਲਦੇ ਹਨ । ਇਹ ਪ੍ਰੋ. ਗੁਰਮੁਖ ਸਿੰਘ ਦੀ ਮਿਹਨਤ ਦਾ ਹੀ ਫਲ ਸੀ ਕਿ ਉਨ੍ਹੀਵੀਂ ਸਦੀ ਦੀ ਪਿਛਲੀ ਚੌਥਾਈ ਦੌਰਾਨ ਸਿੰਘ ਸਭਾ ਲਹਿਰ ਸਿੱਖ ਜਗਤ ਵਿਚ ਧਾਰਮਕ, ਵਿਦਿਅਕ ਅਤੇ ਸਮਾਜਕ ਸੁਧਾਰ ਲਿਆਉਣ ਵਾਲੀ ਇਕ ਸ਼ਕਤੀਸ਼ਾਲੀ ਲਹਿਰ ਸਿੱਧ ਹੋਈ । ਸਿੱਖਾਂ ਵਿਚ ਵਿਦਿਆ ਦੇ ਪਾਸਾਰ ਲਈ ਸ਼ਲਾਘਾਯੋਗ ਉਪਰਾਲੇ ਕਰਨ ਵਾਲੀ ਜੱਥੇਬੰਦੀ ਚੀਫ਼ ਖਾਲਸਾ ਦੀਵਾਨ ਅਤੇ ਗੁਰਦੁਆਰਿਆਂ ਦੇ ਸੁਧਾਰ ਲਈ ਜਦੋ-ਜਹਿਦ ਤੋਂ ਆਰੰਭ ਹੋ ਕੇ ਸੁਤੰਤਰਤਾ ਅੰਦੋਲਨ ਦੀ ਸ਼ਕਤੀਸ਼ਾਲੀ ਰੌਅ ਦੇ ਰੂਪ ਵਿਚ ਪ੍ਰਗਟ ਹੋਣ ਵਾਲੀ ਅਕਾਲੀ ਲਹਿਰ ਦੀਆਂ ਜੜ੍ਹਾਂ ਵੀ ਭਲੇ ਹੀ ਸਿੰਘ ਸਭਾ ਲਹਿਰ ਵਿਚ ਵੇਖੀਆਂ ਜਾ ਸਕਦੀਆਂ ਹਨ ।

ਪਰ ਇਹ ਬੜੇ ਖੇਦ ਦੀ ਗੱਲ ਹੈ ਕਿ ਸਿੱਖ-ਸਮਾਜ ਦੇ ਉੱਥਾਨ ਹਿਤ ਏਡਾ ਮਹੱਤਵ-ਪੂਰਣ ਰੋਲ ਅਦਾ ਕਰਨ ਵਾਲੇ ਇਸ ਨਿਸ਼ਕਾਮ ਸੇਵਕ ਨੂੰ ਉਸ ਦੀ ਮੌਤ ਦੇ ਪਿਛੋਂ ਬੜੀ ਛੇਤੀ ਭੁਲਾ ਦਿੱਤਾ ਗਿਆ। ਇਸ ਮਹਾਨ ਸ਼ਖ਼ਸੀਅਤ ਪ੍ਰਤੀ ਵਿਦਵਾਨਾਂ ਵੱਲੋਂ ਵਿਖਾਈ ਗਈ ਬੇਰੁਖੀ ਬਾਰੇ ਟਿਪਣੀ ਕਰਦਿਆਂ ਡਾ. ਜਗਜੀਤ ਸਿੰਘ ਨੇ ਲਿਖਿਆ ਹੈ :

> "ਸਿੱਖ ਕੌਮ ਜਦ ਕਾਫੀ ਡਿੱਗ ਚੁੱਕੀ ਸੀ ਤਾਂ ਸਤਿਗੁਰੂ ਜੀ ਨੇ ਭਾਈ ਗੁਰਮੁਖ ਸਿੰਘ ਜੀ ਤੇ ਅਪਾਰ ਕ੍ਰਿਪਾ ਕੀਤੀ ਤੇ ਆਪ ਜੀ ਨੂੰ ਮਲਾਹ ਬਣਾ ਸਿੱਖ ਕੌਮ ਦੀ ਡੁਬਦੀ ਬੇੜੀ ਨੂੰ ਘੁਮਣ ਘੇਰਾਂ ਬਚਾਉਣ ਲਈ ਸ੍ਰੀ ਗੁਰੂ ਸਿੰਘ ਸਭਾ ਲਹਿਰ ਦਾ ਚੱਪੂ ਲਾ ਕੇ ਕੇਵਲ ਮਿਟਣ ਤੋਂ ਹੀ ਨਹੀਂ ਬਚਾਇਆ ਸਗੋਂ ਸਦਾਈ ਪ੍ਰਗਟ ਕਰ ਕੇ ਫੇਰ ਦੂਸਰੀਆਂ ਕੌਮਾਂ ਦੇ ਮੁਕਾਬਲੇ ਤੇ ਖੜਾ ਹੋਵਣ ਲਈ ਬਲ ਦਿੱਤਾ। ਭਾਈ ਗੁਰਮੁਖ ਸਿੰਘ ਦਾ ਜੀਵਨ ਹੀ ਸ੍ਰੀ ਗੁਰੂ ਸਿੰਘ ਸਭਾ ਲਹਿਰ ਦਾ ਆਰੰਭਕ ਇਤਿਹਾਸ ਹੈ। ਅੱਜ ਕੱਲ ਦੀ ਗੁਰਮਤ ਅਵਸਥਾ, ਪੰਜਾਬੀ ਦੀ ਉਨਤੀ ਤੇ ਵਿਦਿਆ ਦਾ ਵਾਧਾ ਹੋਵਣ ਦਾ ਆਪ ਜੀ ਦੇ ਸਿਰ ਹੀ ਸਿਹਰਾ ਹੈ। ਸਿੱਖ ਕੌਮ ਅੱਜ ਇਨ੍ਹਾਂ ਸਾਰਿਆਂ ਕੰਮਾਂ ਲਈ ਇਸ ਸੇਵਕ ਦੀ ਰਿਣੀ ਹੈ ਪਰ ਸਿੱਖ ਕੌਮ ਵਿਚ ਸੇਵਕਾਂ ਦੀ ਕਦਰ ਨਾ ਕਰਨ ਦੀ ਵਾਦੀ ਨੇ ਇਸ ਸੇਵਕ ਦਾ ਨਾਉਂ ਤੱਕ ਵੀ ਭੁਲਾ ਛੱਡਿਆ ਹੈ।[15]

ਇਸੇ ਸੰਦਰਭ ਵਿਚ ਭਾਈ ਮਨਸ਼ਾ ਸਿੰਘ ਦੁੱਗੀ ਨੇ ਲਿਖਿਆ ਹੈ :

> "ਪ੍ਰੋ. ਗੁਰਮੁਖ ਸਿੰਘ ਜੀ ਉਸ ਸਮੇਂ ਸਿੱਖ ਪੰਥ ਨੂੰ ਘੂਕ ਸੁੱਤੇ ਨੀਂਦਰ ਤੋਂ ਜਗਾਉਣ ਵਾਲੇ ਮੋਢੀਆਂ ਵਿਚੋਂ ਸਨ। ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਭੀ ਆਪਦੀ ਹਿੰਮਤ ਦਾ ਹੀ ਨਤੀਜਾ ਹੈ। ਸਿੱਖ ਪੰਥ ਦਾ ਇਹ ਅਦੁੱਤੀ ਹੀਰਾ ਸੀ ਤੇ ਇਸਦਾ ਅਮੁਲ ਜੀਵਨ ਹੀ ਸਿੰਘ ਸਭਾ ਲਹਿਰ ਦੇ ਆਰੰਭ ਦਾ ਇਤਿਹਾਸ ਹੈ, ਜੋ ਉਨਤੀ ਲਈ ਹਰ ਇਕ ਸਿੱਖ ਬੱਚੇ ਦੇ ਹਿਰਦੇ ਉਪਰ ਉਕਰਿਆ ਹੋਣਾ ਚਾਹੀਦਾ ਹੈ। ਪਰ ਅਫ਼ਸੋਸ ਕਿ ਅਜੇ ਤੱਕ ਕਿਸੇ ਨੇ ਇਸ ਮਹਾਨ ਪਰਉਪਕਾਰੀ ਗੁਰਸਿੱਖ ਦਾ ਪੂਰਾ ਜੀਵਨ ਚਰਿਤ੍ਰ ਹੀ ਨਹੀਂ ਲਿਖਿਆ।[16]"

ਪੰਜਾਬ-ਇਤਿਹਾਸ ਅਤੇ ਪੰਜਾਬੀ ਸਾਹਿੱਤ ਦੇ ਕੁੱਝ ਖੋਜੀ ਵਿਦਵਾਨਾਂ ਨੇ ਆਪਣੇ ਮੁੱਖ ਵਿਸ਼ੇ ਬਾਰੇ ਗੱਲ ਕਰਦਿਆਂ ਪ੍ਰਸੰਗਵੱਸ ਪ੍ਰੋ. ਗੁਰਮੁੱਖ ਸਿੰਘ ਦੀਆਂ ਜੀਵਨ ਘਟਨਾਵਾਂ ਪ੍ਰਤਿ ਸੰਕੇਤ ਵੀ ਕੀਤੇ ਹਨ। ਪਰ ਇਹਨਾਂ ਵਿਦਵਾਨਾਂ ਨੇ ਅਜਿਹੇ ਤੱਥ ਅਤੇ ਤਿਥੀਆਂ ਦਰਜ ਕਰਦਿਆਂ ਇਨ੍ਹਾਂ ਦੇ ਸਹੀ ਹੋਣ ਬਾਰੇ ਪੜਤਾਲ ਕਰਨ ਵਲੋਂ ਬੇਧਿਆਨੀ ਵਰਤੀ ਹੈ। ਉਦਾਹਰਣ ਵੱਜੋਂ ਡਾ. ਪਰਮਿੰਦਰ ਸਿੰਘ ਨੇ ਭਾਈ ਗੁਰਮੁੱਖ ਸਿੰਘ ਦੁਆਰਾ ਸਿੰਘ ਸਭਾ ਲਾਹੌਰ ਦੀ ਸਥਾਪਨਾ ਦੀ ਮਿਤੀ 12 ਨਵੰਬਰ, 1879 ਈਸਵੀ ਦੱਸੀ ਹੈ[17] ਜਦਕਿ ਠੀਕ ਮਿਤੀ 2 ਨਵੰਬਰ, 1879 ਈਸਵੀ ਹੈ। ਡਾ. ਪਰਮਿੰਦਰ ਸਿੰਘ ਨੇ ਹੀ 11 ਅਪ੍ਰੈਲ, 1883 ਈਸਵੀ ਨੂੰ ਖਾਲਸਾ ਦੀਵਾਨ, ਲਾਹੌਰ[18] ਦੀ ਸਥਾਪਨਾ ਹੋਈ ਦਸੀ ਹੈ ਪਰ ਸਹੀ ਇਹ ਹੈ ਕਿ ਇਸ ਦਿਨ ਖਾਲਸਾ ਦੀਵਾਨ, ਅੰਮ੍ਰਿਤਸਰ ਦੀ ਸਥਾਪਨਾ ਹੋਈ ਸੀ। ਭਾਈ ਗੁਰਮੁੱਖ ਸਿੰਘ ਨੂੰ ਖਾਲਸਾ ਪੰਥ ਵਿਚੋਂ ਛੇਕੇ ਜਾਣ ਦੀ ਘਟਨਾ ਬਾਰੇ ਇਸ ਵਿਦਵਾਨ ਨੇ

ਤਿੰਨ ਮਿਤੀਆਂ 18 ਮਾਰਚ, 1882 ਈਸਵੀ, 18 ਮਾਰਚ, 1887 ਈਸਵੀ, ਅਤੇ 17 ਮਾਰਚ 1889 ਈਸਵੀ ਦਿੱਤੀਆਂ ਹਨ।[19] ਹੋਰ ਤਾਂ ਹੋਰ ਭਾਈ ਸਾਹਿਬ ਦੇ ਕਾਲਵੱਸ ਹੋਣ ਦੀ ਮਿਤੀ ਵੀ ਗਲਤ ਦਰਜ ਕੀਤੀ ਮਿਲਦੀ ਹੈ। ਡਾ. ਗੰਡਾ ਸਿੰਘ[20], ਗਿਆਨੀ ਕਰਤਾਰ ਸਿੰਘ[21] ਅਤੇ ਡਾ. ਪਰਮਿੰਦਰ ਸਿੰਘ[22] ਨੇ ਭਾਈ ਸਾਹਿਬ ਦਾ ਦਿਹਾਂਤ 24 ਨਵੰਬਰ, 1898 ਈਸਵੀ ਨੂੰ ਹੋਣਾ ਲਿਖਿਆ ਹੈ ਪਰ ਅਸਲ ਵਿਚ ਭਾਈ ਸਾਹਿਬ ਨੇ 24 ਸਤੰਬਰ, 1898 ਈਸਵੀ ਨੂੰ ਅਕਾਲ ਚਲਾਣਾ ਕੀਤਾ। ਪ੍ਰਿੰਸੀਪਲ ਤੇਜਾ ਸਿੰਘ[23] ਅਤੇ ਡਾ. ਪਰਮਿੰਦਰ ਸਿੰਘ[24] ਨੇ ਪ੍ਰੋ. ਗੁਰਮੁਖ ਸਿੰਘ ਨੂੰ ਓਰੀਐਂਟਲ ਕਾਲਜ, ਲਾਹੌਰ ਵਿਚ ਪੰਜਾਬੀ ਦੇ ਅਧਿਆਪਨ ਨਾਲ ਸੰਬੰਧਤ ਦੱਸਿਆ ਹੈ ਜਦੋਂ ਕਿ ਸਚਾਈ ਇਹ ਹੈ ਕਿ ਉਹਨਾਂ ਦੀ ਨਿਯੁਕਤੀ ਕਾਲਜ ਦੇ ਹਿੰਦੀ ਵਿਭਾਗ ਵਿਚ ਹੋਈ ਸੀ।

ਇਉਂ ਸਾਡੇ ਵਿਦਵਾਨਾਂ ਦੀ ਬੇਧਿਆਨੀ ਕਾਰਣ ਇਕ ਸਦੀ ਤੋਂ ਵੀ ਘੱਟ ਸਮੇਂ ਅੰਦਰ ਹੀ ਭਾਈ ਗੁਰਮੁਖ ਸਿੰਘ ਦੇ ਜੀਵਨ ਸਮਾਚਾਰ ਵਿਵਾਦ ਦਾ ਵਿਸ਼ਾ ਬਣ ਗਏ ਹਨ। ਅਗਲੇ ਪੰਨਿਆਂ ਵਿਚ ਭਾਈ ਸਾਹਿਬ ਦੇ ਜੀਵਨ ਸਮਾਚਾਰਾਂ ਉੱਤੋਂ ਗਲਤ ਬਿਆਨਿਆਂ ਦੀ ਧੂੜ ਨੂੰ ਹਟਾਕੇ ਉਸ ਨੂੰ ਪ੍ਰਮਾਣਿਕ ਰੂਪ ਵਿਚ ਪ੍ਰਸਤੁਤ-ਕਰਨ ਦਾ ਯਤਨ ਕੀਤਾ ਗਿਆ ਹੈ। ਅਤੇ ਨਾਲ ਹੀ ਉਹਨਾਂ ਵੱਲੋਂ ਪੰਜਾਬੀ ਸਾਹਿਤ ਦੀ ਪ੍ਰਫੁੱਲਤਾ ਲਈ ਕੀਤੇ ਗਏ ਯਤਨਾਂ ਦਾ ਵੇਰਵਾ ਦਿੱਤਾ ਗਿਆ ਹੈ।

## ਹਵਾਲੇ

1. ਏਕ ਗੁਸਾਈ ਅਲਹੁ ਮੇਰਾ,
   ਹਿੰਦੂ ਤੁਰਕ ਦੋਹਾ ਨਬੇਰਾ ॥ ਰਹਾਉ ॥

   ਹਜ ਕਾਬੈ ਜਾਉ ਨ ਤੀਰਥ ਪੂਜਾ ।
   ਏਕੋ ਸੇਵੀ ਅਵਰੁ ਨਾ ਦੂਜਾ ।2।

   ਪੂਜਾ ਕਰਉ ਨਾ ਨਿਵਾਜ ਗੁਜਾਰਉ ।
   ਏਕ ਨਿਰੰਕਾਰ ਲੇ ਰਿਦੈ ਨਮਸਕਾਰਉ ।3।

   ਨਾ ਹਮ ਹਿੰਦੂ ਨਾ ਮੁਸਲਮਾਨ ।
   ਅਲਹ ਰਾਮ ਕੇ ਪਿੰਡੁ ਪਰਾਨ ।4। (ਭੈਰਉ, ਮਹਲਾ 5)
   (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1136)
2. ਡਾ. ਫੌਜਾ ਸਿੰਘ, 'ਸਿੰਘ ਸਭਾ ਲਹਿਰ ਦਾ ਇਤਿਹਾਸਕ ਪਿਛੋਕੜ', ਸਿੰਘ ਸਭਾ ਪਤ੍ਰਿਕਾ, ਜਨਵਰੀ, 1974 ਪੰਨਾ 21
3. ਭਾਈ ਚੋਪਾ ਸਿੰਘ ਦਾ ਕਥਨ ਹੈ : ਖਾਲਸਾ ਹਿੰਦੂ ਮੁਸਲਮਾਨ ਤੇ ਨਿਆਰਾ ਰਹੇ। ਭਾਈ ਦਇਆ ਸਿੰਘ ਲਿਖਦੇ ਹਨ : ਹਿੰਦੂ ਮੁਸਲਮਾਨ ਕੀ ਕਾਣ ਤੇ ਮੇਟੇ।
4. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1245
5. ਉਹੀ, ਪੰਨਾ, 305
6. ਉਹੀ, ਪੰਨਾ, 299
7. ਉਹੀ, ਪੰਨਾ, 628

8. ਸੁਰਿੰਦਰ ਸਿੰਘ ਕੋਹਲੀ (ਡਾ.) ਆਦਿ, ਗੁਰਮਤ ਸਾਹਿਤ 'ਪੰਜਾਬੀ ਸਾਹਿਤ ਦਾ ਇਤਿਹਾਸ', ਭਾਗ ਪਹਿਲਾ, ਭਾਸ਼ਾ ਵਿਭਾਗ, ਪੰਜਾਬ, ਪੰਨਾ, 311.
9. Saint Nihal Singh, 'The Sikh struggle against strangulation'. The Singh Sabha and other Socio-Religious Movements in the Punjab, pp 15-16.
10. 'ਸਾਡੀ ਦਸ਼ਾ', ਗੁਰਦੁਆਰਾ ਗਜ਼ਟ, ਅੰਮ੍ਰਿਤਸਰ, ਅਗਸਤ, 1953, ਪੰਨਾ, 6 ਤੇ ਦੁਬਾਰਾ ਪ੍ਰਕਾਸ਼ਿਤ ਹੋਇਆ।
11. ਬਲਬੀਰ ਸਿੰਘ, ਡਾ. 'ਚਰਨ ਹਰਿ ਵਿਸਥਾਰ' ਭਾਗ ਪਹਿਲਾ, ਪੰਨਾ, 63.
12. ਉਹੀ ਸਥਾਨ
13. 'Indian Life, Religion and Culture', London, 1889.
(ਡਾ. ਪਰਮਿੰਦਰ ਸਿੰਘ ਦੁਆਰਾ 'ਪੰਜਾਬੀ ਸਾਹਿਤ ਦੇ ਮੂਲ ਲੱਛਣ ਤੇ ਪ੍ਰਮੁੱਖ ਪ੍ਰਵਿਰਤੀਆਂ' (1849-1900 ਵਿਚ ਉਧਰਿਤ)
14. (i) Harban Singh, 'The decline had started in the very heyday of Sikh power. The faith was weakened by the influx of large number of those, who had adopted the Sikh form to gain worldly advantages but whose allegience to its principles and traditions was tentative.
(Punjab Past and Present No. VII, April, 1973, pp. 23-24)
(ii) Barrier N. G., 'Beginning in Ranjit Singh period, the erosion of the Sikh ideals and institutions had accelerated to the point that in 1860's the observers felt that Sikhism might disappear'.
('The Sikhs and their literature', Delhi, 1970, Introduction p. XIX)
(iii) The Sikhs religion which has long since reaches its zenith is now visibly on the decline. The Sikhs themselves say that the freethinking sikhs who follow their own whims and fancies instead of the precepts of the Gurus are daily on the increase.
Notes on the religion of the Sikhs and other sects inhibiting in Punjab by Major R. Leach, First Assistant Agent, Govenor General of India, North-West frontier in For s.eret, Dec. 20, 1845.
(Quoted by Barrier, N.G. in "The Sikhs and their Literature, p. XVIII)
15. ਸਿੰਘ ਸਭਾ ਲਹਿਰ, ਪੰਨਾ 65-66.
16. ਜੀਵਨ ਭਾਈ ਸਾਹਿਬ ਭਾਈ ਮੋਹਨ ਸਿੰਘ ਵੈਦ, ਪੰਨਾ 17 ਦਾ ਫੁੱਟ ਨੋਟ।
17. 'ਪੰਜਾਬੀ ਸਾਹਿਤ ਦੇ ਮੂਲ ਲੱਛਣ ਤੇ ਪ੍ਰਮੁੱਖ ਪ੍ਰਵਿਰਤੀਆਂ', ਪੰਨਾ 533.
18. ਉਹੀ, ਪੰਨਾ 534.
19. ਉਹੀ ਪੁਸਤਕ, ਕ੍ਰਮਵਾਰ ਪੰਨਾ 218, 225 ਅਤੇ 475.
20. ਸਿੰਘ ਸਭਾ ਪੱਤ੍ਰਿਕਾ, ਜਨਵਰੀ, 1975, ਪੰਨਾ 42 ਦਾ ਫੁੱਟ ਨੋਟ।
21. 'ਸਿੰਘ ਸਭਾ ਲਹਿਰ ਦਾ ਸੁਨਹਿਰੀ ਤੇ ਮਹਾਨ ਪਰਉਪਕਾਰੀ ਇਤਿਹਾਸ', ਪੰਨਾ 144 ਅਤੇ 145 ਦੇ ਵਿਚਕਾਰ ਪ੍ਰੋ. ਗੁਰਮੁਖ ਸਿੰਘ ਦੀ ਤਸਵੀਰ ਉਤੇ ਲਿਖੀ ਮਿਲੀ।
22. ਉਹੀ ਪੁਸਤਕ, ਪੰਨਾ 536
23. Essays in Sikhism, The Sikh Sabha Movement, 1944 Lahore, p. 132.
24. ਉਹੀ ਪੁਸਤਕ, ਪੰਨਾ 473.

ਅਧਿਆਇ ਪਹਿਲਾ

# ਪ੍ਰੋਫੈਸਰ ਗੁਰਮੁਖ ਸਿੰਘ : ਜੀਵਨ ਅਤੇ ਵਿਅਕਤਿਤਵ

ਉਨ੍ਹੀਵੀਂ ਸਦੀ ਦੀ ਅੰਤਲੀ ਚੌਥਾਈ ਦੌਰਾਨ ਸਿੱਖ ਸਮਾਜ ਦੇ ਧਾਰਮਿਕ ਅਤੇ ਸਭਿਆਚਾਰਕ ਉਥਾਨ ਲਈ ਕ੍ਰਿਆਸ਼ੀਲ ਸਿੰਘ ਸਭਾ ਲਹਿਰ ਦੀ ਜਿੰਦ-ਜਾਨ ਅਤੇ ਪੰਜਾਬੀ ਬੋਲੀ ਅਤੇ ਸਾਹਿੱਤ ਦੀ ਵ੍ਰਿਧੀ ਲਈ ਸੁਚੇਤ ਯਤਨ ਵਾਲੇ ਭਾਈ ਗੁਰਮੁਖ ਸਿੰਘ ਦਾ ਜੀਵਨ-ਕਾਲ ਉਨ੍ਹੀਵੀਂ ਸਦੀ ਦਾ ਉੱਤਰਾਰਧ ਹੈ । ਇਸ ਕਾਲ ਦੀਆਂ ਹੋਰ ਕਈ ਪ੍ਰਮੁੱਖ ਸ਼ਖਸੀਅਤਾਂ ਵਾਂਗ ਭਾਈ ਗੁਰਮੁਖ ਸਿੰਘ ਦੇ ਜੀਵਨ ਸਮਾਚਾਰ ਵੀ ਅਲਪ-ਮਾਤ੍ਰਾ ਵਿਚ ਹੀ ਉਪਲਬਧ ਹਨ ।

**ਜਨਮ ਅਤੇ ਮੁਢਲਾ ਜੀਵਨ**

ਭਾਈ ਗੁਰਮੁਖ ਸਿੰਘ ਦਾ ਜਨਮ 15 ਅਪ੍ਰੈਲ, 1849 ਈਸਵੀ ਨੂੰ ਕਪੂਰਥਲਾ, ਜਿੱਥੇ ਉਸਦਾ ਪਿਤਾ ਸ੍ਰ. ਬਸਾਵਾ ਸਿੰਘ, ਕੰਵਰ ਬਿਕ੍ਰਮ ਸਿੰਘ ਦੇ ਸੇਵਾਦਾਰ ਵੱਜੋਂ ਨਿਯੁਕਤ ਸੀ, ਵਿਖੇ ਹੋਇਆ । ਸ੍ਰ. ਬਸਾਵਾ ਸਿੰਘ, ਰੰਧੜ ਜੱਟ, ਪਿੰਡ ਚੰਧੜ, ਜ਼ਿਲ੍ਹਾ ਗੁਜਰਾਂਵਾਲਾ, ਦਾ ਵਸਨੀਕ ਸੀ ਪਰ ਖੇਤੀਬਾੜੀ ਤੋਂ ਘਰ ਦਾ ਗੁਜ਼ਾਰਾ ਨਾ ਚੱਲਦਾ ਵੇਖਕੇ ਮਹਾਰਾਜਾ ਸ਼ੇਰ ਸਿੰਘ ਦੇ ਲੰਗਰ ਵਿਚ ਭਰਤੀ ਹੋ ਗਿਆ ਸੀ । ਮਹਾਰਾਜਾ ਸ਼ੇਰ ਸਿੰਘ ਨੂੰ ਕਤਲ ਕਰ ਦਿਤੇ ਜਾਣ ਪਿਛੋਂ ਉਹ ਕਪੂਰਥਲੇ ਮਹਾਰਾਜਾ ਨਿਹਾਲ ਸਿੰਘ ਦੀ ਮੁਲਾਜ਼ਮਤ ਵਿਚ ਆ ਗਿਆ । ਇੱਥੇ ਰਹਿੰਦਿਆਂ ਹੀ ਉਸਦਾ ਸੰਪਰਕ ਕੰਵਰ ਬਿਕ੍ਰਮ ਸਿੰਘ ਨਾਲ ਹੋਇਆ ।

ਇਹਨੀ ਦਿਨੀਂ ਕਪੂਰਥਲਾ ਇਕ ਵਿਦਿਅਕ-ਕੇਂਦਰ ਵਜੋਂ ਸਥਾਪਤ ਹੋ ਚੁੱਕਾ ਸੀ । ਉਰਦੂ, ਫਾਰਸੀ, ਸੰਸਕ੍ਰਿਤ, ਹਿੰਦੀ, ਬ੍ਰਿਜ਼ਭਾਸ਼ਾ ਆਦਿ ਭਾਸ਼ਾਵਾਂ ਦੇ ਵਿਦਵਾਨ ਮਹਾਰਾਜਾ ਕਪੂਰਥਲਾ ਦੇ ਦਰਬਾਰ ਦੀ ਸ਼ੋਭਾ ਸਨ । ਕੰਵਰ ਬਿਕ੍ਰਮ ਸਿੰਘ (1835-1887 ਈਸਵੀ) ਦਾ ਪਾਲਣ-ਪੋਸਣ ਵੀ ਅਜਿਹੇ ਧਾਰਮਿਕ, ਵਿਦਿਅਕ ਅਤੇ ਸਾਹਿਤਕ ਮਾਹੌਲ ਵਿਚ ਹੋਣ ਕਾਰਨ ਉਹ ਨਾ ਕੇਵਲ ਆਪ ਹੀ ਇਕ ਚੰਗੇ ਵਿਦਵਾਨ ਅਤੇ ਸਾਹਿਤਕਾਰ ਸਨ ਸਗੋਂ ਵਿਦਵਾਨਾਂ-ਸਾਹਿੱਤਕਾਰਾਂ, ਕਲਾਕਾਰਾਂ ਆਦਿ ਦੇ ਕਦਰਦਾਨ ਵੀ ਸਨ । ਹੱਥ ਦੇ ਸਖੀ ਹੋਣਾ ਅਤੇ ਹਰ ਲੋੜਵੰਦ ਦੀ ਸਹਾਇਤਾ ਲਈ ਤਤਪਰਤਾ ਉਹਨਾਂ ਦੇ ਸੁਭਾ ਦਾ ਇਕ ਹੋਰ ਗੁਣ ਸੀ । ਉਹਨਾਂ ਦਾ ਆਪਣੇ ਸੇਵਾਦਾਰਾਂ ਪ੍ਰਤੀ ਵਤੀਰਾ ਵੀ ਬੜਾ ਨਿੱਘਾ ਅਤੇ ਮਿੱਤਰਾਨਾ ਮੋਹ ਵਾਲਾ ਸੀ । ਭਾਈ ਬਸਾਵਾ ਸਿੰਘ ਦੇ ਮਿੱਠੇ ਸੁਭਾ ਅਤੇ ਕੰਮ ਪ੍ਰਤੀ ਉਸਦੀ ਲਗਨ ਸਦਕਾ ਉਸ ਨਾਲ ਤਾਂ ਉਹਨਾਂ ਨੂੰ ਉਚੇਚਾ ਲਗਾਉ ਸੀ । ਇਸ ਦਾ ਨਤੀਜਾ ਇਹ ਹੋਇਆ ਕਿ ਉਹਨਾਂ ਭਾਈ ਬਸਾਵਾ ਸਿੰਘ ਦੇ ਪੁੱਤਰ ਨੂੰ ਆਪਣੀ ਨਿੱਜੀ ਦੇਖ-ਰੇਖ ਹੇਠ ਸਿੱਖਿਆ ਦੇਣ ਦਾ ਮਨ ਬਣਾ ਲਿਆ ।

ਫਲਸਰੂਪ ਬਾਲਪਨ ਵਿਚ ਗੁਰਮੁਖ ਸਿੰਘ ਨੂੰ ਪਹਿਲਾਂ ਸੰਪਰਦਾਇਕ ਵਿਦਵਾਨਾਂ ਪਾਸੋਂ ਧਾਰਮਿਕ ਅਤੇ ਦਾਰਸ਼ਨਿਕ ਸਿੱਖਿਆ ਦਿਵਾਈ ਗਈ ਅਤੇ ਫਿਰ ਨਵੀਂ ਸਿੱਖਿਆ

ਹਾਸਲ ਕਰਨ ਲਈ ਸਕੂਲ ਵਿਚ ਦਾਖਲ ਕਰਵਾਇਆ ਗਿਆ । ਗੁਰਮੁਖ ਸਿੰਘ ਨੇ ਮੈਟ੍ਰਿਕ ਤੱਕ ਦੀ ਸਿੱਖਿਆ ਕਪੂਰਥਲੇ ਤੋਂ ਹੀ ਪ੍ਰਾਪਤ ਕੀਤੀ ਅਤੇ ਫੇਰ ਕੰਵਰ ਬਿਕ੍ਰਮ ਸਿੰਘ ਦੀ ਇੱਛਾ ਅਨੁਸਾਰ ਉਸਨੂੰ ਉਚੇਰੀ ਪੜ੍ਹਾਈ ਲਈ ਲਾਹੌਰ ਭੇਜਿਆ ਗਿਆ, ਜਿੱਥੇ ਉਸਨੇ ਗੌਰਮਿੰਟ ਕਾਲਿਜ ਤੋਂ ਬੀ. ਏ. ਦੀ ਡਿਗਰੀ ਹਾਸਲ ਕੀਤੀ ।

ਸਿੱਖਿਆ ਪ੍ਰਾਪਤੀ ਉਪਰੰਤ ਗੁਰਮੁਖ ਸਿੰਘ ਨੂੰ ਆਪਣੇ ਭਾਵੀ ਜੀਵਨ ਲਈ ਕੋਈ ਵੀ ਰਾਹ ਚੁਣ ਲੈਣ ਲਈ ਕੰਵਰ ਬਿਕ੍ਰਮ ਸਿੰਘ ਵਲੋਂ ਪੂਰੀ ਪੂਰੀ ਖੁਲ੍ਹ ਸੀ । ਉਹ ਭਾਈ ਗੁਰਮੁਖ ਸਿੰਘ ਨੂੰ ਕਾਨੂੰਨ ਦੀ ਸਿੱਖਿਆ ਦੁਆਉਣ ਲਈ ਤਿਆਰ ਸੀ, ਪਰ ਗੁਰਮੁਖ ਸਿੰਘ ਨੇ ਇਸ ਗੱਲ ਦੀ ਹਾਮੀ ਨਹੀਂ ਭਰੀ । ਇਸ ਤਰ੍ਹਾਂ ਪੰਜਾਬ ਸਿੱਖਿਆ ਵਿਭਾਗ ਦਾ ਇਕ ਉੱਚ ਅਧਿਕਾਰੀ ਮਿਸਟਰ ਸੀ. ਪੀਅਰਸਨ, ਜਿਸਦਾ ਇਕ ਚਿੱਤਰ ਬਣਾ ਕੇ ਭਾਈ ਗੁਰਮੁਖ ਸਿੰਘ ਨੇ ਉਸਨੂੰ ਭੇਟ ਕੀਤਾ ਸੀ ਅਤੇ ਜਿਸਨੂੰ ਵੇਖ ਕੇ ਉਹ ਗੁਰਮੁਖ ਸਿੰਘ ਦੀ ਚਿਤਰਕਾਰੀ ਵਿਚ ਮੁਹਾਰਿਤ ਤੋਂ ਚੋਖਾ ਪ੍ਰਭਾਵਿਤ ਹੋਇਆ ਸੀ, ਨੇ ਗੁਰਮੁਖ ਸਿੰਘ ਨੂੰ ਇੰਜਨੀਅਰਿੰਗ ਦੀ ਸਿੱਖਿਆ ਲੈਣ ਲਈ ਰੁੜਕੀ ਭੇਜਣ ਦੀ ਸਿਫ਼ਾਰਸ਼ ਕੀਤੀ, ਪਰ ਉਸ ਨੇ ਇਸ ਪਾਸੇ ਜਾਣ ਵਿਚ ਵੀ ਕੋਈ ਦਿਲਚਸਪੀ ਨਾ ਪ੍ਰਗਟ ਕੀਤੀ । ਅਸਲ ਵਿਚ ਇਸ ਸਮੇਂ ਤੱਕ ਗੁਰਮੁਖ ਸਿੰਘ, ਮਨ ਹੀ ਮਨ, ਆਪਣੇ ਭਵਿੱਖ ਬਾਰੇ ਫੈਸਲਾ ਕਰ ਚੁਕਾ ਸੀ ਅਤੇ ਇਹ ਫੈਸਲਾ ਸੀ ਸਿੱਖ ਸਮਾਜ ਨੂੰ ਇਸਦੇ ਧਾਰਮਿਕ-ਸਮਾਜਿਕ ਜੀਵਨ ਵਿਚ ਪ੍ਰਚੱਲਤ ਕੁਰੀਤੀਆਂ ਤੋਂ ਪਾਰ ਕਰਨ ਦੇ ਉਸ ਰਾਹੀ ਉਤੇ ਤੁਰਨ ਦਾ, ਜਿਸ ਲਈ ਕੰਵਰ ਬਿਕ੍ਰਮ ਸਿੰਘ ਨੇ ਉਸਦੇ ਜਨਮ ਤੋਂ ਹੀ ਉਸਨੂੰ ਤਿਆਰ ਕਰਨਾ ਸ਼ੁਰੂ ਕੀਤਾ ਹੋਇਆ ਸੀ ।

ਜਿਵੇਂ ਪਹਿਲਾਂ ਲਿਖਿਆ ਜਾ ਚੁੱਕਾ ਹੈ, ਸਿੱਖ ਧਰਮ ਨੂੰ ਅਨਮੱਤੀ ਪ੍ਰਭਾਵਾਂ ਤੋਂ ਮੁਕਤ ਕਰ ਕੇ ਇਸ ਨੂੰ ਖਾਲਸ ਰੂਪ ਵਿਚ ਪਰਚਾਰਨ ਹਿਤ 'ਸਿੰਘ ਸਭਾ ਨਾਉਂ' ਦੀ ਜਥੇਬੰਦੀ ਦੀ ਸਥਾਪਨਾ 1873 ਈਸਵੀ ਵਿਚ ਅੰਮ੍ਰਿਤਸਰ ਵਿਖੇ ਕੀਤੀ ਗਈ ਸੀ ਅਤੇ ਕੰਵਰ ਬਿਕ੍ਰਮ ਸਿੰਘ ਇਸ ਦੇ ਮੁਖੀਆ ਵਿਚੋਂ ਸੀ । ਸਿੰਘ ਸਭਾ ਅੰਮ੍ਰਿਤਸਰ ਦੀਆਂ ਸਮੇਂ ਸਮੇਂ ਹੋਣ ਵਾਲੀਆਂ ਇਕੱਤ੍ਰਤਾਵਾਂ ਵਿਚ ਭਾਈ ਗੁਰਮੁਖ ਸਿੰਘ ਵੀ ਕੰਵਰ ਬਿਕ੍ਰਮ ਸਿੰਘ ਦੇ ਨਾਲ ਜਾਂਦੇ ਰਹਿੰਦੇ ਸਨ, ਜਿਸ ਕਾਰਨ ਉਹ ਸਿੱਖ ਸਮਾਜ ਦੀ ਉਸ ਸਮੇਂ ਦੀ ਸਥਿਤੀ ਤੋਂ ਭਲੀ ਭਾਂਤ ਜਾਣੂ ਸਨ ਅਤੇ ਇਸ ਨੂੰ ਸੁਧਾਰਨ ਲਈ ਮਾਨਸਿਕ ਤੌਰ ਉਤੇ ਤਿਆਰ ਹੋ ਰਹੇ ਸਨ ।

### ਓਰੀਐਂਟਲ ਕਾਲਜ ਵਿਚ ਨੌਕਰੀ

ਬੀ. ਏ. ਪਾਸ ਕਰਨ ਤੋਂ ਕੁਝ ਸਮਾਂ ਪਿੱਛੋਂ ਭਾਈ ਗੁਰਮੁਖ ਸਿੰਘ 1877 ਈਸਵੀ ਵਿਚ ਓਰੀਐਂਟਲ ਕਾਲਜ, ਲਾਹੌਰ ਦੇ ਹਿੰਦੀ ਵਿਭਾਗ ਵਿਚ ਸੈਕਿੰਡ ਟੀਚਰ ਨਿਯੁਕਤ ਹੋ ਗਏ । ਇਸ ਕਾਲਜ ਵਿਚ ਵਿਦਿਆਰਥੀਆਂ ਨੂੰ ਸੰਸਕ੍ਰਿਤ, ਅਰਬੀ ਅਤੇ ਫਾਰਸੀਅਨ ਦੀ ਉਚੇਰੀ ਪੜ੍ਹਾਈ ਕਰਵਾਏ ਜਾਣ ਦੇ ਨਾਲ ਨਾਲ ਉਹਨਾਂ ਨੂੰ ਹਿੰਦੀ ਜਾਂ ਉਰਦੂ ਦੇ ਮਾਧਿਅਮ ਦੁਆਰਾ ਗਣਿਤ ਇਤਿਹਾਸ, ਫ਼ਿਲਾਸਫ਼ੀ ਆਦਿ ਵਿਸ਼ੇ ਵੀ ਪੜ੍ਹਾਏ ਜਾਂਦੇ ਸਨ । ਭਾਈ ਗੁਰਮੁਖ ਸਿੰਘ ਦੀ ਨਿਯੁਕਤੀ ਇਹਨਾ ਵਿਸ਼ਿਆ ਨੂੰ ਹਿੰਦੀ ਵਿਚ ਪੜ੍ਹਾਉਣ ਲਈ ਕੀਤੀ ਗਈ । ਭਾਈ ਗੁਰਮੁਖ ਸਿੰਘ ਓਰੀਐਂਟਲ ਕਾਲਜ ਦੇ ਹਿੰਦੀ ਵਿਭਾਗ ਵਿਚ ਹੀ ਪਦ-ਉੱਨਤੀ ਕਰਦਿਆਂ 1881 ਈਸਵੀ ਵਿਚ ਅਸਿਸਟੈਂਟ ਪ੍ਰੋਫੈਸਰ ਅਤੇ 1887 ਵਿਚ

Alexandra Reader ਵਜੋਂ ਨਿਯੁਕਤ ਹੋਏ। ਉਹਨਾਂ ਦੀ ਅਗਲੀ ਸਾਰੀ ਜ਼ਿੰਦਗੀ ਇਸ ਕਾਲਜ ਵਿਚ ਇਸੇ ਪਦਵੀ ਉੱਤੇ ਸੇਵਾ ਕਰਦਿਆਂ ਬਤੀਤ ਹੋਈ। ਅਸਿਸਟੈਂਟ ਪ੍ਰੋਫੈਸਰ ਬਣਨ ਤੋਂ ਹੀ ਉਹਨਾਂ ਦੇ ਨਾਉਂ ਨਾਲ ਪ੍ਰੋਫੈਸਰ ਸ਼ਬਦ ਲਿਖਿਆ-ਬੋਲਿਆ ਜਾਣ ਲੱਗ ਪਿਆ।

## ਸਿੰਘ ਸਭਾ ਲਹਿਰ ਦਾ ਆਰੰਭ

ਪ੍ਰੋ. ਗੁਰਮੁਖ ਸਿੰਘ ਓਰੀਐਂਟਲ ਕਾਲਿਜ ਲਾਹੌਰ ਵਿਚ ਆਪਣੀ ਡਿਊਟੀ ਭੁਗਤਾਉਣ ਉਪਰੰਤ ਬਾਕੀ ਸਮਾਂ ਸਿੰਘ ਸਭਾ ਦੀਆਂ ਸਰਗਰਮੀਆਂ ਵਿਚ ਲਾਉਂਦੇ। ਲਾਹੌਰ ਤੋਂ ਅੰਮ੍ਰਿਤਸਰ ਬਹੁਤੀ ਦੂਰ ਨਹੀਂ ਸੀ, ਇਸ ਲਈ ਉਹ ਸਿੰਘ ਸਭਾ ਦੀ ਨਿਤਾਪ੍ਰਤੀ ਕਾਰਗੁਜ਼ਾਰੀ ਨਾਲ ਸੰਬੰਧਤ ਰਹੇ। ਪ੍ਰੋ. ਗੁਰਮੁਖ ਸਿੰਘ ਦੇ ਉਪਰਾਲੇ ਸਦਕਾ ਲਾਹੌਰ ਦੀਆਂ ਸਿੱਖ ਸੰਗਤਾਂ ਵੱਲੋਂ ਖਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਸੋਚ ਵਿਚਾਰ ਕੀਤੀ ਜਾਣ ਲੱਗੀ ਅਤੇ ਇਸ ਮਨੋਰਥ ਲਈ ਛੋਹੇ ਜਾਣ ਵਾਲੇ ਕਾਰਜਾਂ ਦੀਆਂ ਯੋਜਨਾਵਾਂ ਉਲੀਕੀਆਂ ਗਈਆਂ। ਲਾਹੌਰ ਦੇ ਸਿੱਖਾਂ ਦੇ ਮਨਾਂ ਵਿਚ ਆਪਣੇ ਧਰਮ ਪ੍ਰਤੀ ਆਈ ਚੇਤਨਾ ਦਾ ਹੀ ਫਲ ਸੀ ਕਿ ਜਦੋਂ ਸੁਆਮੀ ਦਯਾ ਨੰਦ, ਜੋ ਆਪਣੇ ਵਿਆਖਿਆਨਾਂ ਦੁਆਰਾ ਬ੍ਰਾਹਮਣੀ ਰਹੁ-ਰੀਤਾਂ ਅਤੇ ਅਣਗਿਣਤ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਦੀ ਪੂਜਾ ਦਾ ਖੰਡਨ ਕਰ ਕੇ ਇਕ ਨਿਰਾਕਾਰ ਪਰਮਾਤਮਾ ਦੀ ਹੋਂਦ ਵਿਚ ਵਿਸ਼ਵਾਸ ਰੱਖਣ ਦਾ, ਸਿੱਖੀ ਵਿਚਾਰ ਧਾਰਾ ਨਾਲ ਮੇਲ ਖਾਂਦਾ, ਉਪਦੇਸ਼ ਦਿੰਦੇ ਸਨ, ਆਪਣੇ ਰਟਨ ਦੌਰਾਨ 1877 ਈਸਵੀ ਵਿਚ ਲਾਹੌਰ ਪੁੱਜੇ ਤਾਂ ਇਥੋਂ ਦੀਆਂ ਸਿੱਖ-ਸੰਗਤਾਂ ਨੇ ਉਹਨਾਂ ਦਾ ਸ਼ਾਨਦਾਰ ਸੁਆਗਤ ਕੀਤਾ। ਸੁਆਮੀ ਜੀ ਦਾ ਲਾਹੌਰ ਵਿਚ ਪਹਿਲਾ ਭਾਸ਼ਨ ਵੀ ਸਿੱਖ ਸੰਗਤਾਂ ਦੇ ਆਵਾਹਣ ਉੱਤੇ ਗੁਰਦੁਆਰਾ ਡੇਰਾ ਸਾਹਿਬ ਵਿਚ ਕਰਵਾਇਆ ਗਿਆ। ਆਰੀਆ ਸਮਾਜ ਨੂੰ ਪੰਜਾਬ ਵਿਚ ਮਿਲੇ ਭਰਪੂਰ ਹੁੰਗਾਰੇ ਦਾ ਕਾਰਨ ਇਹੋ ਸੀ ਕਿ ਆਰੀਆ ਸਮਾਜ ਦੀ ਵਿਚਾਰ ਧਾਰਾ ਸਿੰਘ ਸਭਾ ਲਹਿਰ ਦੁਆਰਾ ਪਰਚਾਰੇ ਜਾ ਰਹੇ ਸਿੱਖ ਧਰਮ ਦੇ ਆਦਰਸ਼ਾਂ ਨਾਲ ਮੇਲ ਖਾਂਦੀ ਸੀ।[1]

ਪਰ ਦੋਵਾਂ ਵਿਚਾਰ ਧਾਰਾਵਾਂ ਵਿੱਚ ਆਪਸੀ ਸੂਝ ਬੂਝ ਦੀ ਅਜਿਹੀ ਭਾਵਨਾ ਬਹੁਤੀ ਦੇਰ ਬਰਕਰਾਰ ਨਾ ਰਹਿ ਸਕੀ ਕਿਉਂ ਜੁ ਸਵਾਮੀ ਦਯਾ ਨੰਦ ਨੇ ਹੋਰਨਾ ਧਰਮਾਂ ਦੇ ਨਾਲ ਨਾਲ ਸਿੱਖ ਮੱਤ, ਅਤੇ ਸਿੱਖ ਗੁਰੂਆਂ, ਵਿਸ਼ੇਸ਼ ਕਰਕੇ ਗੁਰੂ ਨਾਨਕ ਦੇਵ ਜੀ ਬਾਰੇ ਅਪਮਾਨ ਜਨਕ ਟਿੱਪਣੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ, ਜਿਸ ਕਾਰਨ ਸਿੱਖ-ਧਰਮ-ਅਨੁਆਈਆਂ ਦੇ ਮਨਾਂ ਵਿੱਚ ਇਸ ਨਵੀਂ ਵਿਚਾਰ ਧਾਰਾ ਪ੍ਰਤੀ ਕੁੜੱਤਣ ਪੈਦਾ ਹੋਣ ਲੱਗ ਪਈ। ਈਸਾਈ ਪਾਦਰੀ ਵੀ ਜ਼ੋਰ ਸ਼ੋਰ ਨਾਲ ਈਸਾਈ ਮੱਤ ਦਾ ਪ੍ਰਚਾਰ ਕਰ ਰਹੇ ਸਨ। ਸਿੱਖ ਧਰਮ ਦੇ ਪ੍ਰਚਾਰ ਹਿੱਤ ਕਾਇਮ ਕੀਤੀ ਸਿੰਘ ਸਭਾ, ਅੰਮ੍ਰਿਤਸਰ ਉੱਨੀ ਕ੍ਰਿਆਸ਼ੀਲ ਨਹੀਂ ਸੀ। ਇਸ ਸਭਾ ਦੇ ਬਹੁਤੀ ਸਰਗਰਮ ਨਾ ਹੋਣ ਦਾ ਕਾਰਨ ਇਸ ਦੀ ਬਣਤਰ ਵਿਚਲਾ ਇਹ ਬੁਨਿਆਦੀ ਨੁਕਸ ਸੀ ਕਿ ਇਸ ਦੇ ਸੰਚਾਲਕ ਵਿਭਿੰਨ ਵਿਚਾਰਾਂ ਦੇ ਧਾਰਨੀ ਸਨ। ਸਿੰਘ ਸਭਾ ਅੰਮ੍ਰਿਤਸਰ ਦਾ ਪ੍ਰਧਾਨ ਸ. ਠਾਕਰ ਸਿੰਘ ਸੰਧਾਵਾਲੀਆ ਪੁਰਾਤਨ ਸਿੱਖ ਸਰਦਾਰਾਂ ਵਿਚੋਂ ਸੀ, ਜਿਹੜੇ ਅੰਗਰੇਜ਼ਾਂ ਹੱਥੋਂ ਸਿੱਖ-ਰਾਜ ਨੂੰ ਹੜੱਪ ਕਰ ਜਾਣ ਦੇ ਦੁਖਾਂਤ ਨੂੰ ਅਜੇ ਵੀ ਮਨ ਵਿਚ ਰੱਖੀ ਬੈਠੇ ਸਨ। ਇਹ ਸੋਚ ਹਾਕਮ ਸ਼੍ਰੇਣੀ ਨਾਲ ਕਿਸੇ ਵੀ ਪ੍ਰਕਾਰ ਦਾ ਮੇਲ ਜੋਲ ਨਾ ਰੱਖਣ ਦੀ ਵਕਾਲਤ ਹੀ ਨਹੀਂ ਸੀ ਕਰਦੀ ਸਗੋਂ ਇਸ ਗੱਲ ਲਈ ਯਤਨਸ਼ੀਲ ਸੀ ਕਿ ਕਿਵੇਂ ਨਾ

ਕਿਵੇਂ ਮਹਾਰਾਜਾ ਦਲੀਪ ਸਿੰਘ ਨੂੰ ਬੁਲਾ ਕੇ ਪੰਜਾਬ ਦਾ ਰਾਜ-ਭਾਗ ਉਸ ਨੂੰ ਸੌਂਪਿਆ ਜਾਏ। ਪਰ ਅਸਲੀਅਤ ਇਹ ਸੀ ਕਿ ਪਰੀਵਰਤਿਤ ਰਾਜਸੀ ਪ੍ਰਿਸ਼ਟ-ਭੂਮੀ ਕਾਰਨ ਪੰਥਕ ਉਨਤੀ ਲਈ ਕੀਤਾ ਗਿਆ ਕੋਈ ਵੀ ਯਤਨ ਉਤਨੀ ਦੇਰ ਸਫ਼ਲ ਨਹੀਂ ਸੀ ਹੋ ਸਕਦਾ ਜਿੰਨੀ ਦੇਰ ਨਵੇਂ ਹਾਕਮਾਂ ਨਾਲ ਨੇੜਲਾ ਸੰਪਰਕ ਕਾਇਮ ਕਰ ਕੇ ਅਜਿਹੇ ਯਤਨਾਂ ਲਈ ਉਹਨਾਂ ਦੀ ਹਮਦਰਦੀ ਨਾ ਜਿੱਤ ਲਈ ਜਾਵੇ। ਸਿੰਘ ਸਭਾ ਅੰਮ੍ਰਿਤਸਰ ਦਾ ਹੋਰ ਮੁਖੀ ਬਾਬਾ ਖੇਮ ਸਿੰਘ ਬੇਦੀ ਸਰਕਾਰ ਦਾ ਖ਼ੈਰ-ਖ਼ਵਾਹ ਤਾਂ ਸੀ, ਪਰ ਸਿੱਖ ਧਰਮ ਦੇ ਸੁਧਾਰ ਅਤੇ ਪਰਚਾਰ ਨੂੰ ਕੇਵਲ ਉਥੋਂ ਤੱਕ ਸੀਮਿਤ ਰੱਖਣਾ ਚਾਹੁੰਦਾ ਸੀ, ਜਿਥੋਂ ਤੱਕ ਉਸ ਦੇ ਜਾਤੀ-ਮਫ਼ਾਦ ਨਾ ਪ੍ਰਭਾਵਿਤ ਹੋਣ। ਬਾਬਾ ਖੇਮ ਸਿੰਘ ਬੇਦੀ ਗੁਰੂ ਬੰਸ ਦਾ ਹੋਣ ਕਾਰਨ ਆਪਣੇ ਆਪ ਨੂੰ ਵਿਸ਼ੇਸ਼ ਵਿਅਕਤੀ ਸਮਝਦਾ ਸੀ ਅਤੇ ਸਿੱਖ ਸਮਾਜ ਵਿਚ ਆਪਣੇ ਲਈ ਵਿਸ਼ੇਸ਼ ਰੁਤਬੇ ਦੀ ਆਸ ਰੱਖਦਾ ਸੀ। ਉਹ ਅਜਿਹੇ ਕਿਸੇ ਵੀ ਅਮਲ ਦਾ ਵਿਰੋਧੀ ਸੀ, ਜਿਸ ਨਾਲ ਹਿੰਦੂ ਸਿੱਖਾਂ ਵਿਚ ਫੈਲੀ ਹੋਈ ਉਸ ਦੀ ਸਿੱਖੀ-ਸੇਵਕੀ ਨੂੰ ਧੱਕਾ ਲੱਗੇ। ਕੰਵਰ ਬਿਕ੍ਰਮ ਸਿੰਘ, ਕਪੂਰਥਲਾ ਅਤੇ ਉਨ੍ਹਾਂ ਦੇ ਕੁਝ ਸਾਥੀ ਸਿੱਖ ਧਰਮ ਨੂੰ ਇਸ ਦੇ ਖ਼ਾਲਸ ਰੂਪ ਵਿਚ ਪਰਚਾਰਨਾ ਚਾਹੁੰਦੇ ਸਨ। ਅਜਿਹੀ ਵਿਚਾਰ ਧਾਰਕ ਕਸ਼ਮਕਸ਼ ਦਾ ਸਿੰਘ ਸਭਾ ਦੀ ਕਾਰਜਸ਼ੀਲਤਾ ਉਪਰ ਦੁਰ-ਪ੍ਰਭਾਵ ਪੈਣਾ ਕੁਦਰਤੀ ਸੀ। ਫਲਸਰੂਪ ਕੰਵਰ ਬਿਕਰਮ ਸਿੰਘ, ਭਾਈ ਗੁਰਮੁਖ ਸਿੰਘ ਆਦਿ ਸੱਜਣਾਂ ਨੇ ਸਿੰਘ ਸਭਾ ਅੰਮ੍ਰਿਤਸਰ ਦੀ ਕਾਰਗੁਜ਼ਾਰੀ ਤੋਂ ਨਿਰਾਸ਼ ਹੋ ਕੇ ਲਾਹੌਰ ਵਿਖੇ ਸਿੰਘ ਸਭਾ ਦੀ ਸਥਾਪਨਾ ਹਿਤ ਸ੍ਰੀ ਗੁਰੂ ਰਾਮਦਾਸ ਜੀ ਦੇ ਅਵਤਾਰ-ਦਿਵਸ, ਪਹਿਲੀ ਨਵੰਬਰ, 1879 ਈਸਵੀ ਨੂੰ ਗੁਰਦੁਆਰਾ ਜਨਮ-ਅਸਥਾਨ ਸ੍ਰੀ ਗੁਰੂ ਰਾਮਦਾਸ ਜੀ ਵਿਖੇ ਜੁੜੀ ਸੰਗਤ ਵਿਚ ਵਿਚਾਰ ਕੀਤੀ। ਭਾਈ ਹਰਸਾ ਸਿੰਘ ਨੇ ਆਪਣੇ ਭਾਸ਼ਨ ਦੁਆਰਾ ਲਾਹੌਰ ਵਿਖੇ ਸਿੰਘ ਸਭਾ ਜਲਦ-ਅਜ਼-ਜਲਦ ਕਾਇਮ ਕਰਨ ਦੀ ਪ੍ਰੇਰਨਾ ਕੀਤੀ। ਫਲਸਰੂਪ ਇਕ ਕਮੇਟੀ ਬਣਾਈ ਗਈ, ਜਿਸ ਦੇ ਪ੍ਰਧਾਨ ਦੀਵਾਨ ਬੂਟਾ ਸਿੰਘ ਅਤੇ ਸਕੱਤਰ ਭਾਈ ਗੁਰਮੁਖ ਸਿੰਘ ਥਾਪੇ ਗਏ। ਅਗਲੇ ਹੀ ਦਿਨ ਇਸ ਕਮੇਟੀ ਦੀ ਮੀਟਿੰਗ ਹੋਈ, ਜਿਸ ਵਿਚ ਹੋਰਨਾ ਤੋਂ ਇਲਾਵਾ ਸ. ਠਾਕਰ ਸਿੰਘ ਸੰਧਾਵਾਲੀਆ, ਬਾਬਾ ਖੇਮ ਸਿੰਘ ਬੇਦੀ ਆਦਿ ਸਿਖ-ਮੁੱਖੀ ਵੀ ਪੁੱਜੇ। ਇਸ ਸਮੇਂ ਸਿੰਘ ਸਭਾ, ਲਾਹੌਰ ਦੀ ਸਥਾਪਨਾ ਦਾ ਐਲਾਨ ਕੀਤਾ ਗਿਆ। ਹਰ ਸ਼ੁਕਰਵਾਰ ਨੂੰ ਕਮੇਟੀ ਦੀ ਮੀਟਿੰਗ ਅਤੇ ਹਰ ਐਤਵਾਰ ਨੂੰ ਆਮ ਜਲਸਾ ਕਰਨ ਦਾ ਫੈਸਲਾ ਲਿਆ ਗਿਆ।[15]

ਇਹ ਪ੍ਰੋ. ਗੁਰਮੁਖ ਸਿੰਘ ਦੀ ਪ੍ਰੇਰਨਾ ਦਾ ਹੀ ਫਲ ਸੀ ਕਿ ਸਿੰਘ ਸਭਾ ਲਾਹੌਰ ਨੇ ਆਪਣੇ ਕਰਨ ਲਈ ਦੋ ਸਪਸ਼ਟ ਉਦੇਸ਼ ਨਿਸ਼ਚਿਤ ਕੀਤੇ। ਪਹਿਲਾ ਉਦੇਸ਼ ਸੀ ਧਰਮ ਪ੍ਰਚਾਰ ਜਿਸ ਲਈ ਬਾਣੀ ਪੜ੍ਹਨ-ਪੜ੍ਹਾਉਣ, ਕੀਰਤਨ ਅਤੇ ਸਿਮਰਨ ਕਰਨ, ਬਾਣੀ ਨੂੰ ਛਪਾ ਕੇ ਵੰਡਣ ਆਦਿ ਕਾਰਜਾਂ ਵੱਲ ਧਿਆਨ ਦੇਣਾ ਸੀ ਅਤੇ ਦੂਜਾ ਸੀ ਪੰਜਾਬੀ ਬੋਲੀ ਅਤੇ ਸਾਹਿਤ ਦੀ ਉਪਤੀ ਜਿਸ ਦੀ ਪ੍ਰਾਪਤੀ ਗੁਰਮੁਖੀ ਅੱਖਰਾਂ ਵਿਚ ਅਖ਼ਬਾਰ-ਰਸਾਲੇ ਕੱਢ ਕੇ ਅਤੇ ਗੁਰਮੁਖੀ ਦੀ ਪੜ੍ਹਾਈ ਲਈ ਸਕੂਲ ਸਥਾਪਤ ਕਰ ਕੇ ਕੀਤੀ ਜਾਣੀ ਸੀ।

ਸਿੰਘ ਸਭਾ, ਲਾਹੌਰ ਦੇ ਸਕੱਤਰ ਦੀ ਜ਼ਿੰਮੇਵਾਰੀ ਸੌਂਪੇ ਜਾਣ ਉਤੇ ਪ੍ਰੋ. ਗੁਰਮੁਖ ਸਿੰਘ ਪੂਰੀ ਤਨਦੇਹੀ ਅਤੇ ਸਮਰਪਨ ਭਾਵਨਾ ਨਾਲ ਸਭਾ ਦੇ ਉਦੇਸ਼ਾਂ ਦੀ ਪੂਰਤੀ ਵਿਚ ਜੁਟ ਗਏ। ਉਹਨਾਂ ਨੇ ਮਹੱਤਵ-ਪੂਰਨ ਕਾਰਜ ਇਹ ਕੀਤਾ ਕਿ ਬਹੁਤ ਸਾਰੇ ਸਿੱਖ ਚਿੰਤਕਾਂ ਅਤੇ

ਵਿਦਵਾਨਾਂ ਨੂੰ ਸਿੱਖ-ਧਰਮ ਅਤੇ ਪੰਜਾਬੀ ਸਾਹਿੱਤ ਨਾਲ ਜੋੜਿਆ। ਗਿਆਨੀ ਦਿੱਤ ਸਿੰਘ, ਭਾਈ ਜਵਾਹਰ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਮਿਸਟਰ ਐਮ. ਏ. ਮੈਕਾਲਿਫ ਆਦਿ ਅਜਿਹੇ ਵਿਅਕਤੀਆਂ ਵਿੱਚੋਂ ਪ੍ਰਮੁਖ ਹਨ।

ਭਾਈ ਦਿੱਤ ਸਿੰਘ ਦੀ 1877 ਈਸਵੀ ਵਿਚ ਸਵਾਮੀ ਦਯਾ ਨੰਦ ਨੂੰ ਸ਼ਾਸਤ੍ਰਾਰਥ ਵਿਚ ਹਰਾਉਣ ਦੇ ਸਮੇਂ ਤੋਂ ਹੀ ਇੱਕ ਵਿਦਵਾਨ ਵਜੋਂ ਧਾਕ ਜੰਮ ਗਈ ਸੀ। ਉਸ ਸਮੇਂ ਤੋਂ ਹੀ ਆਰੀਆ ਸਮਾਜੀਆਂ ਨੇ ਭਾਈ ਦਿੱਤ ਸਿੰਘ ਤੇ ਡੋਰੇ ਪਾਉਣੇ ਸ਼ੁਰੂ ਕਰ ਦਿੱਤੇ ਸਨ। ਫਲਸਰੂਪ ਭਾਈ ਦਿੱਤ ਸਿੰਘ ਅਤੇ ਉਹਨਾਂ ਦੇ ਮਿੱਤਰ ਭਾਈ ਜਵਾਹਰ ਸਿੰਘ ਆਰੀਆ ਸਮਾਜ ਵਿਚ ਸ਼ਾਮਲ ਹੋ ਗਏ ਅਤੇ ਥੋੜੇ ਸਮੇਂ ਵਿਚ ਹੀ ਆਪਣੇ ਗੁਣਾਂ ਕਾਰਣ ਇਸਦੇ ਮੁਖੀਆਂ ਵਿਚ ਗਿਣੇ ਜਾਣ ਲੱਗ ਪਏ। ਪ੍ਰੋ. ਗੁਰਮੁਖ ਸਿੰਘ ਇਸ ਸੱਭ ਕੁੱਝ ਨੂੰ ਗੰਭੀਰਤਾ ਨਾਲ ਦੇਖ ਰਹੇ ਸਨ ਅਤੇ ਭਾਈ ਦਿੱਤ ਸਿੰਘ ਅਤੇ ਭਾਈ ਜਵਾਹਰ ਸਿੰਘ ਨੂੰ ਸਮੇਂ ਸਮੇਂ ਮਿਲਕੇ ਸਿੱਖ ਧਰਮ ਦੀ ਉੱਤਮਤਾ ਦ੍ਰਿੜਾਉਂਦੇ ਰਹਿੰਦੇ ਸਨ। ਪ੍ਰੋ. ਗੁਰਮੁਖ ਸਿੰਘ ਦੀ ਪ੍ਰੇਰਨਾ ਸਦਕਾ ਹੀ ਗਿਆਨੀ ਦਿੱਤ ਸਿੰਘ ਨੇ ਪਹਿਲਾਂ ਓਰੀਐਂਟਲ ਕਾਲਜ, ਲਾਹੌਰ ਤੋਂ ਗਿਆਨੀ ਦੀ ਪ੍ਰੀਖਿਆ ਪਾਸ ਕੀਤੀ ਅਤੇ ਫਿਰ ਇਸੇ ਕਾਲਜ ਵਿਚ ਗੁਰਮੁਖੀ ਦੇ ਸੈਕਿੰਡ ਟੀਚਰ ਨਿਯੁਕਤ ਹੋ ਗਏ। ਜਦੋਂ ਪ੍ਰੋ. ਗੁਰਮੁਖ ਸਿੰਘ ਨੇ 1886 ਈਸਵੀ ਵਿਚ 'ਖਾਲਸਾ ਅਖ਼ਬਾਰ' ਪ੍ਰਕਾਸ਼ਿਤ ਕਰਨਾ ਆਰੰਭ ਕੀਤਾ ਤਾਂ ਕੁਝ ਸਮੇਂ ਪਿੱਛੋਂ ਹੀ ਇਸਦੀ ਸੰਪਾਦਕੀ ਜ਼ਿੰਮੇਵਾਰੀ ਗਿਆਨੀ ਦਿੱਤ ਸਿੰਘ ਨੂੰ ਸੌਂਪ ਦਿੱਤੀ। ਭਾਈ ਜਵਾਹਰ ਸਿੰਘ ਅਤੇ ਭਾਈ ਮਈਆ ਸਿੰਘ ਵੀ ਸਿੰਘ ਸਭਾ ਦੇ ਪ੍ਰਚਾਰ ਵਿਚ ਪ੍ਰੋ. ਗੁਰਮੁਖ ਸਿੰਘ ਦੀ ਸੱਜੀ ਬਾਂਹ ਸਾਬਤ ਹੋਏ। ਪ੍ਰੋ. ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ, ਭਾਈ ਜਵਾਹਰ ਸਿੰਘ ਅਤੇ ਭਾਈ ਮਈਆ ਸਿੰਘ ਦੀ ਆਪਸੀ ਅਪਣੱਤ ਅਤੇ ਡੂੰਘੀ ਸਾਂਝ ਕਾਰਣ ਹੀ ਇਹ ਆਪਣੇ ਸਮਕਾਲੀਆਂ ਵਿਚ ਚਾਰ ਯਾਰੀ ਵਜੋਂ ਜਾਣੇ ਜਾਂਦੇ ਸਨ ਅਤੇ ਵਿਰੋਧੀ ਇਹਨਾਂ ਨੂੰ 'ਚੰਡਾਲ ਚੌਕੜੀ' ਕਿਹਾ ਕਰਦੇ ਸਨ।

### ਸ੍ਰੀ ਗੁਰੂ ਸਿੰਘ ਸਭਾ ਜਨਰਲ

ਸਿੱਖ ਧਰਮ ਦੀ ਪ੍ਰਫੁਲਤਾ ਲਈ ਚਿੰਤਿਤ ਕੁਝ ਹਿਤੈਸ਼ੀਆਂ ਨੂੰ ਅੱਡੋ ਅੱਡ ਰਹਿ ਕੇ ਇਕੋ ਮਨੋਰਥ ਦੀ ਪ੍ਰਾਪਤੀ ਲਈ ਕੰਮ ਕਰਦੀਆਂ ਸਿੰਘ ਸਭਾਵਾਂ ਚੰਗੀਆਂ ਨਾ ਲੱਗੀਆਂ। ਉਹਨਾਂ ਨੇ ਦੋਹਾਂ ਸਭਾਵਾਂ ਦੇ ਮੁਖੀਆਂ ਨੂੰ ਆਪਸੀ ਤਾਲ ਮੇਲ ਨਾਲ ਕੰਮ ਕਰਨ ਦੀ ਪ੍ਰੇਰਨਾ ਕੀਤੀ। ਦੋਵਾਂ ਸਭਾਵਾਂ ਦੇ ਇਸ ਮੇਲ-ਮਿਲਾਪ ਲਈ ਭਾਈ ਗੁਰਮੁਖ ਸਿੰਘ ਨੇ ਮੁੱਖ ਰੋਲ ਅਦਾ ਕੀਤਾ। ਫਲਸਰੂਪ ਦੋਵਾਂ ਸਿੰਘ ਸਭਾਵਾਂ ਦੇ ਮੁਖੀਆਂ ਨੇ ਵਿਚਾਰ ਵਟਾਂਦਰੇ ਉਪਰੰਤ 11 ਅਪ੍ਰੈਲ, 1880 ਨੂੰ ਸ੍ਰੀ ਗੁਰੂ ਸਿੰਘ ਸਭਾ, ਜਨਰਲ, ਅੰਮ੍ਰਿਤਸਰ ਦੀ ਸਥਾਪਨਾ ਦਾ ਐਲਾਨ ਕੀਤਾ। ਫੈਸਲਾ ਹੋਇਆ ਕਿ "ਸ੍ਰੀ ਗੁਰੂ ਸਿੰਘ ਸਭਾ ਜਨਰਲ ਉਹ ਸਭਾ ਹੈ ਜਿਸ ਵਿਚ ਸ੍ਰੀ ਗੁਰੂ ਸਿੰਘ ਸਭਾ, ਅੰਮ੍ਰਿਤਸਰ ਅਤੇ ਲਾਹੌਰ ਅਤੇ ਹੋਰਨਾਂ ਜਗ੍ਹਾ ਦੀਆਂ ਸਭਾਵਾਂ ਦੇ ਮੈਂਬਰ ਮੁਕਰਰ ਕੀਤੇ ਹੋਏ ਹੋਵਣ।"[3] ਇਹ ਵੀ ਫੈਸਲਾ ਹੋਇਆ ਕਿ ਇਕ ਕਮੇਟੀ ਸਭਾ ਜਨਰਲ ਦੀ ਕਾਰਵਾਈ ਤੇ ਭੁਗਤਾਉਣ ਵਾਸਤੇ ਬਨਾਈ ਜਾਵੇਗੀ। ਤਿੰਨ ਮਹੀਨਿਆਂ ਦੇ ਪਿੱਛੋਂ ਦੋਨੋਂ ਸਭਾਵਾਂ ਮਿਲਕੇ ਅਥਵਾ ਸਭਾ ਜਨਰਲ ਦੋਹਾਂ ਦੀ ਕਾਰਵਾਈ ਦੀ ਪੜਤਾਲ ਕਰੇ ਤੇ ਤਿੰਨਾਂ ਮਹੀਨਿਆਂ ਲਈ ਅੱਗੇ ਕੰਮ ਸਪੁਰਦ ਕਰੇ। ਕੋਈ ਨਵਾਂ ਕੰਮ ਇਕ ਦੂਜੇ ਦੀ

ਸਲਾਹ ਤੋਂ ਵਗੈਰ ਨਾ ਕੀਤਾ ਜਾਵੇ।[4]

ਜਨਰਲ ਸਿੰਘ ਸਭਾ ਦੇ ਹੇਠ ਲਿਖੇ ਨਿਯਮ ਮਿਥੇ ਗਏ :

1. ਤਮਾਮ ਸਿੱਖ ਭਾਈ ਅਤੇ ਖਾਲਸਾ ਜੀ ਨੂੰ ਸਿੱਖੀ ਧਰਮ ਦੇ ਨਾਲ ਪਿਆਰ ਰੱਖਣਾ।
2. ਇਸ ਸਰੇਸ਼ਟ ਧਰਮ ਦੇ ਨਿਯਮਾਂ ਨੂੰ ਪ੍ਰਗਟ ਕਰਨਾ ਤੇ ਥਾਂ ਪੁਰ ਥਾਂ ਇਸ ਸਰੇਸ਼ਟ ਧਰਮ ਦੀ ਚਰਚਾ ਕਰਨੀ।
3. ਜਿਨ੍ਹਾਂ ਪੋਥੀਆਂ ਕਿਤਾਬਾਂ ਵਿਚ ਇਸ ਧਰਮ ਦੀ ਵਡਿਆਈ ਤੇ ਭਲਿਆਈ ਪਾਈ ਜਾਂਦੀ ਹੈ, ਉਨ੍ਹਾਂ ਨੂੰ ਛਪਵਾ ਕੇ ਪ੍ਰਗਟ ਕਰਨਾ।
4. ਸੰਪਰਦਾਇਕ ਬਾਣੀ ਨੂੰ ਪ੍ਰਗਟ ਕਰਨਾ ਅਤੇ ਉਨ੍ਹਾਂ ਤਾਰੀਖੀ, ਮਜ਼੍ਹਬੀ ਪੋਥੀਆਂ ਨੂੰ ਜਿਹਾ ਕਿ ਜਨਮ ਸਾਖੀਆਂ, ਗੁਰਪ੍ਰਣਾਲੀ ਆਦਿ ਜਿਨ੍ਹਾਂ ਵਿਚ ਕਿਸੇ ਤਰ੍ਹਾਂ ਦਾ ਕੁਝ ਮੇਲਾ ਹੈ, ਉਨ੍ਹਾਂ ਦੇ ਅਸਲੇ ਕਢਾ ਕੇ ਅੱਗਾ ਪਿੱਛਾ ਦੇਖ ਕੇ ਸੁੱਧ ਕਰਨਾ।
5. ਪੰਜਾਬੀ ਜ਼ਬਾਨ ਦੁਆਰਾ ਇਲਮ ਮੁਰਵਜੇ ਦੀ ਉਨਤੀ ਕਰਨੀ ਅਤੇ ਇਸ ਅਭਿਪ੍ਰਾਇ ਨਾਲ ਰਸਾਲੇ ਤੇ ਅਖ਼ਬਾਰਾਂ ਨਿਕਾਲਣੀਆਂ।
6. ਜੋ ਲੋਕ ਸਿੱਖ ਧਰਮ ਦੇ ਵਿਰੋਧੀ ਹਨ, ਅਥਵਾ ਜਿਨ੍ਹਾਂ ਇਸ ਦੇ ਵਿਰੁਧ ਕੁਝ ਕਿਹਾ ਅਥਵਾ ਸੁਣਿਆ ਹੈ ਅਥਵਾ ਜੋ ਸਿੱਖ ਲੋਕ ਤਖ਼ਤਾਂ ਤੋਂ ਖਾਰਜ ਹਨ ਅਥਵਾ ਜਿਹੜੇ ਆਪਣਾ ਧਰਮ ਛੱਡ ਕੇ ਦੂਸਰੇ ਧਰਮ ਜਾਂ ਸਭਾ ਸਮਾਜ ਵਿਚ ਜਾ ਰਹੇ ਹੋਣ, ਅਥਵਾ ਜਿਨ੍ਹਾਂ ਨੇ ਆਪਣੇ ਕੇਸਾਂ ਦੀ ਬੇਅਦਬੀ ਕਰਾਈ ਹੋਵੇ, ਅਥਵਾ ਜੋ ਸਰਕਾਰ ਦੇ ਨਜ਼ਦੀਕ ਮੁਫ਼ਸਦ ਗਿਣੇ ਗਏ ਹੋਣ, ਅਥਵਾ ਮੁਲਕ ਮਿੱਲਤ ਤੇ ਭਲਾਈ ਕੌਮ ਦੇ ਵਿਰੋਧੀ ਹੋਣ, ਸਿੰਘ ਸਭਾ ਦੇ ਮੈਂਬਰ ਨਹੀਂ ਬਣ ਸਕਦੇ, ਮਗਰ ਜਦ ਇਨ੍ਹਾਂ ਵਿਚੋਂ ਕੋਈ ਪਿਛਲੀ ਕੀਤੀ ਤੋਂ ਤਨਖ਼ਾਹ ਲੁਆਵੇ ਅਤੇ ਅਹਲ ਸੱਭ ਦੀ ਰਾਇ ਹੋ ਜਾਵੇ ਤਾਂ ਮਿਲ ਸਕਦੇ ਹਨ।
7. ਵੱਡੇ ਮਰਤਬੇ ਵਾਲੇ ਅੰਗਰੇਜ਼ ਬਹਾਦਰ, ਵਿੱਦਿਆ ਸ਼ਾਖ ਦੇ ਮੈਂਬਰ ਬਣ ਸਕਦੇ ਹਨ। ਹੋਰ ਕੌਮਾਂ ਤੇ ਪੰਥਾਂ ਦੇ ਲੋਕ ਵੀ ਇਸ ਸਭਾ ਦੇ ਮੈਂਬਰ ਬਣ ਸਕਦੇ ਹਨ ਜਦ ਪੱਕੀ ਤਰ੍ਹਾਂ ਮਲੂਮ ਹੋ ਜਾਵੇ ਜੁ ਉਹ ਸਿੱਖੀ ਧਰਮ ਤੇ ਪੰਜਾਬੀ ਜ਼ਬਾਨ ਦੇ ਖ਼ੈਰ-ਖਾਹ ਹਨ।
8. ਕਿਸੀ ਦੂਸਰੇ ਦੇ ਮੱਤ ਦੇ ਵਿਰੁੱਧ ਕਹਿਣਾ ਸੁਣਨਾ, ਅਥਵਾ ਲਿਖਣਾ ਸ੍ਰੀ ਗੁਰੂ ਸਿੰਘ ਸਭਾ ਦਾ ਕੰਮ ਨਹੀਂ।
9. ਸ੍ਰੀ ਗੁਰੂ ਸਿੰਘ ਸਭਾ ਵਿੱਚ ਕੋਈ ਬਾਤ ਸਰਕਾਰ ਦੇ ਤੱਲਕ ਨਹੀਂ ਕੀਤੀ ਜਾਵੇਗੀ।
10. ਖ਼ੈਰਖਾਹੀ ਕੌਮ, ਫਰਮਾਬਰਦਾਰੀ ਸਰਕਾਰੀ, ਸਿੱਖੀ ਧਰਮ ਨਾਲ ਪਿਆਰ, ਅਤੇ ਉਨਤੀ ਕਰਨਾ, ਵਿੱਦਿਅਕ, ਪੰਜਾਬੀ ਜ਼ਬਾਨ ਦੁਆਰਾ ਅਤੇ ਮਸਲੇਹਤ, ਉਸਦੀ ਹਰ ਬਾਤ ਵਿਚ ਲਿਹਾਜ਼ ਕਰਨਾ।[5]

ਦੋਵਾਂ ਸਿੰਘ ਸਭਾਵਾਂ ਨੂੰ ਇਕ ਲੜੀ ਵਿੱਚ ਪ੍ਰੋਏ ਜਾਣ ਉਪਰੰਤ ਪ੍ਰੋ. ਗੁਰਮੁਖ ਸਿੰਘ

ਹੋਰ ਵੀ ਵਧੇਰੇ ਸਰਗਰਮੀ ਨਾਲ ਜਥੇਬੰਧਕ ਕਾਰਜਾਂ ਵਿਚ ਕਾਰਜਸ਼ੀਲ ਹੋ ਗਏ। ਓਰੀਐਂਟਲ ਕਾਲਜ ਵਿਚ ਆਪਣੀ ਡਿਊਟੀ ਦੇਣ ਉਪਰੰਤ ਉਹਨਾਂ ਪਾਸ ਜਿੰਨਾ ਸਮਾਂ ਬਚਦਾ, ਉਹ ਸਿੱਖ ਧਰਮ ਦਾ ਪਰਚਾਰ ਕਰਦਿਆਂ ਬਿਤਾਉਂਦੇ। ਉਹਨਾ ਨੇ ਆਪਣਾ ਆਪ ਪੰਥਕ-ਸੇਵਾ ਲਈ ਅਰਪਣ ਕਰ ਦਿੱਤਾ ਅਤੇ ਥਾਂ ਪੁਰ ਥਾਂ ਘੁੰਮ ਫਿਰਕੇ ਧਰਮ-ਪਰਚਾਰ ਕਰਨ ਲੱਗੇ। ਪਰਚਾਰ ਦੇ ਮਨੋਰਥ ਲਈ ਉਹਨਾ ਨੇ ਅਖ਼ਬਾਰ ਦੀ ਲੋੜ ਅਨੁਭਵ ਕੀਤੀ ਤਾਂ ਸਪਤਾਹਕ ਅਖ਼ਬਾਰ 'ਗੁਰਮੁਖੀ' ਕੱਢਣ ਦਾ ਫੈਸਲਾ ਕੀਤਾ। ਗੁਰਮੁਖੀ ਦਾ ਪਹਿਲਾ ਅੰਕ 10 ਨਵੰਬਰ, 1880 ਈਸਵੀ ਨੂੰ ਪ੍ਰਕਾਸ਼ਿਤ ਹੋਇਆ। ਪ੍ਰੋ. ਗੁਰਮੁਖ ਸਿੰਘ ਦੇ ਉਪਰਾਲੇ ਸਦਕਾ ਓਰੀਐਂਟਲ ਕਾਲਜ ਵਿਚ ਪੰਜਾਬੀ ਦੀ ਪੜ੍ਹਾਈ ਜਾਣ ਲੱਗ ਪਈ ਸੀ, ਇਸ ਲਈ ਉਹ ਪੰਜਾਬੀ ਦੇ ਵਿਦਿਆਰਥੀਆਂ ਦੀਆਂ ਵਿਦਿਅਕ ਲੋੜਾਂ ਪੂਰੀਆਂ ਕਰਨ ਪ੍ਰਤੀ ਆਪਣੀ ਜ਼ਿੰਮੇਵਾਰੀ ਤੋਂ ਵੀ ਸੁਜਗ ਸਨ। ਫਲ ਸਰੂਪ ਉਹਨਾ ਸਿੰਘ ਸਭਾ, ਲਾਹੌਰ ਦੀ ਸਰਪ੍ਰਸਤੀ ਅਧੀਨ ਇਕ ਮਾਸਕ-ਪੱਤਰ 'ਵਿਦਿਆਰਕ', 1881 ਈਸਵੀ ਵਿਚ, ਪ੍ਰਕਾਸ਼ਤ ਕਰਨਾ ਸ਼ੁਰੂ ਕੀਤਾ। ਪੰਜਾਬੀ ਬੋਲੀ ਅਤੇ ਸਾਹਿੱਤ ਦੇ ਵਿਕਾਸ ਪ੍ਰਤੀ ਆਪਣੇ ਯਤਨਾਂ ਨੂੰ ਇਕ ਲਹਿਰ ਦਾ ਰੂਪ ਦੇਣ ਲਈ ਉਹਨਾਂ 1882 ਈਸਵੀ ਵਿਚ ਪੰਜਾਬੀ ਪਰਚਾਰਨੀ ਸਭਾ, ਲਾਹੌਰ ਦੀ ਸਥਾਪਨਾ ਕੀਤੀ ਅਤੇ ਇਸ ਦੇ ਮੁੱਖ-ਸਲਾਹਕਾਰ ਵੱਜੋਂ ਇਸ ਦੀਆਂ ਗਤੀਵਿਧੀਆਂ ਨੂੰ ਸੇਧ ਦੇਣੀ ਸ਼ੁਰੂ ਕੀਤੀ।

### ਖਾਲਸਾ ਦੀਵਾਨ ਦੀ ਸਥਾਪਨਾ

ਭਾਈ ਗੁਰਮੁਖ ਸਿੰਘ ਦੁਆਰਾ ਕੀਤੀ ਮਿਹਨਤ ਦਾ ਫਲ ਇਹ ਹੋਇਆ ਕਿ ਥੋੜੇ ਸਮੇਂ ਅੰਦਰ ਹੀ ਪੰਜਾਬ ਭਰ ਵਿਚ ਛੋਟੇ ਵੱਡੇ ਸ਼ਹਿਰਾਂ ਵਿਚ ਅਨੇਕਾਂ ਸਿੰਘ ਸਭਾਵਾਂ ਕਾਇਮ ਹੋ ਗਈਆਂ ਜੋ ਆਪੋ ਆਪਣੇ ਇਲਾਕੇ ਵਿਚ ਸਿੱਖ ਧਰਮ ਅਤੇ ਪੰਜਾਬੀ ਬੋਲੀ ਦੀ ਉਨੱਤੀ ਲਈ ਕਾਰਜਸ਼ੀਲ ਸਨ।

ਇਸ ਸਮੇਂ ਇਹਨਾਂ ਵਿਭਿੰਨ ਸਿੰਘ ਸਭਾਵਾਂ ਦੁਆਰਾ ਕੀਤੇ ਜਾ ਰਹੇ ਕੰਮ ਵਿਚ ਤਾਲਮੇਲ ਪੈਦਾ ਕਰਕੇ ਇਹਨਾਂ ਨੂੰ ਅਗਵਾਈ ਦੇਣ ਲਈ ਸਿੰਘ ਸਭਾ ਜਨਰਲ ਬਣੀ ਤਾਂ ਹੋਈ ਸੀ ਪਰ ਇਸਨੇ ਸਰਗਰਮੀ ਕੋਈ ਨਾ ਕੀਤੀ। ਫਲਸਰੂਪ ਵਿਭਿੰਨ ਸਿੰਘ ਸਭਾਵਾਂ ਦੁਆਰਾ ਕੀਤੇ ਜਾ ਰਹੇ ਕਾਰਜ ਨੂੰ ਵਧੇਰੇ ਫਲਦਾਇਕ ਬਣਾਉਣ ਲਈ 11 ਅਪ੍ਰੈਲ, 1883 ਈਸਵੀ ਨੂੰ ਇਕ ਨਵੀਂ ਜਥੇਬੰਦੀ ਖਾਲਸਾ ਦੀਵਾਨ, ਅੰਮ੍ਰਿਤਸਰ ਦੀ ਸਥਾਪਨਾ ਕੀਤੀ ਗਈ। ਰਾਜਾ ਬਿਕ੍ਰਮ ਸਿੰਘ ਫ਼ਰੀਦਕੋਟ ਇਸ ਜਥੇਬੰਦੀ ਦਾ ਸਰਪ੍ਰਸਤ, ਬਾਬਾ ਖੇਮ ਸਿੰਘ ਬੇਦੀ ਪ੍ਰਧਾਨ, ਭਾਈ ਮਾਨ ਸਿੰਘ ਮੀਤ-ਪ੍ਰਧਾਨ ਅਤੇ ਭਾਈ ਗਣੇਸ਼ਾ ਸਿੰਘ ਅਤੇ ਪ੍ਰੋ. ਗੁਰਮੁਖ ਸਿੰਘ ਸਕੱਤਰ ਥਾਪੇ ਗਏ। ਖਾਲਸਾ ਦੀਵਾਨ ਦੇ ਨਿਯਮ-ਉਪ ਨਿਯਮ ਤਿਆਰ ਕਰਨ ਦਾ ਕਾਰਜ ਭਾਈ ਪ੍ਰੋ. ਗੁਰਮੁਖ ਸਿੰਘ ਨੇ ਸੌਂਪਿਆ ਗਿਆ।

ਸਮੂਹ ਸਿੰਘ ਸਭਾਵਾਂ ਦੀ ਨਿਰਦੇਸ਼ਨਾਂ ਲਈ ਕੇਂਦਰੀ ਜਥੇਬੰਦੀ ਖ਼ਾਲਸਾ ਦੀਵਾਨ ਬਣ ਤਾਂ ਗਈ ਪਰ ਇਸ ਦੇ ਮੁਖੀਆਂ ਦਰਮਿਆਨ ਵਿਚਾਰਧਾਰਕ ਵਿਰੋਧ ਪਹਿਲਾਂ ਵਾਂਗ ਹੀ ਬਣੇ ਰਹੇ। ਬਹੁਗਿਣਤੀ ਸਿੰਘ ਸਭਾਵਾਂ ਨੂੰ ਸੰਗਠਿਤ ਕਰਨ ਦਾ ਉਪਰਾਲਾ ਸਿੰਘ ਸਭਾ ਲਾਹੌਰ ਅਥਵਾ ਪ੍ਰੋ. ਗੁਰਮੁਖ ਸਿੰਘ ਨੇ ਕੀਤਾ ਸੀ ਪਰ ਸਿੰਘ ਸਭਾਵਾਂ ਨੂੰ ਕੰਟਰੋਲ ਕਰਨ ਲਈ

ਬਣੀ ਜਥੇਬੰਦੀ ਖ਼ਾਲਸਾ ਦੀਵਾਨ ਦੇ ਮੁਖੀਆਂ ਵਿਚ ਸਿੰਘ ਸਭਾ, ਅੰਮ੍ਰਿਤਸਰ ਦੇ ਅਹੁਦੇ-ਦਾਰ ਅੱਗੇ ਆ ਗਏ । ਸਿੰਘ ਸਭਾ ਅੰਮ੍ਰਿਤਸਰ ਵਾਲਾ ਧੜਾ ਜੇਕਰ ਮਿਥੇ ਗਏ ਆਸ਼ਿਆਂ ਅਨੁਸਾਰ ਚੱਲਦਾ ਤਾਂ ਕਿਸੇ ਨੂੰ ਵੀ ਕੋਈ ਉਜ਼ਰ ਨਹੀਂ ਸੀ ਹੋਣਾ, ਪਰ ਅੰਮ੍ਰਿਤਸਰ ਵਾਲੇ ਮੁਖੀ ਜ਼ਾਤੀ-ਮੁਫ਼ਾਦਾਂ ਤੋਂ ਉਪਰ ਨਹੀਂ ਸੀ ਉਠਦੇ । ਖ਼ਾਲਸਾ ਦੀਵਾਨ ਦਾ ਆਸ਼ਾ ਤਮਾਮ ਸਿੱਖਾਂ ਨੂੰ ਤਿਆਰ-ਬਰ-ਤਿਆਰ ਸਿੰਘਾਂ ਦੇ ਰੂਪ ਵਿਚ ਲਿਆ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਕਲਪੇ ਖ਼ਾਲਸਾ-ਪੰਥ ਵਿਚ ਸ਼ਾਮਲ ਕਰਨਾ ਸੀ ਪਰ ਅੰਮ੍ਰਿਤਸਰੀ ਧੜੇ ਦੇ ਆਗੂ ਬਾਬਾ ਖੇਮ ਸਿੰਘ ਬੇਦੀ, ਅਣ-ਅੰਮ੍ਰਿਤਧਾਰੀ ਸਿੱਖਾਂ ਨੂੰ ਇਸੇ ਰੂਪ ਵਿੱਚ ਨਾਲ ਜੋੜੀ ਰੱਖਣਾ ਚਾਹੁੰਦੇ ਸਨ । ਫਲਸਰੂਪ ਖ਼ਾਲਸਾ ਦੀਵਾਨ ਦੀ ਪਹਿਲੀ ਇਕੱਤਰਤਾ ਵਿਚ ਹੀ ਸਿੰਘ ਸਭਾ, ਰਾਵਲਪਿੰਡੀ ਜਿਸ ਵਿਚ ਬਹੁਗਿਣਤੀ ਬਾਬਾ ਖੇਮ ਸਿੰਘ ਬੇਦੀ ਦੇ ਸੇਵਕਾਂ ਦੀ ਸੀ, ਦੇ ਪ੍ਰਤੀਨਿਧ ਨੇ ਸਥਾਨਕ ਪੱਧਰ ਦੀ ਜਥੇਬੰਦੀ ਸਿੰਘ ਸਭਾ ਦੇ ਨਾਉਂ ਅੱਗੇ ਸਿੱਖ ਸ਼ਬਦ ਜੋੜਕੇ ਇਸ ਨੂੰ 'ਸਿੱਖ ਸਿੰਘ ਸਭਾ' ਸਦੇ ਜਾਣ ਦੀ ਤਜਵੀਜ਼ ਪੇਸ਼ ਕਰ ਦਿੱਤੀ । ਖ਼ਾਲਸ ਖ਼ਾਲਸੇ ਦੀ ਸਿਰਜਣਾ ਦੇ ਹਾਮੀ ਲਾਹੌਰ ਸਿੰਘ ਸਭਾ ਦੇ ਪ੍ਰਤੀਨਿਧ ਇਹ ਸੁਝਾਅ ਕਿਵੇਂ ਮੰਨ ਸਕਦੇ ਸਨ ? ਇਸ ਲਈ ਉਹਨਾਂ ਨੇ ਇਸ ਤਜਵੀਜ਼ ਦਾ ਵਿਰੋਧ ਕੀਤਾ ਪਰ ਉਹਨਾਂ ਦੀ ਵਿਰੋਧਤਾ ਨੂੰ ਅਣਡਿੱਠ ਕਰਦਿਆਂ ਅਤੇ ਵਿਭਿੰਨ ਸਿੰਘ ਸਭਾਵਾਂ ਤੋਂ ਆਏ ਪ੍ਰਤੀਨਿੱਧਾਂ ਦੇ ਵਿਚਾਰਨ ਲਈ ਪੇਸ਼ ਕਰਨ ਤੋਂ ਬਿਨਾਂ ਹੀ ਸਰਪ੍ਰਸਤ ਅਤੇ ਪ੍ਰਧਾਨ ਦੀ ਇੱਛਾ ਅਨੁਸਾਰ ਇਹ ਸੁਝਾਉ ਪ੍ਰਵਾਨ ਕਰ ਲਿਆ ਗਿਆ । ਰਾਵਲ ਪਿੰਡੀ, ਸਿਆਲਕੋਟ ਆਦਿ ਦੀਆਂ ਕੁਝ ਸਿੰਘ ਸਭਾਵਾਂ ਨੇ ਆਪਣਾ ਨਵਾਂ ਨਾਮਕਰਨ ਕਰ ਵੀ ਲਿਆ । ਖ਼ਾਲਸਾ ਦੀਵਾਨ ਦੀ ਅਪ੍ਰੈਲ, 1884 ਵਿੱਚ ਹੋਈ ਸਾਲਾਨਾ ਇਕੱਤਰਤਾ ਵਿਚ ਪ੍ਰੋ. ਗੁਰਮੁਖ ਸਿੰਘ ਨੇ ਨਾਮ ਸੰਸ਼ੋਧਨ ਵਾਲਾ ਮਸਲਾ ਉਠਾਇਆ ਅਤੇ ਪ੍ਰਧਾਨ ਜੀ ਨੂੰ ਇਸ ਬਾਰੇ ਸਾਰੀਆਂ ਸਿੰਘ ਸਭਾਵਾਂ ਦੇ ਪ੍ਰਤੀਨਿਧਾਂ ਦੀ ਰਾਇ ਜਾਨਣ ਲਈ ਬੇਨਤੀ ਕੀਤੀ ਪਰ ਪ੍ਰਧਾਨ ਨੇ ਇਸ ਮਾਮਲੇ ਨੂੰ ਟਾਲ ਦੇਣ ਦੀ ਕੋਸ਼ਿਸ਼ ਕੀਤੀ । ਜਦੋਂ ਪ੍ਰੋ. ਗੁਰਮੁਖ ਸਿੰਘ ਦੇ ਨਾਲ ਹੋਰ ਵੀ ਕਈ ਬੁਲਾਰਿਆਂ ਨੇ ਇਸ ਮਾਮਲੇ ਨੂੰ ਵਿਚਾਰ ਹਿਤ ਪੇਸ਼ ਕੀਤੇ ਜਾਣ ਉਤੇ ਇਸਰਾਰ ਕੀਤਾ ਤਾਂ ਪ੍ਰਧਾਨ ਨੇ ਕੋਈ ਵਾਹ ਨਾ ਚਲਦੀ ਵੇਖ ਕੇ ਮੀਟਿੰਗ ਬਰਖ਼ਾਸਤ ਕਰਨ ਦਾ ਐਲਾਨ ਕਰ ਦਿੱਤਾ । ਪ੍ਰੋਫ਼ੈਸਰ ਗੁਰਮੁਖ ਸਿੰਘ ਅਤੇ ਉਹਨਾਂ ਦੇ ਹੋਰ ਸਾਥੀ ਬੜੇ ਲੰਮੇ ਬਹਿਸ ਮੁਬਾਹਸੇ ਬਾਦ ਪ੍ਰਧਾਨ ਨੂੰ ਬਹੁਗਿਣਤੀ ਦੀ ਰਾਇ ਅੱਗੇ ਝੁਕਾਉਣ ਵਿਚ ਕਾਮਯਾਬ ਹੋ ਗਏ । ਫਲਸਰੂਪ ਨਾਮ ਸੰਸ਼ੋਧਨ ਵਾਲਾ ਪ੍ਰਸਤਾਵ ਰੱਦ ਹੋ ਗਿਆ ਅਤੇ ਨਾਮਕਰਨ ਬਾਰੇ ਪਹਿਲਾਂ ਚਲੀ ਆਉਂਦੀ ਰਵਾਇਤ ਜਾਰੀ ਰਹੀ ।

ਅਜੇ ਤੱਕ ਖ਼ਾਲਸਾ ਦੀਵਾਨ ਦਾ ਵਿਧਾਨ ਲਿਖਤੀ ਰੂਪ ਵਿਚ ਪ੍ਰਵਾਨ ਨਹੀਂ ਸੀ ਕੀਤਾ ਗਿਆ । ਪ੍ਰੋ. ਗੁਰਮੁਖ ਸਿੰਘ ਨੇ ਅਕਤੂਬਰ, 1884 ਈਸਵੀ ਵਿੱਚ ਹੋਈ ਖ਼ਾਲਸਾ ਦੀਵਾਨ ਦੀ ਇਕੱਤਰਤਾ ਵਿੱਚ ਖਰੜਾ ਪੇਸ਼ ਕੀਤਾ । ਇਸ ਖਰੜੇ ਅਨੁਸਾਰ ਸਮੂਹ ਸਿੰਘ ਸਭਾਵਾਂ ਦੇ ਪ੍ਰਤੀਨਿਧਾਂ ਨੂੰ ਬਰਾਬਰ ਰੱਖਿਆ ਗਿਆ ਸੀ, ਪਰ ਅੰਮ੍ਰਿਤਸਰੀ ਧੜੇ ਦੇ ਮੁਖੀਆਂ, ਜੋ ਰਾਜੇ-ਰਜਵਾੜੇ ਹੋਣ ਕਰਕੇ ਆਪਣੇ ਆਪ ਨੂੰ ਆਮ ਲੋਕਾਂ ਤੋਂ ਉਪਰ ਅਤੇ ਆਪਣੇ ਆਪ ਨੂੰ ਸਿੱਖ ਸਮਾਜ ਦੇ ਪਦਵੀ ਅਨੁਸਾਰ ਮੁਖੀਏ ਸਮਝਦੇ ਸਨ ਅਤੇ ਨਹੀਂ ਸਨ ਚਾਹੁੰਦੇ ਕਿ ਉਹਨਾਂ ਤੋਂ ਬਿਨਾਂ ਕਿਸੇ ਹੋਰ ਨੂੰ ਸਿੱਖਾਂ ਦੇ ਮੁਖ ਪ੍ਰਤੀਨਿੱਧ

ਦੇ ਰੂਪ ਵਿਚ ਮਾਨਤਾ ਮਿਲੇ, ਨੇ ਇਸ ਪ੍ਰਸਤਾਵਿਤ ਵਿਧਾਨ ਨਾਲ ਸਹਿਮਤੀ ਨਾ ਪ੍ਰਗਟ ਕੀਤੀ। ਇਸ ਕਾਰਨ ਨਵਾਂ ਵਿਧਾਨ ਤਾਂ ਪ੍ਰਵਾਨ ਨਾ ਹੋ ਸਕਿਆ ਪਰ ਲਾਹੌਰ ਧੜੇ ਨੇ ਇੰਨੀ ਗੱਲ ਜ਼ਰੂਰ ਮਨਾ ਲਈ ਕਿ ਇਕ ਦੀ ਥਾਂ ਦੋ ਸਰਪ੍ਰਸਤ ਥਾਪੇ ਜਾਣ ਦੇ ਨਾਲ ਦੋ ਮੀਤ ਸਰਪ੍ਰਸਤ ਵੀ ਥਾਪੇ ਜਾਣ। ਇਉਂ ਲੈਫਟੀਨੈਂਟ ਗਵਰਨਰ ਪੰਜਾਬ ਨੂੰ ਵੀ ਖ਼ਾਲਸਾ ਦੀਵਾਨ ਦਾ ਸਰਪ੍ਰਸਤ ਥਾਪਿਆ ਗਿਆ। ਸਿੰਘ ਸਭਾ ਲਾਹੌਰ ਵਾਲੇ ਆਪਣੇ ਮੁਖੀਆਂ ਵਿਚੋਂ ਕੰਵਰ ਬਿਕ੍ਰਮ ਸਿੰਘ ਕਪੂਰਥਲਾ ਅਤੇ ਸ. ਅਤਰ ਸਿੰਘ ਭਦੌੜ ਨੂੰ ਮੀਤ-ਸਰਪ੍ਰਸਤ ਨਿਯੁਕਤ ਕਰਵਾਉਣ ਵਿਚ ਵੀ ਸਫਲ ਹੋ ਗਏ।

**ਖਾਲਸਾ ਦੀਵਾਨ ਲਾਹੌਰ**

ਪਰ ਇੰਨੇ ਨਾਲ ਵੀ ਦੋਹਾਂ ਧੜਿਆਂ ਵਿਚ ਇਕਸੁਰਤਾ ਨਾ ਬਣ ਸਕੀ, ਕਿਉਂ ਜੁ ਵਿਚਾਰ ਧਾਰਕ ਵਿਖੇਵਾਂ ਜਿਉਂ ਦਾ ਤਿਉਂ ਕਾਇਮ ਸੀ। ਸਿੰਘ ਸਭਾ ਅੰਮ੍ਰਿਤਸਰ ਵਾਲਾ ਧੜਾ ਬ੍ਰਾਹਮਣੀ ਪ੍ਰਭਾਵ ਅਧੀਨ ਜ਼ਾਤ-ਪਾਤ, ਊਚ-ਨੀਚ ਆਦਿ ਵਿਚ ਵਿਸ਼ਵਾਸ ਰੱਖਦਾ ਸੀ ਪਰ ਦੂਜੇ ਪਾਸੇ ਲਾਹੌਰ ਦੀ ਸਿੰਘ ਸਭਾ ਵਾਲੇ ਹਰ ਉਸ ਪ੍ਰਾਣੀ ਨੂੰ, ਜੋ ਅੰਮ੍ਰਿਤ ਛੱਕ ਕੇ ਸਿੰਘ ਰਹਿਤ ਮਰਿਆਦਾ ਨੂੰ ਧਾਰਨ ਕਰ ਲਵੇ, ਖ਼ਾਲਸਾ ਪੰਥ ਦਾ ਸਾਵਾਂ ਅੰਗ ਮੰਨਦੇ ਸਨ। ਇਸ ਤਰ੍ਹਾਂ ਪ੍ਰੋ. ਗੁਰਮੁਖ ਸਿੰਘ ਅਤੇ ਉਨ੍ਹਾਂ ਦੇ ਲਾਹੌਰ ਵਾਲੇ ਸੰਗੀ ਸਿੰਘ ਮੂਰਤੀ-ਪੂਜਾ, ਠਾਕਰ ਪੂਜਾ ਆਦਿ ਬ੍ਰਾਹਮਣੀ ਰਸਮਾਂ, ਜਿਹਨਾਂ ਦਾ ਉਸ ਸਮੇਂ ਸਿੱਖ ਸਮਾਜ ਅਤੇ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਸਮੇਤ ਸਿੱਖ ਗੁਰਦੁਆਰਿਆਂ ਵਿਚ ਪਾਲਨ ਕੀਤਾ ਜਾਂਦਾ ਸੀ ਪਰ ਜਿਹੜੀਆਂ ਸਿੱਖ ਰਹਿਤ ਦੇ ਅਨੁਸਾਰ ਨਹੀਂ ਸਨ, ਦੇ ਤਿਆਗ ਦੀ ਪ੍ਰੇਰਨਾ ਕਰਦੇ ਸਨ। ਅੰਮ੍ਰਿਤਸਰ ਵਾਲੇ ਮੁਖੀ, ਜਿਨ੍ਹਾਂ ਵਿਚ ਦਰਬਾਰ ਸਾਹਿਬ ਦੇ ਪੁਜਾਰੀ ਵੀ ਸ਼ਾਮਲ ਸਨ, ਇਹਨਾਂ ਰਸਮਾਂ ਨੂੰ ਜਾਰੀ ਰੱਖਣ ਦੇ ਹਮਾਇਤੀ ਸਨ। ਅੰਮ੍ਰਿਤਸਰੀ ਧੜੇ ਦੇ ਹੀ ਆਗੂ ਰਾਜਾ ਬਿਕ੍ਰਮ ਸਿੰਘ ਫਰੀਦਕੋਟ ਅਤੇ ਬਾਬਾ ਖੇਮ ਸਿੰਘ ਬੇਦੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠਣ ਸਮੇਂ ਉਚੇਚੇ ਵਿਛਾਉਣੇ ਵਿਛਾ ਕੇ ਅਥਵਾ ਤਕੀਏ ਲਾ ਕੇ ਬਹਿੰਦੇ ਸਨ। ਪ੍ਰੋ. ਗੁਰਮੁਖ ਸਿੰਘ ਅਤੇ ਉਹਨਾਂ ਦੇ ਸਹਿਯੋਗੀ ਅਜਿਹਾ ਕਰਨਾ ਗੁਰਮਤਿ ਦੇ ਅਨੁਕੂਲ ਨਾ ਸਮਝ ਕੇ ਇਸ ਦੀ ਵਿਰੋਧਤਾ ਕਰਦੇ ਸਨ। ਅਜਿਹੇ ਆਪਸੀ ਵਿਰੋਧ ਕਾਰਨ ਖ਼ਾਲਸਾ ਦੀਵਾਨ ਦਾ ਕਾਰਜ ਯੋਗ ਭਾਂਤ ਨਾ ਚੱਲਿਆ। ਖ਼ਾਲਸਾ ਦੀਵਾਨ ਲਈ ਮਿਥੇ ਗਏ ਉਦੇਸ਼ਾਂ ਦੀ ਪ੍ਰਾਪਤੀ ਹਿਤ ਪ੍ਰੋ. ਗੁਰਮੁਖ ਸਿੰਘ ਅਤੇ ਉਹਨਾਂ ਦੇ ਲਾਹੌਰ ਵਾਲੇ ਹੋਰ ਸਹਿਯੋਗੀ ਸਰਗਰਮੀ ਨਾਲ ਕੰਮ ਕਰਨਾ ਲੋਚਦੇ ਸਨ ਪਰ ਸਿਧਾਂਤਕ ਵਿਖੇਵੇਂ ਕਾਰਨ ਅੰਮ੍ਰਿਤਸਰੀ ਧੜਾ ਉਹਨਾਂ ਨੂੰ ਕੁੱਝ ਨਹੀਂ ਸੀ ਕਰਨ ਦਿੰਦਾ। ਨਤੀਜਾ ਇਹ ਹੋਇਆ ਕਿ ਸਿੰਘ ਸਭਾ ਲਾਹੌਰ ਵਾਲਿਆਂ ਨੇ 11 ਅਪ੍ਰੈਲ, 1886 ਈਸਵੀ ਨੂੰ ਨਵੀਂ ਜੱਥੇਬੰਦੀ ਖ਼ਾਲਸਾ ਦੀਵਾਨ, ਲਾਹੌਰ ਦੀ ਸਥਾਪਨਾ ਕਰ ਲਈ। ਮਹਾਰਾਜਾ ਹੀਰਾ ਸਿੰਘ ਨਾਭਾ ਇਸ ਦੇ ਸਰਪ੍ਰਸਤ, ਸ. ਅਤਰ ਸਿੰਘ ਭਦੌੜ ਪ੍ਰਧਾਨ ਅਤੇ ਪ੍ਰੋ. ਗੁਰਮੁਖ ਸਿੰਘ ਸਕੱਤਰ ਨੀਯਤ ਕੀਤੇ ਗਏ। ਲਗਭਗ 30 ਸਿੰਘ ਸਭਾਵਾਂ ਨੇ ਆਪਣੇ ਆਪ ਨੂੰ ਖ਼ਾਲਸਾ ਦੀਵਾਨ ਅੰਮ੍ਰਿਤਸਰ ਨਾਲੋਂ ਅਲਹਿਦਾ ਕਰਕੇ ਖਾਲਸਾ ਦੀਵਾਨ ਲਾਹੌਰ ਨਾਲ ਜੋੜ ਲਿਆ। "ਇਉਂ ਦਿਨਾਂ ਵਿਚ ਹੀ ਸਿੱਖ ਧਰਮ ਦੇ ਸ੍ਰੇਸ਼ਟਤਮ ਤੱਤ ਲਾਹੌਰ ਦੀਵਾਨ ਨਾਲ ਜੁੜ ਗਏ।"[6] ਕੇਵਲ ਅੱਧੀ ਕੁ ਦਰਜਨ ਸਿੰਘ ਸਭਾਵਾਂ ਖਾਲਸਾ ਦੀਵਾਨ ਅੰਮ੍ਰਿਤਸਰ ਨਾਲ ਸਬੰਧਤ ਰਹਿ ਗਈਆਂ।

ਪ੍ਰੋ. ਗੁਰਮੁਖ ਸਿੰਘ ਦੋ-ਚਿੱਤੀ ਤੋਂ ਮੁਕਤ ਹੋ ਕੇ ਖ਼ਾਲਸਾ ਦੀਵਾਨ, ਲਾਹੌਰ ਦੇ ਸੇਵਾਦਾਰ ਵੱਜੋਂ ਸਿੱਖ ਧਰਮ ਦੇ ਪਰਚਾਰ, ਸਿੱਖ-ਇਤਿਹਾਸ ਦੀ ਖੋਜ-ਪੜਤਾਲ ਅਤੇ ਗੁਰਮੁਖੀ ਲਿੱਪੀ, ਪੰਜਾਬੀ ਭਾਸ਼ਾ ਅਤੇ ਪੰਜਾਬੀ ਸਾਹਿੱਤ ਦੀ ਪ੍ਰਫੁਲਤਾ ਹਿੱਤ ਇਕ ਮਨ ਇੱਕ ਚਿੱਤ ਹੋ ਕੇ ਜੁੱਟ ਪਏ ਅਤੇ ਆਪਣੀ ਸਾਰੀ ਸਮਰਥਾ ਨਾਲ ਖ਼ਾਲਸਾ ਦੀਵਾਨ ਲਾਹੌਰ ਦੀਆਂ ਗਤੀ ਵਿਧੀਆਂ ਦਾ ਸੰਚਾਲਨ ਕਰਨਾ ਸ਼ੁਰੂ ਕੀਤਾ। ਸਿੱਖ ਜਗਤ ਨੂੰ ਦਰਪੇਸ਼ ਗੰਭੀਰ ਸਮਸਿਆਵਾਂ ਬਾਰੇ ਵਿਚਾਰ-ਵਟਾਂਦਰੇ ਲਈ ਇਕ ਮਾਸਿਕ-ਪੱਤਰ 'ਸੁਧਾਰਾਰਕ' ਅਰਥਾਤ 'ਧਾਰਮਕ, ਵਿਦਿਅਜਾਇਕ, ਸਮਾਜਕ, ਭਾਈਚਾਰਕ, ਕੌਮੀ ਅਤੇ ਵਿਵਿਹਾਰਕ ਉੱਨਤੀ ਲਈ ਮਾਸਕ ਪੱਤ੍ਰ ਅਪ੍ਰੈਲ, 1886 ਮੁਤਾਬਕ ਮਹੀਨਾ ਵੈਸਾਖ ਸੰਮਤ ਨਾਨਕਸ਼ਾਹੀ 417 ਨੂੰ ਜਾਰੀ ਕੀਤਾ ਗਿਆ। ਪਹਿਲਾਂ ਸ਼ੁਰੂ ਕੀਤਾ ਗੁਰਮੁਖੀ ਅਖਬਾਰ ਸਿੰਘ ਸਭਾ, ਅੰਮ੍ਰਿਤਸਰ ਦੇ ਹੱਥਾਂ ਵਿਚ ਚਲਾ ਗਿਆ ਸੀ, ਇਸ ਲਈ ਧਰਮ-ਪਰਚਾਰ ਅਤੇ ਸਿੰਘ ਸਭਾਵਾਂ ਦੀਆਂ ਕਾਰ-ਗੁਜ਼ਾਰੀਆਂ ਤੋਂ ਸਿੱਖ-ਸੰਗਤਾਂ ਨੂੰ ਜਾਣੂ ਰੱਖਣ ਲਈ 12 ਜੂਨ, 1886 ਈਸਵੀ ਨੂੰ ਇਕ ਨਵਾਂ ਸਪਤਾਹਿਕ 'ਖਾਲਸਾ ਅਖ਼ਬਾਰ' ਜਾਰੀ ਕੀਤਾ ਗਿਆ। ਇਹਨਾਂ ਪੱਤ੍ਰਿਕਾਵਾਂ ਦੀ ਪ੍ਰਕਾਸ਼ਨਾ ਨਿਯਮਬੱਧ ਅਤੇ ਸੁਚੱਜੇ ਰੂਪ ਵਿਚ ਕਰਨ ਲਈ ਆਪਣੇ ਛਾਪੇਖਾਨੇ ਦੀ ਲੋੜ ਮਹਿਸੂਸ ਹੋਈ ਤਾਂ ਪ੍ਰੈਸ ਜਾਰੀ ਕਰਨ ਲਈ 15 ਮੈਂਬਰਾਂ ਦੀ ਇਕ ਕਮੇਟੀ ਬਣਾਈ ਗਈ, ਜਿਸਦੇ ਪ੍ਰਧਾਨ ਸਰ ਅਤਰ ਸਿੰਘ ਭਦੌੜ ਅਤੇ ਸਕੱਤਰ ਭਾਈ ਗੁਰਮੁਖ ਸਿੰਘ ਨੂੰ ਥਾਪਿਆ ਗਿਆ। ਛੇਤੀ ਹੀ ਖ਼ਾਲਸਾ ਪ੍ਰੈਸ ਨੇ ਕੰਮ ਸ਼ੁਰੂ ਕਰ ਦਿੱਤਾ।

### ਸਿੱਖੀ ਵਿਚੋਂ ਖ਼ਾਰਜ

ਖ਼ਾਲਸਾ ਦੀਵਾਨ, ਲਾਹੌਰ ਨੇ ਜਿੰਨੇ ਜ਼ੋਰ ਸ਼ੋਰ ਨਾਲ ਸਿੱਖੀ ਦਾ ਪ੍ਰਚਾਰ ਕਰਨਾ ਸ਼ੁਰੂ ਕੀਤਾ, ਖ਼ਾਲਸਾ ਦੀਵਾਨ ਅੰਮ੍ਰਿਤਸਰ ਦੇ ਮੁਖੀਆਂ ਦੇ ਮਨਾਂ ਵਿਚ ਉਹਨਾਂ ਪ੍ਰਤੀ ਵਿਰੋਧ-ਭਾਵਨਾ ਵੀ ਉਨੀ ਹੀ ਵਧੇਰੇ ਉਪਜਣ ਲੱਗੀ। ਕਾਰਨ ਇਹ ਸੀ ਕਿ ਖ਼ਾਲਸਾ ਦੀਵਾਨ, ਲਾਹੌਰ ਸਿੱਖ-ਸਮਾਜ ਨੂੰ ਗੁਰੂ-ਆਸ਼ੇ ਅਨੁਸਾਰ ਢਾਲਣ ਲਈ ਤਤਪਰ ਸੀ। ਉਹਨਾਂ ਦੀ ਸੋਚ 'ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ, ਭਲਾ ਸੱਭ ਦਾ ਲੋਚਨਾ' ਬੋਲੇ ਅਨੁਸਾਰ ਢਲੀ ਹੋਈ ਸੀ ਅਤੇ ਉਹ ਛੂਤ-ਛਾਤ, ਮੂਰਤੀ ਪੂਜਾ, ਦੇਹਧਾਰੀ-ਗੁਰੂ ਆਦਿ ਦਾ ਖੰਡਨ ਕਰਦੇ ਸਨ। ਉੱਨਾਂ ਦੇ ਇਸ ਪ੍ਰਚਾਰ ਨੂੰ ਬ੍ਰਾਹਮਣੀ ਮੱਤ ਦੇ ਪ੍ਰਭਾਵ ਵਾਲੇ ਸਿੱਖ-ਸਿਧਾਂਤ ਦੇ ਹਾਮੀ ਖਾਲਸਾ ਦੀਵਾਨ ਅੰਮ੍ਰਿਤਸਰ ਦੇ ਮੁੱਖੀ ਬੁਰਾ ਸਮਝਦੇ ਸਨ ਅਤੇ ਇਸ ਨੂੰ ਠੱਲ੍ਹ ਪਾਉਣ ਦੀਆਂ ਯੋਜਨਾਵਾਂ ਸੋਚਦੇ ਸਨ। ਸੁਧਾਰਾਰਕ ਦੇ ਇਸੇ ਸਾਲ ਦੇ ਅੰਕ ਪ੍ਰਕਾਸ਼ਿਤ ਹੋਣ ਨਾਲ ਅੰਮ੍ਰਿਤਸਰੀ ਧੜੇ ਨੂੰ ਅਜਿਹਾ ਮੌਕਾ ਮਿਲ ਗਿਆ। ਸੁਧਾਰਾਕ ਦੇ ਇਸ ਅੰਕ ਵਿਚ ਦਰਬਾਰ ਸਾਹਿਬ, ਅੰਮ੍ਰਿਤਸਰ ਵਿਚ ਹੋ ਰਹੀਆਂ ਕੁਰੀਤੀਆਂ ਅਤੇ ਇਥੇ ਹੋ ਰਹੀ ਮੂਰਤੀ ਪੂਜਾ ਵੱਲ ਸਿੱਖ ਸੰਗਤਾਂ ਦਾ ਧਿਆਨ ਦੁਆ ਕੇ ਦਰਬਾਰ ਸਾਹਿਬ ਦੀ ਰਹੁ-ਰੀਤ ਨੂੰ ਗੁਰ ਮਰਿਯਾਦਾ ਦੇ ਅਨੁਰੂਪ ਸੰਗਠਿਤ ਕਰਨ ਦੀ ਅਪੀਲ ਕੀਤੀ ਗਈ ਸੀ। ਅੰਮ੍ਰਿਤਸਰੀ ਧੜੇ ਨੇ ਇਸ ਨੂੰ ਸਿੱਖੀ ਨੂੰ ਢਾਹ ਲਾਉਣ ਦਾ ਯਤਨ ਗਰਦਾਨ ਕੇ ਇਸ ਵਿਰੁੱਧ ਵਾ-ਵੇਲਾ ਕਰਨਾ ਸ਼ੁਰੂ ਕਰ ਦਿਤਾ। ਜਦੋਂ ਖਾਲਸਾ ਧਰਮ-ਉਪਦੇਸ਼ ਦੌਰਾ ਕਰਦਿਆਂ ਪ੍ਰੋ. ਗੁਰਮੁਖ ਸਿੰਘ ਅਗਸਤ, 1886 ਈਸਵੀ ਵਿਚ ਅੰਮ੍ਰਿਤਸਰ ਪੁੱਜੇ ਤਾਂ ਉਹਨਾਂ ਨੇ ਇਕ ਬੁੰਗੇ ਵਿਚ

ਇਕੱਠੀ ਹੋਈ ਸੰਗਤ ਵਿਚ ਵਿਆਖਿਆਨ ਦਿੱਤਾ । ਸਰੋਤੇ ਪ੍ਰੋ. ਗੁਰਮੁਖ ਸਿੰਘ ਦੇ ਭਾਸ਼ਨ ਤੋਂ ਏਨਾ ਪ੍ਰਭਾਵਤ ਹੋਏ ਕਿ ਉਹਨਾਂ ਨੇ ਪ੍ਰੋ. ਗੁਰਮੁਖ ਸਿੰਘ ਨੂੰ ਅਗਲੇ ਦਿਨ ਮੰਜੀ ਸਾਹਿਬ, ਸ੍ਰੀ ਦਰਬਾਰ ਸਾਹਿਬ ਵਿਖੇ ਸੰਗਤਾਂ ਨੂੰ ਸੰਬੋਧਨ ਕਰਨ ਦੀ ਬੇਨਤੀ ਕੀਤੀ, ਜਿਸ ਨੂੰ ਉਹਨਾਂ ਨੇ ਪ੍ਰਵਾਨ ਕਰ ਲਿਆ । ਇਸ ਗੱਲ ਦੀ ਭਿਣਕ ਸਿੰਘ ਸਭਾ, ਅੰਮ੍ਰਿਤਸਰ ਦੇ ਮੁੱਖੀਆਂ ਅਤੇ ਪੁਜਾਰੀਆਂ ਨੂੰ ਵੀ ਮਿਲ ਗਈ ਅਤੇ ਉਹਨਾਂ ਨੇ ਪ੍ਰੋ. ਗੁਰਮੁਖ ਸਿੰਘ ਨੂੰ ਮੰਜੀ ਸਾਹਿਬ ਵਿਖੇ ਭਾਸ਼ਨ ਦੇਣ ਤੋਂ ਵਰਜਣ ਦੀ ਠਾਣ ਲਈ । ਸੋ ਜਦੋਂ ਅਗਲੇ ਦਿਨ ਪ੍ਰੋ. ਗੁਰਮੁਖ ਸਿੰਘ ਮੰਜੀ ਸਾਹਿਬ ਦੀਵਾਨ ਅਸਥਾਨ ਪੁੱਜੇ ਤਾਂ ਉਥੇ ਪਹਿਲਾਂ ਹੀ ਪੁਲਸ ਹਾਜ਼ਰ ਸੀ, ਜਿਸਨੇ ਉਹਨਾਂ ਨੂੰ ਉਥੇ ਭਾਸ਼ਨ ਕਰਨ ਤੋਂ ਰੋਕ ਦਿੱਤਾ ।

ਇਹ ਵਿਰੋਧ ਐਨਾ ਵਧ ਗਿਆ ਕਿ ਅੰਮ੍ਰਿਤਸਰੀ ਧੜੇ ਨੇ ਪ੍ਰੋ. ਗੁਰਮੁਖ ਸਿੰਘ ਦੇ ਵਿਹਾਰ ਵਿਚ ਨੁਕਸ ਛਾਂਟਣੇ ਸ਼ੁਰੂ ਕਰ ਦਿੱਤੇ ਅਤੇ ਉਹਨਾਂ ਨੂੰ ਹੇਠ ਲਿਖੇ ਦੋਸ਼ਾਂ ਦਾ ਭਾਗੀ ਦੱਸਿਆ ਗਿਆ :

1. ਖ਼ਾਲਸੇ ਦੇ ਇਤਫ਼ਾਕ ਤੇ ਉਨਤੀ ਵਿਚ ਵਿਰੋਧ ਦਾ ਬੀਜ ਬੀਜਣਾ ।
2. ਸ੍ਰੀ ਅੰਮ੍ਰਿਤਸਰ ਜੀ ਦੇ ਖ਼ਾਲਸਾ ਦੀਵਾਨ ਨੂੰ (ਮਸਨੂਈ) ਬਨਾਵਟੀ ਆਖਣਾ ਅਤੇ ਸ੍ਰੀ ਅੰਮ੍ਰਿਤਸਰ ਜੀ ਵਿਚੋਂ ਖਾਲਸਾ ਦੀਵਾਨ (ਜਿੱਥੇ ਕਿ ਕਦੀਮ ਬੁੱਢੇ ਦਲ ਦੇ ਵੇਲਿਓਂ ਦੀਵਾਨ ਜ਼ੋਰੋਂ ਭਰ ਹੁੰਦਾ ਹੈ) ਉਥੋਂ ਉਲਟਾਉਣਾ ਚਾਹੁੰਣਾ ਤੇ ਲਾਹੌਰ ਵਿਚ ਖਾਲਸਾ ਦੀਵਾਨ ਬਣਾਉਣ ਦੀ ਕੋਸ਼ਸ਼ ਕਰਨੀ ।
3. ਸ੍ਰੀਮਾਨ ਬਾਬਾ ਖੇਮ ਸਿੰਘ ਜੀ ਸਾਹਿਬ ਪ੍ਰੈਜ਼ੀਡੈਂਟ ਖਾਲਸਾ ਦੀਵਾਨ ਨੂੰ ਖਾਲਸਾ ਦੀਵਾਨ ਵਿਚ ਤਕੀਆ ਗਦੇਲਾ ਨਾ ਵਿਛਾਉਣ ਵਾਸਤੇ ਬੇਜਾ ਮਤਾ ਕਾਰਵਾਈ ਦਾ ਆਰੰਭ ਕਰ ਦੇਣਾ ।
4. ਭਾਈ ਬਾਲੇ ਨੂੰ ਤੇ ਸੁਮੇਰ ਪਰਬਤ ਨੂੰ ਆਖਣਾ ਕਿ ਇਹ ਕਦੇ ਹੋਏ ਹੀ ਨਹੀਂ ।
5. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਖਯਾਤ ਗੁਰਾਂ ਦੇ ਸਰੂਪ ਨੂੰ ਜੜ੍ਹ-ਪਦਾਰਥ ਮੰਨਣਾ ਤੇ ਜਿੰਨਾ ਚਿਰ ਕੋਈ ਗ੍ਰੰਥ ਸਾਹਿਬ ਦੀ ਵਿਆਖਿਆ ਨਾ ਬੈਠਾ ਹੋਵੇ ਉਨਾ ਚਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣ ਵਿਚ ਦੋਸ਼ ਸਮਝਣਾ ।[7]

ਇਸ ਦੋਸ਼-ਸੂਚੀ ਦੀ ਪੜਤਾਲ ਲਈ ਰਾਜਾ ਬਿਕਰਮ ਸਿੰਘ ਫਰੀਦਕੋਟ, ਬਾਬਾ ਖੇਮ ਸਿੰਘ ਬੇਦੀ, ਆਦਿ ਨੇ ਆਪਣੇ ਵਿਚਾਰਾਂ ਦੇ ਹਾਮੀ ਸਿੰਘਾਂ ਦੀ ਇਕ ਇਕੱਤਰਤਾ 1886 ਈਸਵੀ ਵਿਚ ਫਰੀਦਕੋਟ ਵਿਖੇ ਬੁਲਾਈ । ਪ੍ਰੋ. ਗੁਰਮੁਖ ਸਿੰਘ ਨੂੰ ਇਸ ਸਭਾ ਵਿਚ ਹਾਜ਼ਰ ਹੋ ਕੇ ਆਪਣਾ ਸਪਸ਼ਟੀਕਰਨ ਦੇਣ ਲਈ ਕਿਹਾ ਗਿਆ । ਪ੍ਰੋ. ਗੁਰਮੁਖ ਸਿੰਘ ਜਾਣਦੇ ਸਨ ਕਿ ਇਸ ਇਕੱਠ ਵਿਚ ਖਾਲਸਾ ਦੀਵਾਨ ਅੰਮ੍ਰਿਤਸਰ ਦਾ ਧੜਾ ਭਾਰੂ ਹੋਵੇਗਾ, ਜਿਸਨੇ ਉਸਦੀ ਵਿਚਾਰ-ਧਾਰਾ ਨੂੰ ਖੰਡਨ ਕਰਨਾ ਹੀ ਹੈ । ਇਸ ਲਈ ਉਹ ਫਰੀਦਕੋਟ ਦੀ ਇਕੱਤਰਤਾ ਵਿਚ ਨਾ ਪੁੱਜੇ । ਇਸ ਸਭਾ ਨੇ ਪ੍ਰੋ. ਗੁਰਮੁਖ ਸਿੰਘ ਦੇ ਪਰਚਾਰ ਨੂੰ ਗੁਰਮੱਤ ਵਿਰੋਧੀ ਐਲਾਨ ਕੇ ਉਹਨਾਂ ਦੀਆਂ ਅਜਿਹੀਆਂ ਕਾਰਵਾਈਆਂ ਦੀ ਨਿੰਦਿਆ ਕੀਤੀ ਅਤੇ ਐਲਾਨ ਕੀਤਾ ਕਿ "ਐਸੀਆਂ ਐਸੀਆਂ ਅਨੁਚਿਤ ਕਾਰਵਾਈਆਂ ਕਰਨ ਵਾਲਾ ਪੁਰਸ਼ ਜਦ

ਤੋੜੀ ਆਪਣੀ ਭੁੱਲ ਨਾ ਬਖਸ਼ਾਵੇ, ਤਦ ਤੋੜੀ ਤੁਅੱਲਕਾਤ ਸੀਗੇ ਸਿੰਘ ਸਭਾ ਅਤੇ ਖ਼ਾਲਸਾ ਦੀਵਾਨ ਸੇ ਅਲਹਿਦਾ ਰੱਖਣਾ ਜੋਗ ਹੈ ।[8] " ਇਸ ਮਨਸ਼ੇ ਦੇ ਮਤੇ ਉਤੇ ਰਾਜਾ ਬਿਕਰਮ ਸਿੰਘ ਫਰੀਦਕੋਟ ਅਤੇ ਬਾਬਾ ਖੇਮ ਸਿੰਘ ਬੇਦੀ ਦੇ ਨਾਲ ਬਾਬਾ ਸੁਮੇਰ ਸਿੰਘ, ਬਾਬਾ ਉਦੇ ਸਿੰਘ, ਭਾਈ ਸੰਤ ਸਿੰਘ ਗਿਆਨੀ ਕਪੂਰਥਲਾ ਆਦਿ ਨੇ ਦਸਖਤ **ਕੀਤੇ** । ਪਿੱਛੋਂ ਇਸ ਮਤੇ ਦੀ ਪੁਸ਼ਟੀ ਖਾਲਸਾ ਦੀਵਾਨ, ਅੰਮ੍ਰਿਤਸਰ ਦੀ ਇਕੱਤਰਤਾ ਵਿਚ **ਵੀ ਕੀਤੀ** ਗਈ । ਭਾਈ ਕਾਨ੍ਹ ਸਿੰਘ ਮਜੀਠੀਆ, ਭਾਈ ਸਰਦੂਲ ਸਿੰਘ ਗਿਆਨੀ, ਡਾ. ਚਰਨ ਸਿੰਘ ਅਤੇ ਦਰਬਾਰ ਸਾਹਿਬ ਦੇ ਕਈ ਪੁਜਾਰੀ ਅਤੇ ਗਰੰਥੀ ਵੀ ਇਸ ਨਾਲ ਸਹਿਮਤ **ਹੋ ਗਏ** । ਫਲ ਸਰੂਪ 18 ਮਾਰਚ, 1887 ਨੂੰ ਸ੍ਰੀ ਅਕਾਲ ਤਖਤ ਅਤੇ ਦਰਬਾਰ ਸਾਹਿਬ ਦੇ ਪੁਜਾਰੀਆਂ ਨੇ ਪ੍ਰੋ. ਗੁਰਮੁਖ ਸਿੰਘ ਨੂੰ ਖਾਲਸਾ ਪੰਥ ਵਿਚੋਂ ਛੇਕਣ ਦਾ ਐਲਾਨ ਕਰ ਦਿੱਤਾ । ਇਸ ਮਨੋਰਥ ਲਈ ਜਾਰੀ ਕੀਤਾ ਗਿਆ ਹੁਕਮਨਾਮਾ ਇਉਂ ਸੀ :

ਸ੍ਰੀ ਅਕਾਲ ਸਹਾਏ ੧ਓ ਸਤਿਗੁਰੂ ਪ੍ਰਸਾਦਿ ਅਕਾਲ ਸਹਾਇ

ਤਖ਼ਤ ਅਕਾਲ ਬੁੰਗਾ ਸਾਹਿਬ ਸ੍ਰੀ ਦਰਬਾਰ ਸਾਹਿਬ

ਹਮ ਜੁਮਲੇ ਸਿੰਘਾਨ ਪੁਜਾਰੀਆਨ ਤਖ਼ਤ ਸ੍ਰੀ ਅਕਾਲ ਬੁੰਗਾ ਜੀ ਸਾਹਿਬ ਵਾ, ਸ੍ਰੀ ਦਰਬਾਰ ਸਾਹਿਬ ਜੀ ਵਾ ਬਾਬਾ ਅਟਲ ਰਾਇ ਸਾਹਿਬ ਜੀ ਝੰਡਾ ਬੁੰਗਾ ਸਾਹਿਬ ਜੀ ਨੇ ਮੁਲਾਹਜ਼ੇ ਕਾਰਵਾਈ ਗੁਰਮੁਖ ਸਿੰਘ ਸਕੱਤਰ ਕਾ ਕੀਆ। ਮਲੂਮ ਹੂਆ ਕਿ ਇਸ ਸ਼ਖਸ ਨੇ ਚੰਦ ਜਗਾ ਬਰਖਿਲਾਫ ਗੁਰ-ਇਸ਼ਟ ਕੇ ਤਹਿਰੀਰ ਤਾਲਾ ਤਕਰੀਰ ਕੀਆ ਹੈ ਜਿਸ ਸੇ ਸਾਬਤ ਹੋਤਾ ਹੈ ਕਿ ਉਸ ਕਾ ਏਤਕਾਦ ਸਿਖੀ ਧਰਮ ਸੇ ਬਿਲਕੁਲ ਬਰਖਲਾਫ ਹੈ । ਇਸ ਵਾਸਤੇ ਹਮ ਤਮਾਮ ਪੁਜਾਰੀਆਨ ਵਾ ਗ੍ਰੰਥੀਆਨ ਵਾ ਨੰਬਰਦਾਰਾਨ, ਸ੍ਰੀ ਗੁਰਦੁਵਾਰੇ ਹਾਇ ਮਮਦੂਹ ਤਹਿਰੀਰ ਕਰਦੇ ਹੈ ਕਿ ਗੁਰਮੁਖ ਸਿੰਘ ਮਜ਼ਕੂਰ ਪੰਥ ਖਾਲਸਾ ਸੇ ਅਲਹਿਦਾ ਕੀਆ ਗਿਆ ਹੈ । ਗੁਰਦੁਵਾਰੇ ਹਾਇ ਮੌਸੂਫ ਮੇ ਉਸਕੀ ਅਰਦਾਸ ਨਾ ਹੋ ਗੀ ਵਾ ਬਰਤਾਉ ਨਾ ਹੋਗਾ । ਤਮਾਮ ਸਿੰਘਾਨ ਕੋ ਵਾਜ਼ਿਆ ਰਹੇ ਕਿ ਕੋਈ ਸ਼ਖਸ ਉਸ ਕਾ ਪੈਰੋਕਾਰ ਨਾ ਹੋ । ਜੋ ਸ਼ਖਸ ਉਸ ਕੀ ਪੈਰਵੀ ਕਰੇਗਾ ਵੁਹ ਭੀ ਬੇ-ਮੁਖ ਔਰ ਲਾਇਕ ਤਨਖ਼ਾਹ ਪੰਥ ਕੇ ਸਮਝਾ ਜਾਇਗਾ ਔਰ ਵੈਸੇ ਹੀ ਸਲੂਕ ਉਸ ਕੇ ਸਾਥ ਭੀ ਕੀਆ ਜਾਵੇਗਾ । ਫਕਤ, ਬਤਾਰੀਖ਼ ਸਤਵੀਂ, ਮਾਹ ਚੇਤ, ਸੰਮਤ 418 ਗੁਰੂ ਨਾਨਕ ਸ਼ਾਹੀ ਮੁਤਾਬਿਕ 18 ਮਾਰਚ ਸੰਨ 1887 ਈਸਵੀ ।

ਦਰਤਖ਼ਤ ਹਾਜ਼ਰੀਨ ਸਿੰਘਾਨ ਉਹਦੇਦਰਾਨ
ਵਾ ਗ੍ਰੰਥੀਆਨ ਵਾ ਪੁਜਾਰੀਆਨ ।

ਸਿੰਘ ਸਭਾ, ਅੰਮ੍ਰਿਤਸਰ ਦੇ ਮੁੱਖੀ ਇਸ ਪੱਧਰ ਦੀ ਕਾਰਵਾਈ ਉੱਤੇ ਉਤਰ ਆਉਣਗੇ ਇਹ ਸੋਚਿਆ ਵੀ ਨਹੀਂ ਸੀ ਜਾ ਸਕਦਾ । ਪਰ ਉਹ ਤਾਂ ਪ੍ਰੋ. ਗੁਰਮੁਖ ਸਿੰਘ ਦੇ ਪਰਚਾਰ ਤੋਂ ਏਨੇ ਚਿੜ੍ਹੇ ਹੋਏ ਸਨ ਕਿ ਉਹਨਾ ਨੂੰ ਜਾਨੋਂ ਮਾਰ ਮੁਕਾਉਣ ਲਈ ਵੀ ਸਾਜ਼ਸ਼ਾਂ ਬਣਾਉਣ ਲੱਗੇ ।[8a] ਪ੍ਰੋ. ਗੁਰਮੁਖ ਸਿੰਘ ਦੇ ਸਰਪ੍ਰਸਤ ਅਤੇ ਪਥ-ਪਰਦਰਸ਼ਕ ਕੰਵਰ ਬਿਕ੍ਰਮ ਸਿੰਘ ਕਪੂਰਥਲਾ ਦਾ ਦੇਹਾਂਤ ਹੋ ਚੁੱਕਾ ਸੀ । ਸੋ ਹੁਣ ਪ੍ਰੋ. ਗੁਰਮੁਖ ਸਿੰਘ ਨੇ ਆਪਣੇ ਆਪ ਨੂੰ

ਇਕੱਲਿਆਂ ਸਮਝਦਿਆਂ ਵਿਰੋਧੀਆਂ ਦੇ ਗੁੱਸੇ ਤੋਂ ਬਚਣ ਲਈ ਇਕਲਵਾਂਜੇ ਹੋ ਕੇ ਭਲੇ ਦਿਨਾਂ ਦੀ ਉਡੀਕ ਕਰਨੀ ਹੀ ਬੇਹਤਰ ਸਮਝੀ। ਉਹ ਲਾਹੌਰ ਛੱਡ ਕੇ ਜਲੰਧਰ ਆ ਗਏ, ਜਿਥੇ ਕੰਵਰ ਬਿਕ੍ਰਮ ਸਿੰਘ ਦੀ ਇਸਟੇਟ ਉਹਨਾਂ ਦੀ ਇੱਕ ਸੁਰੱਖਿਅਤ ਠਾਹਰ ਸੀ।

## ਸਿੱਖ ਜਗਤ ਵੱਲੋਂ ਉਤਸ਼ਾਹ

ਪਰ ਛੇਤੀ ਹੀ ਸਪਸ਼ਟ ਹੋ ਗਿਆ ਕਿ ਗੁਰਮਰਿਆਦਾ ਨੂੰ ਸਨਾਤਨੀ ਪ੍ਰਭਾਵ ਹੇਠ ਬ੍ਰਾਹਮਣੀ ਰਸਮਾਂ ਰੀਤਾਂ ਨਾਲ ਰਲ-ਗੱਡ ਕਰਨ ਤੋਂ ਬਚਾਉਣ ਲਈ ਆਰੰਭ ਹੋ ਚੁੱਕੀ ਜਦੋਜਹਿਦ ਵਿੱਚ ਪ੍ਰੋ. ਗੁਰਮੁੱਖ ਸਿੰਘ ਇਕੱਲੇ ਨਹੀਂ ਸਨ। ਉਹਨਾਂ ਦੁਆਰਾ ਕਈ ਵਰ੍ਹਿਆਂ ਤੋਂ ਕੀਤੇ ਜਾ ਰਹੇ ਪ੍ਰਚਾਰ ਨਾਲ ਹਜ਼ਾਰਾਂ ਸਿੱਖ ਸਹਿਮਤ ਸਨ ਅਤੇ ਸੁਧਾਰ ਦੇ ਇੱਛਕ ਸਨ। ਇਹ ਗੱਲ ਉਦੋਂ ਪ੍ਰਗਟ ਹੋ ਗਈ ਜਦੋਂ ਇਸੇ ਸਾਲ ਵਿਸਾਖੀ ਦੇ ਸਮੇਂ ਖ਼ਾਲਸਾ ਦੀਵਾਨ, ਲਾਹੌਰ ਵਲੋਂ ਕੀਤੇ ਗਏ ਜੋੜ-ਮੇਲੇ ਵੇਲੇ ਲਾਹੌਰ, ਪਟਿਆਲਾ, ਜਲੰਧਰ, ਲੁਧਿਆਣਾ, ਤਰਨਤਾਰਨ, ਅੰਬਾਲਾ, ਭਿੰਡਰ ਆਦਿ 19 ਸਿੰਘ ਸਭਾਵਾਂ ਦੇ ਨੁਮਾਇੰਦੇ ਇਕੱਠੇ ਹੋਏ ਅਤੇ ਉਹਨਾਂ ਨੇ ਅੰਮ੍ਰਿਤਸਰੀ ਧੜੇ ਦੀ ਕਾਰਵਾਈ ਦੀ ਨਿੰਦਾ ਕੀਤੀ। ਇਸ ਨਾਲ ਪ੍ਰੋ. ਗੁਰਮੁਖ ਸਿੰਘ ਨੂੰ ਵੀ ਹੌਸਲਾ ਪ੍ਰਾਪਤ ਹੋਇਆ ਅਤੇ ਉਹ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਲਾਹੌਰ ਵਾਪਸ ਆ ਗਏ ਅਤੇ ਸਿੰਘ ਸਭਾ ਦੇ ਪਰਚਾਰ ਵਿਚ ਜੁਟ ਗਏ।

ਹੁਣ ਭਾਈ ਗੁਰਮੁਖ ਸਿੰਘ ਨੇ ਅੰਮ੍ਰਿਤਸਰ ਵਾਲੇ ਧੜੇ ਵੱਲੋਂ ਕੀਤੀ ਜਾ ਰਹੀ ਵਿਰੋਧਤਾ ਵੱਲ ਬੇਪ੍ਰਵਾਹੀ ਅਤੇ ਬੇਧਿਆਨੀ ਵਰਤਦਿਆਂ ਖ਼ਾਲਸਾ ਦੀਵਾਨ, ਲਾਹੌਰ ਦੀਆਂ ਧਾਰਮਿਕ, ਸਮਾਜਿਕ ਅਤੇ ਵਿਦਿਅਕ ਖੇਤਰ ਵਿਚਲੀਆਂ ਸਰਗਰਮੀਆਂ ਪਹਿਲਾਂ ਨਾਲੋਂ ਵੀ ਤੇਜ਼ ਕਰ ਦਿੱਤੀਆਂ। ਪ੍ਰੋ. ਗੁਰਮੁਖ ਸਿੰਘ ਕੌਮੀ ਤਰੱਕੀ ਲਈ ਸਿੱਖਾਂ ਦੇ ਪੜ੍ਹੇ ਲਿਖੇ ਹੋਣਾ ਲਾਜ਼ਮੀ ਸਮਝਦੇ ਸਨ। ਇਸ ਲਈ ਸ਼ੁਰੂ ਤੋਂ ਹੀ ਸਿੱਖਾਂ ਵਿਚ ਵਿਦਿਆ ਪਰਚਾਰ ਲਈ ਯਤਨਸ਼ੀਲ ਸਨ। ਸਰ ਡੈਨੀਸ ਦੇ ਸੁਆਗਤ ਵਿਚ ਲਾਰੈਂਸ ਹਾਲ, ਲਾਹੌਰ, ਵਿਖੇ 20 ਅਪਰੈਲ, 1882 ਈ. ਨੂੰ ਹੋਏ ਸਮਾਰੋਹ ਸਮੇਂ ਖ਼ਾਲਸਾ ਦੀਵਾਨ, ਲਾਹੌਰ, ਵੱਲੋਂ ਪੇਸ਼ ਕੀਤੇ ਗਏ ਸੁਆਗਤੀ-ਪੱਤਰ ਵਿਚ ਇਸ ਅਹਿਸਾਸ ਨੂੰ ਇਉਂ ਪ੍ਰਗਟ ਕੀਤਾ ਗਿਆ ਸੀ :

“ਬੜੀ ਬਦ-ਕਿਸਮਤੀ ਦੀ ਗੱਲ ਹੈ ਕਿ ਸਰਕਾਰ ਵਲੋਂ ਸਾਰੀਆਂ ਸ੍ਰੇਣੀਆਂ ਨੂੰ ਦਿੱਤੀ ਜਾ ਰਹੀ ਸਿਖਿਆ ਦੇ ਮਹੱਤਵ ਵਲੋਂ ਸਿੱਖ ਕੌਮ ਪੂਰੀ ਤਰ੍ਹਾਂ ਸੁਚੇਤ ਨਹੀਂ, ਜਿਸਦਾ ਇਕ ਕਾਰਨ ਇਹ ਹੈ ਕਿ ਸਿੱਖਾਂ ਦੀ ਬਹੁਤੀ ਵਸੋਂ ਵਿਦਿਅਕ ਕੇਂਦਰਾਂ ਤੋਂ ਦੂਰ ਪਿੰਡਾਂ ਵਿਚ ਰਹਿੰਦੀ ਹੈ ਅਤੇ ਮੁੱਢਲੀ ਸਿੱਖਿਆ ਵੀ ਉਨ੍ਹਾਂ ਨੂੰ ਆਪਣੀ ਭਾਸ਼ਾ ਵਿਚ ਨਹੀਂ ਦਿਤੀ ਜਾਂਦੀ। ਭਾਰਤ ਦੇ ਹੋਰ ਸਾਰੇ ਭਾਗਾਂ ਵਿਚ ਲੋਕਾਂ ਨੂੰ ਸਿੱਖਿਆ ਉਨ੍ਹਾਂ ਦੀਆਂ ਆਪੋ ਆਪਣੀਆਂ ਭਾਸ਼ਾਵਾਂ ਵਿਚ ਦਿੱਤੀ ਜਾਂਦੀ ਹੈ। ਪਰ ਕੇਵਲ ਪੰਜਾਬ ਵਿਚ ਹੀ ਲੋਕਾਂ ਦੀ ਮਾਤ-ਭਾਸ਼ਾ ਪੰਜਾਬੀ ਵੱਲ ਪੂਰਾ ਧਿਆਨ ਨਹੀਂ ਦਿੱਤਾ ਜਾਂਦਾ। ਸਿੱਟੇ ਵਜੋਂ ਆਮ ਲੋਕੀਂ ਵਿਦਿਆ ਦੇ ਮਾਮਲੇ ਵਿਚ ਪਛੜੇ ਹੋਏ ਹਨ।”[17]

## ਖ਼ਾਲਸਾ ਕਾਲਜ ਦੀ ਸਥਾਪਨਾ ਲਈ ਯਤਨ

ਇਸ ਵਿਦਿਅਕ ਪਛੜੇਵੇਂ ਨੂੰ ਦੂਰ ਕਰਨ ਲਈ ਖ਼ਾਲਸਾ ਕਾਲਿਜ ਕਾਇਮ ਕਰਨ ਦੀ ਯੋਜਨਾ ਬਣਾਈ ਗਈ ਅਤੇ ਇਸ ਨੂੰ ਅਮਲੀ ਰੂਪ ਦੇਣ ਲਈ 1890 ਈਸਵੀ ਵਿਚ ਖ਼ਾਲਸਾ ਕਾਲਿਜ ਅਸਥਾਪਨ ਕਮੇਟੀ ਦਾ ਗਠਨ ਕੀਤਾ ਗਿਆ। ਪ੍ਰੋ. ਗੁਰਮੁਖ ਸਿੰਘ ਇਸ

ਕਮੇਟੀ ਦੇ ਰੂਹੇ-ਰਵਾਂ ਸਨ। ਉਹਨਾਂ ਨੇ ਥਾਂ-ਪੁਰ-ਥਾਂ ਜਾ ਕੇ ਸਿੱਖ ਰਾਜਿਆਂ, ਜਾਗੀਰਦਾਰਾਂ, ਸਰਦਾਰਾਂ ਅਤੇ ਧਨੀ ਪੁਰਸ਼ਾਂ ਨੂੰ ਖ਼ਾਲਸਾ ਕਾਲਜ ਦੀ ਲੋੜ ਤੋਂ ਚੇਤੰਨ ਕੀਤਾ ਅਤੇ ਕਾਲਿਜ ਲਈ ਦਾਨ ਦੇਣ ਦੀ ਪਰੇਰਨਾ ਕੀਤੀ। ਇਉਂ ਉਹਨਾਂ ਨੇ ਬਹੁਤ ਸਾਰੀ ਰਕਮ ਇਕੱਠੀ ਵੀ ਕਰ ਲਈ। ਇਸ ਸਮੇਂ ਇਹ ਬਹਿਸ ਛਿੜ ਪਈ ਕਿ ਖ਼ਾਲਸਾ ਕਾਲਜ ਲਾਹੌਰ ਵਿਖੇ ਸਥਾਪਤ ਕੀਤਾ ਜਾਵੇ ਜਾਂ ਅੰਮ੍ਰਿਤਸਰ ਵਿਖੇ। ਦੋਹਾਂ ਸਥਾਨਾਂ ਨੂੰ ਕਾਲਜ ਦੀ ਸਥਾਪਨਾ ਲਈ ਢੁੱਕਵਾਂ ਦੱਸਣ ਵਾਲੇ ਸਿੱਖ ਮੁਖੀਆਂ ਦੇ ਵਿਚ ਦੋ ਧੜੇ ਬਣ ਗਏ ਪਰ ਅੰਤ ਨੂੰ ਫੈਸਲਾ ਅੰਮ੍ਰਿਤਸਰ ਦੇ ਹੱਕ ਵਿਚ ਹੋਇਆ। ਫਲਸਰੂਪ 5 ਮਾਰਚ, 1892 ਈਸਵੀ ਨੂੰ ਸਰ ਜੇਮਜ਼ ਲਾਇਲ ਦੁਆਰਾ ਅੰਮ੍ਰਿਤਸਰ ਵਿਖੇ ਖ਼ਾਲਸਾ ਕਾਲਜ ਦਾ ਨੀਂਹ ਪੱਥਰ ਰਖਿਆ ਗਿਆ। ਅਗਲੇ ਸਾਲ ਤੋਂ ਇੱਥੇ ਪੜ੍ਹਾਈ ਸ਼ੁਰੂ ਹੋ ਗਈ।

ਖ਼ਾਲਸਾ ਕਾਲਜ ਦੀ ਸਥਾਪਨਾ ਉਪਰੰਤ ਪ੍ਰੋ. ਗੁਰਮੁਖ ਸਿੰਘ ਨੇ ਆਪਣਾ ਧਿਆਨ ਖ਼ਾਲਸਾ ਦੀਵਾਨ ਲਾਹੌਰ ਦੀਆਂ ਹੋਰਨਾਂ ਸਰਗਰਮੀਆਂ ਵੱਲ ਕੀਤਾ। ਖ਼ਾਲਸਾ ਅਖ਼ਬਾਰ, ਜੋ ਕੁਝ ਕਾਰਨਾਂ ਸਦਕਾ ਬੰਦ ਹੋ ਗਿਆ ਸੀ, ਮੁੜ ਪਹਿਲੀ ਮਈ, 1894 ਈਸਵੀ ਤੋਂ ਪ੍ਰਕਾਸ਼ਿਤ ਕਰਨਾ ਆਰੰਭ ਕਰਵਾਇਆ ਅਤੇ ਇਸ ਦੀ ਸੰਪਾਦਨਾ ਦੀ ਜ਼ਿੰਮੇਵਾਰੀ ਗਿਆਨੀ ਦਿੱਤ ਸਿੰਘ ਨੂੰ ਸੌਂਪੀ ਗਈ। ਇਸ ਸਮੇਂ ਖ਼ਾਲਸਾ ਪ੍ਰੈਸ ਵੀ ਮੁੜ ਜਾਰੀ ਕਰਨ ਦਾ ਉਪਰਾਲਾ ਕੀਤਾ ਗਿਆ ਅਤੇ ਜੁਲਾਈ, 1895 ਈਸਵੀ ਵਿਚ ਇਸ ਨੇ ਕੰਮ ਕਰਨਾ ਸ਼ੁਰੂ ਕਰ ਦਿਤਾ।

ਇਸ ਸਮੇਂ ਲਾਹੌਰ ਦੀਆਂ ਵਿਦਿਅਕ ਸੰਸਥਾਵਾਂ ਵਿਚ ਹੋਸਟਲ ਦੀ ਸਹੂਲਤ ਪ੍ਰਾਪਤ ਨਹੀਂ ਸੀ। ਦਰਮਿਆਨੇ ਸਿੱਖ ਪਰਿਵਾਰਾਂ ਵਿਚੋਂ ਆਉਣ ਵਾਲੇ ਵਿਦਿਆਰਥੀਆਂ ਦੀ ਲਾਹੌਰ ਵਿਚ ਨਿਵਾਸ ਦੀ ਦਿੱਕਤ ਨੂੰ ਮਹਿਸੂਸ ਕਰਦਿਆਂ, ਇਸ ਔਕੜ ਨੂੰ ਦੂਰ ਕਰਨ ਲਈ ਮਹਾਰਾਜਾ ਨਾਭਾ ਤੋਂ ਪ੍ਰਾਪਤ ਸਹਾਇਤਾ ਨਾਲ ਇਕ "ਖ਼ਾਲਸਾ ਸਟੂਡੈਂਟ ਬੋਰਡਿੰਗ ਹਾਊਸ" ਦੀ ਸਥਾਪਨਾ ਕਿਰਾਏ ਦੀ ਇਮਾਰਤ ਵਿਚ ਕੀਤੀ ਗਈ। ਅਪ੍ਰੈਲ, 1895 ਈਸਵੀ ਵਿਚ ਇਸ ਹੋਸਟਲ ਨੂੰ ਸ਼ਹਿਰ ਦੇ ਬਾਹਰ ਇਕ ਖੁਲ੍ਹੀ ਕੋਠੀ ਵਿਚ ਤਬਦੀਲ ਕੀਤਾ ਗਿਆ।

ਫ਼ਰਵਰੀ, 1894 ਈਸਵੀ ਵਿਚ ਲਾਹੌਰ ਦੇ ਗੁਰਦੁਆਰਾ ਜਨਮ-ਅਸਥਾਨ ਵਿਖੇ ਸਥਾਨਕ ਸਿੰਘ ਸਭਾ ਦਾ ਦਫਤਰ ਬਣਨਾ ਸ਼ੁਰੂ ਹੋਇਆ। ਇਸ ਦੀ ਨੀਂਹ ਪ੍ਰੋ. ਗੁਰਮੁਖ ਸਿੰਘ ਨੇ ਰੱਖੀ। ਸ. ਅਤਰ ਸਿੰਘ ਦੀ ਮ੍ਰਿਤੂ ਪਿੱਛੋਂ ਖ਼ਾਲਸਾ ਦੀਵਾਨ ਲਾਹੌਰ ਦਾ ਪੁਨਰ ਗਠਨ ਕੀਤਾ ਗਿਆ। ਪ੍ਰਧਾਨ ਕੰਵਰ ਬਲਵੰਤ ਸਿੰਘ ਪੁੱਤਰ ਸ: ਅਤਰ ਸਿੰਘ ਭਦੌੜ ਅਤੇ ਮੀਤ ਪ੍ਰਧਾਨ ਭਾਈ ਧਰਮ ਸਿੰਘ ਘਰਜਾ ਅਤੇ ਪ੍ਰੋ. ਗੁਰਮੁਖ ਸਿੰਘ ਨੂੰ ਥਾਪਿਆ ਗਿਆ।[10]

**ਪਰਿਵਾਰਕ ਜੀਵਨ**

ਪ੍ਰੋ. ਗੁਰਮੁਖ ਸਿੰਘ ਦੇ ਪਰਿਵਾਰਕ ਜੀਵਨ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲਦੀ। ਉਹਨਾਂ ਦੇ ਇੱਕ ਸਮਕਾਲੀ ਭਗਤ ਲਛਮਣ ਸਿੰਘ ਦਸਦੇ ਹਨ ਕਿ ਪ੍ਰੋ. ਗੁਰਮੁਖ ਸਿੰਘ ਦੇ ਬੱਚਾ ਬੱਚੀ ਕੋਈ ਨਹੀਂ ਸੀ, ਕੇਵਲ ਇੱਕ ਸਿੰਘਣੀ ਹੀ ਸੀ, ਜੋ ਉਹਨਾਂ ਵਰਗੀ ਸਾਦ-ਮੁਰਾਦੀ ਅਤੇ ਸੇਵਾ ਭਾਵ ਨਾਲ ਭਰਪੂਰ ਸੀ।[10a] ਪਰ ਪ੍ਰੋ. ਗੁਰਮੁਖ ਸਿੰਘ ਦੇ ਅਕਾਲ ਚਲਾਣੇ ਉਪਰੰਤ ਉਹਨਾਂ ਬਾਰੇ ਖ਼ਾਲਸਾ ਅਖ਼ਬਾਰ ਵਿਚ ਛਪੀਆਂ ਸੂਚਨਾਵਾਂ ਤੋਂ ਪਤਾ ਲਗਦਾ ਹੈ ਕਿ ਉਹਨਾਂ ਦਾ ਇਕ ਲੜਕਾ ਵੀ ਸੀ।

ਪ੍ਰੋ. ਗੁਰਮੁਖ ਸਿੰਘ ਦੀ ਧਰਮ ਪਤਨੀ ਦਾ ਨਾਉਂ ਸ੍ਰੀ ਮਤੀ ਪ੍ਰਮੇਸ਼ਰੀ ਦੇਵੀ ਸੀ ਅਤੇ

ਉਸਦਾ ਦੇਹਾਂਤ 1923 ਈਸਵੀ ਵਿਚ ਹੋਇਆ ।[10b]

**ਅਕਾਲ ਪਿਆਣਾ**

ਦਿਨ ਰਾਤ ਇਕ ਕਰਕੇ ਕੌਮੀ ਸੇਵਾ ਵਿਚ ਜੁਟੇ ਰਹਿਣ ਸਦਕਾ ਪ੍ਰੋ. ਗੁਰਮੁਖ ਸਿੰਘ ਦੀ ਸਿਹਤ ਖ਼ਰਾਬ ਰਹਿਣ ਲੱਗ ਪਈ । ਤਨਖ਼ਾਹ ਵਿਚੋਂ ਬਹੁਤਾ ਹਿੱਸਾ ਜਥੇਬੰਦਕ ਕਾਰਜਾਂ ਲਈ ਖ਼ਰਚਣ ਸਦਕਾ ਉਹਨਾਂ ਦੀ ਆਪਣੀ ਆਰਥਕ ਹਾਲਤ ਸੁਖਾਵੀਂ ਨਹੀਂ ਸੀ ਰਹਿੰਦੀ, ਪਰ ਇਹ ਔਕੜਾਂ ਉਹਨਾਂ ਦੀਆਂ ਕੌਮੀ ਸਰਗਰਮੀਆਂ ਲਈ ਬਾਧਕ ਨਹੀਂ ਬਣ ਸਕੀਆਂ । ਹਰ ਕਿਸਮ ਦੀ ਦੁੱਖ-ਤਕਲੀਫ ਤੋਂ ਬੇਪ੍ਰਵਾਹ ਹੋ ਕੇ ਆਪਣੇ ਨਿਸ਼ਚਿਤ ਮਾਰਗ ਉਪਰ ਚੱਲਦੇ ਰਹੇ । ਸਤੰਬਰ, 1898 ਈਸਵੀ ਵਿਚ ਉਹ ਰਾਣਾ ਸਾਹਿਬ ਬਹਾਦਰ ਧੋਲਪੁਰ ਜੋ ਚਾਇਲ ਵਿਖੇ ਠਹਿਰੇ ਹੋਏ ਸਨ, ਪਾਸ ਇਕ ਡੈਪੂਟੇਸ਼ਨ ਲੈ ਕੇ ਗਏ ਅਤੇ ਖ਼ਾਲਸਾ ਅਖ਼ਬਾਰ ਅਤੇ ਹੋਰ ਜਥੇਬੰਦਕ ਲੋੜਾਂ ਲਈ ਸੋਲਾਂ ਹਜ਼ਾਰ ਰੁਪਏ ਦੀ ਸਹਾਇਤਾ ਪ੍ਰਾਪਤ ਕੀਤੀ । ਵਾਪਸੀ ਸਮੇਂ ਉਹ ਕੁਝ ਬੀਮਾਰ ਹੋ ਗਏ, ਜਿਸ ਕਾਰਨ ਕੰਡਾ ਘਾਟ, ਜ਼ਿਲਾ ਸ਼ਿਮਲਾ (ਹਿਮਾਚਲ ਪ੍ਰਦੇਸ਼, ਜੋ ਉਦੋਂ ਪਟਿਆਲਾ ਰਿਆਸਤ ਵਿੱਚ ਸ਼ਾਮਲ ਸੀ) ਵਿਖੇ ਰੁਕ ਗਏ । ਕੁਝ ਠੀਕ ਮਹਿਸੂਸ ਕਰਨ ਉਤੇ ਉਹਨਾਂ ਨੇ 24 ਸਤੰਬਰ, 1898 ਈਸਵੀ, ਦਿਨ ਸ਼ਨਿਚਰਵਾਰ ਨੂੰ ਅੰਬਾਲੇ ਜਾਣ ਦੀ ਸਲਾਹ ਬਣਾਈ । ਉਹ 23 ਸਤੰਬਰ ਦੇਰ ਰਾਤ ਗਈ ਤੱਕ ਚਿੱਠੀਆ ਲਿਖਣ ਅਤੇ ਹੋਰ ਲਿਖਤ-ਪੜ੍ਹਤ ਦਾ ਕੰਮ ਨਿਪਟਾਉਣ ਉਪਰੰਤ ਨੀਂਦ ਰਾਣੀ ਦੀ ਗੋਦ ਵਿਚ ਐਸੇ ਬਿਰਾਜੇ ਕਿ ਮੁੜ ਅੱਖ ਨਾ ਖੁੱਲੀ ।

ਪ੍ਰੋ. ਗੁਰਮੁਖ ਸਿੰਘ ਦੇ ਸੁਰਗਵਾਸ ਹੋਣ ਦੀ ਸੂਚਨਾ ਤਾਰ ਰਾਹੀਂ ਲਾਹੌਰ ਭੇਜੀ ਗਈ, ਜਿਥੋਂ ਉਹਨਾਂ ਦੀ ਪਤਨੀ ਪ੍ਰੇਮਸਰਹੀ ਦੇਵੀ ਅਤੇ ਖ਼ਾਲਸਾ ਕਾਲਜ ਕੌਂਸਲ ਦੇ ਸਕੱਤਰ ਭਾਈ ਜਵਾਹਰ ਸਿੰਘ ਨੇ ਕੰਡਾ ਘਾਟ ਪੁੱਜ ਕੇ ਪ੍ਰੋ. ਗੁਰਮੁਖ ਸਿੰਘ ਦੇ ਪਾਤਥਿਕ ਸਰੀਰ ਦਾ ਸੰਸਕਾਰ ਕੀਤਾ । ਅਸਥਾਂ ਦੀ ਸੰਭਾਲ ਕਰਨਲ ਜੀਵਨ ਸਿੰਘ ਰਿਆਸਤ ਪਟਿਆਲਾ ਨੇ ਕੀਤੀ । ਬ੍ਰਾਹਮਣੀ ਪ੍ਰਭਾਵ ਵਾਲੇ ਕੁਝ ਸਿੱਖਾਂ ਵਲੋਂ ਪ੍ਰੋ. ਗੁਰਮੁਖ ਸਿੰਘ ਦੇ ਫੁੱਲ ਗੰਗਾ ਘਾਟ ਪਹੁੰਚਾਏ ਜਾਣ ਬਾਰੇ ਆਖਣ ਦੇਖਣ ਦੇ ਬਾਵਜੂਦ ਬਹੁਗਿਣਤੀ ਨੇ ਫ਼ੈਸਲਾ ਕੀਤਾ ਕਿ ਉਹਨਾਂ ਦੇ ਫੁੱਲ ਗੰਗਾ ਦੀ ਥਾਂ ਕੀਰਤਪੁਰ ਸਾਹਿਬ ਲੈ ਜਾ ਕੇ ਗੁਰਦੁਆਰਾ ਪਤਾਲਪੁਰੀ ਦੇ ਸਥਾਨ ਉਤੇ ਦਰਿਆ ਸਤਲੁਜ ਵਿਚ ਜਲ-ਪ੍ਰਵਾਹ ਕੀਤੇ ਜਾਣ । ਫਿਰ ਵੀ ਫ਼ੈਸਲਾ ਕੀਤਾ ਗਿਆ ਕਿ ਅਸਥਾਂ ਨੂੰ ਜਲ-ਪ੍ਰਵਾਹ ਕੀਤੇ ਜਾਣ ਤੋਂ ਪਹਿਲਾਂ ਲਾਹੌਰ ਲਿਆਂਦਾ ਜਾਵੇ ਤਾਂ ਜੋ ਇੱਥੋਂ ਦੀ ਸਮੂਹ ਸੰਗਤ ਪ੍ਰੋਫ਼ੈਸਰ ਗੁਰਮੁਖ ਸਿੰਘ ਦੇ ਅਕਾਲ ਚਲਾਣੇ ਬਾਰੇ ਵਿੱਦਿਤ ਹੋ ਸਕੇ ।

ਇਸ ਨਿਰਣੇ ਅਨੁਸਾਰ ਪ੍ਰੋ. ਗੁਰਮੁਖ ਸਿੰਘ ਦੇ ਅਸਥਾਂ ਨੂੰ ਜਲ-ਪ੍ਰਵਾਹ ਕਰਨ ਲਈ ਕੀਰਤਪੁਰ ਸਾਹਿਬ ਭੇਜੇ ਜਾਣ ਤੋਂ ਪਹਿਲਾਂ ਲਾਹੌਰ ਲਿਆਂਦਾ ਗਿਆ ਅਤੇ ਜਲੂਸ ਦੇ ਰੂਪ ਵਿਚ ਵਿਦਾਇਗੀ ਦਿੱਤੀ ਗਈ । ਇਸ ਜਲੂਸ ਬਾਰੇ ਭਾਈ ਜਵਾਹਰ ਸਿੰਘ, ਸਕੱਤਰ, ਖ਼ਾਲਸਾ ਕਾਲਜ ਕੌਂਸਲ, ਭਾਈ ਪ੍ਰਤਾਪ ਸਿੰਘ, ਸਕੱਤਰ, ਖ਼ਾਲਸਾ ਪ੍ਰੈਸ ਕਮੇਟੀ, ਭਾਈ ਦਿੱਤ ਸਿੰਘ, ਐਡੀਟਰ, ਖ਼ਾਲਸਾ ਅਖ਼ਬਾਰ ਅਤੇ ਭਾਈ ਮਈਆ ਸਿੰਘ, ਮੈਨੇਜਰ, ਖ਼ਾਲਸਾ ਪ੍ਰੈਸ ਵੱਲੋਂ ਇਸ਼ਤਿਹਾਰ ਛਾਪ ਕੇ ਸੰਗਤਾਂ ਨੂੰ ਜਾਣਕਾਰੀ ਦਿੱਤੀ ਗਈ ।

2 ਅਕਤੂਬਰ, 1898 ਈਸਵੀ ਦਿਨ ਐਤਵਾਰ ਨੂੰ ਮੋਰੀ ਗੇਟ ਅਤੇ ਲਾਹੌਰੀ ਦਰਵਾਜ਼ੇ ਦੇ ਵਿਚਕਾਰਲੇ ਬਾਗ ਵਿਚ ਭਾਈ ਪਰਤਾਪ ਸਿੰਘ ਰਾਗੀ ਦੇ ਲਗਭਗ ਇਕ ਘੰਟਾ ਵੈਰਾਗ

ਮਈ ਕੀਰਤਨ ਉਪਰੰਤ ਚਾਰ ਵਜੇ ਪ੍ਰੋਫੈਸਰ ਗੁਰਮੁਖ ਸਿੰਘ ਦੇ ਅਸਥਾਂ ਦਾ ਜਲੂਸ ਰਵਾਨਾ ਹੋਇਆ। ਜਲੂਸ ਦੀ ਬਣਤਰ ਅਤੇ ਸਜਾਵਟ ਬੜੀ ਪ੍ਰਭਾਵਸ਼ਾਲੀ ਸੀ। ਜਲੂਸ ਦੀ ਅਗਵਾਈ ਘੋੜ ਸਵਾਰ ਟੁਕੜੀ ਕਰ ਰਹੀ ਸੀ ਅਤੇ ਉਸ ਦੇ ਪਿੱਛੇ ਮਾਤਮੀ ਧੁਨਾਂ ਵਜਾ ਰਿਹਾ ਬੈਂਡ ਸੀ। ਉਪਰੰਤ ਸ਼ਬਦ ਕੀਰਤਨੀ ਜੱਥੇ ਅਤੇ ਰਬਾਬੀਆਂ ਦੀਆਂ ਟੋਲੀਆਂ ਦੇ ਪਿੱਛੇ ਪਿੱਛੇ ਪਲਟਨ ਨੰ: 32 ਦੇ ਸਿੰਘ ਜੋਟੀਆਂ ਵਿਚ ਸ਼ਬਦ ਪੜ੍ਹਦੇ ਚੱਲ ਰਹੇ ਸਨ। ਭਾਈ ਸਾਹਿਬ ਦੇ ਅਸਥ ਇਕ ਅਤਿ ਸੁੰਦਰ ਸਜਾਵਟ ਵਾਲੀ ਪਾਲਕੀ ਵਿੱਚ ਟਿਕਾਏ ਹੋਏ ਸਨ। ਰਸਤਿਆਂ ਵਿਚ ਖੜੀਆਂ ਸੰਗਤਾਂ ਪਾਲਕੀ ਉਤੇ ਫੁਲਾਂ ਦੀ ਵਰਖਾ ਕਰਦੀਆਂ ਸਨ। ਜਲੂਸ ਲਾਹੌਰ ਦਰਵਾਜ਼ੇ ਅਤੇ ਮੱਤੀ ਦੇ ਚੌਕ ਹੋ ਕੇ ਸ਼ਹਾਲਮੀ ਦਰਵਾਜ਼ੇ ਪੁੱਜਾ ਅਤੇ ਉਥੋਂ ਡੱਬੀ ਬਜ਼ਾਰ ਵਿਚੋਂ ਦੀ ਲੰਘਿਆ। ਇਸ ਰਾਹ ਵਿਚ ਪ੍ਰੋਫੈਸਰ ਗੁਰਮੁਖ ਸਿੰਘ ਦਾ ਮਕਾਨ ਸੀ। ਜਲੂਸ ਦੇ ਭਾਈ ਸਾਹਿਬ ਦੇ ਘਰ ਅੱਗੇ ਪੁੱਜਣ ਉੱਤੇ ਉਹਨਾਂ ਦੀ ਪਤਨੀ ਨੇ ਗਿਆਰਾਂ ਰੁਪਏ ਭੇਟ ਕੀਤੇ। ਫਿਰ ਜਲੂਸ ਬਾਉਲੀ ਸਾਹਿਬ ਅਤੇ ਗੁਰਦੁਆਰਾ ਜਨਮ ਅਸਥਾਨ ਹੁੰਦਾ ਹੋਇਆ ਦਿੱਲੀ ਦਰਵਾਜ਼ੇ ਵਿਚ ਸ਼ਹੀਦ-ਗੰਜ ਭਾਈ ਤਾਰੂ ਸਿੰਘ ਪੁਜਾ। ਉਥੇ ਅਸਥਾਂ ਦਾ ਉਤਾਰਾ ਕੀਤਾ ਗਿਆ ਅਤੇ ਅੰਤਮ ਅਰਦਾਸ ਉਪਰੰਤ ਭਾਈ ਤਖਤ ਸਿੰਘ ਅਸਥ ਲੈ ਕੇ ਜਲ ਪਰਵਾਹ ਕਰਨ ਹਿੱਤ ਕੀਰਤਪੁਰ ਲਈ ਰਵਾਨਾ ਹੋਏ।

9 ਅਕਤੂਬਰ, 1898 ਈਸਵੀ ਨੂੰ ਪ੍ਰੋਫੈਸਰ ਗੁਰਮੁਖ ਸਿੰਘ ਦੇ ਗ੍ਰਹਿ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ ਪਾਇਆ ਗਿਆ ਜਿਥੇ ਗਿਆਨੀ ਦਿੱਤ ਸਿੰਘ, ਭਾਈ ਮਿਹਰ ਸਿੰਘ ਮਾਸਟਰ ਮਾਡਲ ਸਕੂਲ ਆਦਿ ਵਿਦਵਾਨਾਂ ਨੇ ਆਪਣੇ ਵਿੱਛੜੇ ਸਾਥੀ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਉਪਰੰਤ ਗੁਰਦੁਆਰਾ ਡੇਹਰਾ ਸਾਹਿਬ ਵੱਲੋਂ ਪ੍ਰੋ. ਗੁਰਮੁਖ ਸਿੰਘ ਦੇ ਬੇਟੇ ਨੂੰ ਦਸਤਾਰ ਬੰਨਾਈ ਗਈ ਅਤੇ ਫਿਰ ਖ਼ਾਲਸਾ ਦੀਵਾਨ, ਸਿੰਘ ਸਭਾ ਲਾਹੌਰ, ਸਿੰਘ ਸਭਾ ਫਿਰੋਜ਼ਪੁਰ, ਸਿੰਘ ਸਭਾ ਰਾਵਲ ਪਿੰਡੀ, ਸਿੰਘ ਸਭਾ ਛੱਜਲ ਵੱਦੀ (ਜ਼ਿਲਾ ਅੰਮ੍ਰਿਤਸਰ), ਯੰਗ ਮੈਨਜ਼ ਐਸੋਸੀਏਸ਼ਨ ਲਾਹੌਰ ਆਦਿ ਸੁਸਾਇਟੀਆਂ ਵਲੋਂ ਸਿਰੋਪਾਉ ਦਿੱਤੇ ਗਏ।

ਪ੍ਰੋਫੈਸਰ ਗੁਰਮੁਖ ਸਿੰਘ ਦੇ ਅਕਾਲ ਚਲਾਣੇ ਦੀ ਖ਼ਬਰ ਸਿੱਖ ਜਗਤ ਲਈ ਅਤਿਅੰਤ ਦੁਖਦਾਈ ਖ਼ਬਰ ਸੀ, ਕਿਉਂ ਜੋ ਪਿਛਲੀ ਲਗਭਗ ਇਕ ਚੌਥਾਈ ਸਦੀ ਤੋਂ ਉਹ ਸਿੱਖ ਸਮਾਜ, ਸਿੱਖ ਧਰਮ, ਪੰਜਾਬੀ ਬੋਲੀ ਅਤੇ ਸਾਹਿੱਤ ਦੇ ਉਥਾਨ ਲਈ ਇਕ ਧੁਰੇ ਦਾ ਕੰਮ ਕਰਦੇ ਆ ਰਹੇ ਸਨ। ਉਹਨਾਂ ਦੇ ਸ਼ਿਸ਼ ਅਤੇ ਸਾਥੀ ਗਿਆਨੀ ਦਿੱਤ ਸਿੰਘ ਨੇ 'ਖ਼ਾਲਸਾ ਅਖ਼ਬਾਰ' ਵਿਚ ਦਿਲ ਹਿਲੂਨਵੇਂ ਐਡੀਟੋਰੀਅਲ ਨੋਟ ਲਿਖ ਕੇ ਪ੍ਰੋ. ਗੁਰਮੁਖ ਸਿੰਘ ਦੀ ਕੀਰਤੀ ਦਾ ਗਾਇਨ ਕੀਤਾ। ਕੁਝ ਹੋਰ ਗੁਰਮੁਖ-ਪਿਆਰਿਆਂ ਨੇ ਸ਼ੋਕ ਮਈ ਕਵਿਤਾਵਾਂ ਲਿਖ ਕੇ ਸਿੱਖ-ਜਗਤ ਦੀਆਂ ਭਾਵਨਾਵਾਂ ਪ੍ਰਗਟ ਕੀਤੀਆਂ। (ਦੇਖੋ ਅੰਤਿਕਾ ੳ)

ਪ੍ਰੋ. ਗੁਰਮੁਖ ਸਿੰਘ ਦੇ ਗੁਰਪੁਰ ਪਿਆਣੇ ਬਾਰੇ ਆਪਣਾ ਸ਼ੋਕ ਪ੍ਰਗਟਾਉਂਦਿਆਂ ਅਨੇਕਾਂ ਸ੍ਰੀ ਗੁਰੂ ਸਿੰਘ ਸਭਾਵਾਂ ਅਤੇ ਹੋਰ ਜਥੇਬੰਦੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਰਖਵਾਏ ਅਤੇ ਸ਼ੋਕ-ਮਤੇ ਪਾਸ ਕੀਤੇ। ਇਹਨਾਂ ਸਭਾਵਾਂ ਵਿਚ ਮੰਗ ਕੀਤੀ ਗਈ ਕਿ ਭਾਈ ਗੁਰਮੁਖ ਸਿੰਘ ਦੀ ਯਾਦ ਨੂੰ ਸਦੀਵੀ ਬਨਾਉਣ ਲਈ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਚ ਉਹਨਾਂ ਦਾ ਬੁੱਤ ਲਾਇਆ ਜਾਵੇ, ਉਹਨਾਂ ਦੇ ਨਾਂ ਉਤੇ ਕੋਈ ਵਜ਼ੀਫ਼ਾ ਜਾਂ ਮੈਡਲ ਜਾਰੀ ਕੀਤਾ ਜਾਵੇ, ਉਪਦੇਸ਼ਕ ਕਲਾਸ ਖੋਲੀ ਜਾਵੇ, ਲਾਹੌਰ ਅਤੇ ਅਮ੍ਰਿਤਸਰ ਦੇ ਦੀਵਾਨ ਇਕੱਠੇ ਕੀਤੇ ਜਾਣ

ਇਤਿਆਦਿਕ । ਸ੍ਰੀ ਗੁਰੂ ਸਿੰਘ ਸਭਾ, ਕੋਇਟਾ ਨੇ ਗਿਆਨੀ ਦਿੱਤ ਸਿੰਘ ਅਤੇ ਭਾਈ ਜਵਾਹਰ ਸਿੰਘ ਨੂੰ ਬੇਨਤੀ ਕੀਤੀ ਕਿ ਪ੍ਰੋ. ਗੁਰਮੁਖ ਸਿੰਘ ਦੇ ਸਿੱਖ-ਜਗਤ ਦੇ ਸੁਧਾਰ ਲਈ ਕੀਤੇ ਯਤਨਾਂ ਦਾ ਵੇਰਵਾ ਦਿੰਦੀ ਉਹਨਾਂ ਦੀ ਜੀਵਨੀ ਛਾਪੀ ਜਾਵੇ । ਇਸ ਸੰਬੰਧੀ ਹੋਣ ਵਾਲੇ ਸਾਰੇ ਖ਼ਰਚੇ ਦੀ ਪੂਰਤੀ ਸ੍ਰੀ ਗੁਰੂ ਸਿੰਘ ਸਭਾ, ਕੋਇਟਾ ਨੇ ਆਪਣੇ ਜ਼ਿੰਮੇ ਲੈ ਲਈ । ਇਸ ਮੰਤਵ ਲਈ ਹੀ ਸ. ਮਹਿੰਦਰ ਸਿੰਘ ਜ਼ਿਲੇਦਾਰ ਨੇ ਭਗਾਉਂ ਜ਼ਿਲਾ ਸੋਨੀਪਤ ਤੋਂ ਵੀਹ ਰੁਪਏ ਦੀ ਰਾਸ਼ੀ ਦਾਨ ਵੱਜੋਂ ਭੇਜੀ । ਪ੍ਰੋ. ਗੁਰਮੁਖ ਸਿੰਘ ਦੀ ਯਾਦ ਵਿਚ 18 ਦਸੰਬਰ, 1898 ਈਸਵੀ ਨੂੰ ਗੁਰਦੁਆਰਾ ਜਨਮ-ਅਸਥਾਨ ਸ੍ਰੀ ਗੁਰੂ ਰਾਮਦਾਸ ਜੀ ਵਿਖੇ ਇਕ ਜਲਸਾ ਕੀਤਾ ਗਿਆ, ਜਿੱਥੇ ਉਹਨਾਂ ਦੀ ਯਾਦਗਾਰ ਕਾਇਮ ਕਰਨ ਲਈ ਪੰਜ ਸੌ ਚਾਲੀ ਰੁਪਏ ਅੱਠ ਆਨੇ ਇਕੱਤਰ ਹੋਏ । ਇਸ ਰਕਮ ਵਿਚ ਮਿਓਹਾਓ ਸਟੇਸ਼ਨ (ਬਰਾਸਤਾ ਮਾਂਡਲੇ, ਬਰਮਾ) ਦੀਆਂ ਸੰਗਤਾਂ ਵੱਲੋਂ ਭੇਜੇ ਇਕ ਸੌ ਪੰਦਰਾਂ ਰੁਪਏ ਵੀ ਸ਼ਾਮਲ ਸਨ ।

ਇਹਨਾਂ ਵਿਚੋਂ ਬਾਕੀ ਯੋਜਨਾਵਾਂ ਤਾਂ ਭਾਵੇਂ ਕਈ ਕਾਰਨਾਂ ਕਰਕੇ ਪੂਰੀਆਂ ਨਾ ਹੋਈਆਂ, ਪਰ ਸਿੰਘ ਸਭਾਵਾਂ ਨੂੰ ਅਗਵਾਈ ਦੇਣ ਲਈ ਖ਼ਾਲਸਾ ਦੀਵਾਨ, ਲਾਹੌਰ ਅਤੇ ਖ਼ਾਲਸਾ ਦੀਵਾਨ, ਅੰਮ੍ਰਿਤਸਰ ਨੂੰ ਮੇਲ ਕੇ 1902 ਈਸਵੀ ਵਿਚ ਚੀਫ਼ ਖ਼ਾਲਸਾ ਦੀਵਾਨ ਦੀ ਰਚਨਾ ਕੀਤੀ ਗਈ, ਜਿਸ ਨੇ ਆਪਣੀਆਂ ਪੂਰਬਲੀਆਂ ਸੰਸਥਾਵਾਂ ਵੱਲੋਂ ਮਿਥੇ ਗਏ ਕਾਰਜਾਂ ਦੀ ਪੂਰਤੀ ਹਿਤ ਭਰਵਾਂ ਯੋਗਦਾਨ ਪਾਇਆ ।

**ਵਿਅਕਤਿੱਤਵ**

ਪ੍ਰੋ. ਗੁਰਮੁਖ ਸਿੰਘ ਦੇ ਉਪਰੋਕਤ ਜੀਵਨ ਸਮਾਚਾਰਾਂ ਤੋਂ ਇਸ ਗੱਲ ਦੀ ਭਲੀ-ਭਾਂਤ ਪੁਸ਼ਟੀ ਹੋ ਜਾਂਦੀ ਹੈ ਕਿ ਉਹ ਇੱਕ ਸੱਚੇ ਸੁੱਚੇ ਅਤੇ ਦ੍ਰਿੜ੍ਹ ਇਰਾਦੇ ਵਾਲੇ ਗੁਰਸਿੱਖ ਵਿਅਕਤੀ ਸਨ ਅਤੇ ਉਹਨਾਂ ਦੇ ਮਨ ਵਿੱਚ ਸਿੱਖੀ ਪ੍ਰਤੀ ਅਥਾਹ ਪ੍ਰੇਮ ਸੀ । ਬਿਬੇਕੀ ਖ਼ਾਲਸਾ ਪ੍ਰੋ. ਗੁਰਮੁਖ ਸਿੰਘ ਦਾ ਸਿੱਖੀ ਪ੍ਰਤੀ ਦ੍ਰਿਸ਼ਟੀਕੋਣ ਬੜਾ ਨਰੋਆ, ਵਿਵੇਕਸ਼ੀਲ ਅਤੇ ਖ਼ਾਲਸ ਸੀ । ਉਹਨਾਂ ਆਪਣੀਆਂ ਲਿਖਤਾਂ ਵਿਚ ਕਈ ਥਾਵਾਂ ਉਤੇ ਗੁਰਮੱਤ ਲਈ 'ਖ਼ਾਲਸ ਧਰਮ'[10] ਸੰਗਿਆ ਦੀ ਵਰਤੋਂ ਕੀਤੀ ਹੈ । ਉਹ ਸਮਕਾਲੀ ਸਿੱਖੀ ਜੀਵਨ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਸਿਖਿਆ ਅਨੁਸਾਰ ਢਾਲਣਾ ਚਾਹੁੰਦੇ ਸਨ ਅਤੇ ਅਜਿਹੇ ਜੀਵਨ ਵਿੱਚ ਭੇਖ, ਦਿਖਾਵੇ, ਕਰਮ ਕਾਂਡ ਆਦਿ ਨੂੰ ਕੋਈ ਸਥਾਨ ਪ੍ਰਾਪਤ ਨਹੀਂ ਸੀ । ਉਹ ਗੁਰਵਾਕ, 'ਖੋਜੀ ਉਪਜੈ, ਬਾਦੀ ਬਿਨਸੈ' ਅਨੁਸਾਰ ਸਿੱਖ ਇਤਿਹਾਸ ਨੂੰ ਗੁਰਮੱਤ ਦਰਸ਼ਨ ਦੀ ਲੋਅ ਵਿੱਚ ਅੰਕਿਤ ਕੀਤੇ ਜਾਣ ਦੇ ਵਿਚਾਰ ਦੇ ਧਾਰਨੀ ਸਨ । ਇਹੀ ਕਾਰਣ ਹੈ ਕਿ ਉਹਨਾਂ ਗੁਰੂ ਨਾਨਕ ਦੇਵ ਜੀ ਦੇ ਜਨਮ ਸਮੇਂ ਬਾਰੇ ਪ੍ਰਚੱਲਤ ਧਾਰਨਾ ਨੂੰ ਗ੍ਰਹਿਣ ਕਰਨ ਦੀ ਥਾਂ ਦਲੀਲਾਂ ਦੇ ਆਧਾਰ ਉਤੇ ਸਿੱਧ ਕੀਤਾ ਕਿ ਗੁਰੂ ਨਾਨਕ ਦੇਵ ਜੀ ਦਾ ਜਨਮ ਵਿਸਾਖੀ ਵਾਲੇ ਦਿਨ ਹੋਇਆ ਸੀ, ਕੱਤਕ ਦੀ ਪੂਰਨਮਾਸ਼ੀ ਨੂੰ ਨਹੀਂ । ਉਹ ਦ੍ਰਿੜ੍ਹ ਇਰਾਦੇ ਅਤੇ ਉੱਚ-ਆਚਰਣ ਦੇ ਮਾਲਕ ਸਨ ਅਤੇ ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਤੋਂ ਕਦੇ ਨਹੀਂ ਸਨ ਝਿਜਕਦੇ, ਭਾਵੇਂ ਉਹਨਾਂ ਦੇ ਵਿਚਾਰ ਸਿੱਖ ਵਰਤੋਂ-ਵਿਹਾਰ ਦਾ ਅੰਗ ਬਣ ਕੇ ਸਿੱਖੀ ਜੀਵਨ ਵਿਚ ਪ੍ਰਵੇਸ਼ ਕਰ ਚੁੱਕੇ ਅਮਲਾਂ ਤੋਂ ਭਿੰਨ ਸਨ । ਸਿੱਖੀ ਦੇ ਸ੍ਰੋਤ ਗੁਰਦੁਆਰਿਆਂ ਵਿਚ ਬੈਠੇ ਲੋਕ ਆਪਣੇ ਜ਼ਾਤੀ ਲਾਹੇ ਲਈ ਬ੍ਰਾਹਮਣੀ ਪ੍ਰਭਾਵ ਦੇ ਵਿਰੁੱਧ ਅਵਾਜ਼ ਉਠਾਉਣ ਦੀ ਥਾਂ ਇਸ ਨੂੰ ਉਤਸ਼ਾਹਿਤ ਕਰ ਰਹੇ ਸਨ । ਪ੍ਰੋ. ਗੁਰਮੁਖ ਸਿੰਘ ਅਜਿਹੇ ਨਾਮਧਰੀਕ ਸਿੱਖਾਂ ਦੇ ਸਿੱਖੀ-ਵਿਰੋਧੀ ਵਿਹਾਰ

ਉਤੇ ਚੋਟ ਲਾਉਂਦੇ ਹੋਏ ਕਹਿੰਦੇ ਹਨ, "ਜੋ ਲੋਕ ਗੁਰਦੁਆਰਿਆਂ ਵਿੱਚ ਉਤਸਵ ਕਰਦੇ ਹਨ ਸੋ ਤਾਂ ਮੁੱਖ ਆਮਦਨ ਨੂੰ ਰਖਦੇ ਹਨ ਜਿਸ ਕੰਮ ਤੇ ਦੋ ਪੈਸੇ ਆਵਿਣ ਉਹ ਕੰਮ ਕਰਨਾ।"[11] ਗੁਰੂ ਨਾਨਕ ਦੇਵ ਦੇ ਜਨਮ ਤੋਂ ਇਨੀ ਦੇਰ ਪਿੱਛੋਂ ਤੱਕ ਉਹਨਾਂ ਦੇ ਜਨਮ ਸਮੇਂ ਬਾਰੇ ਸਹੀ ਸਹੀ ਨਿਰਨਾ ਨਾ ਕਰ ਸਕਣ ਕਾਰਣ ਉਹ ਸਿੱਖ ਵਿਦਵਾਨਾਂ ਦੀ ਅਣਗਹਿਲੀ ਨੂੰ ਕੋਸਦੇ ਹੋਏ ਲਿਖਦੇ ਹਨ, "ਕਿਤਨੀ ਕੁ ਅੰਧੇਰੇ ਦੀ ਬਾਤ ਹੈ ਕੇ ਅੱਛੇ ਅੱਛੇ ਵਿਦਵਾਨ ਅਤੇ ਪੰਡਤ ਹੋ ਗੁਜ਼ਰੇ ਮਗਰ ਕਿਸੇ ਵੀ ਓਸ ਸੁਭ ਵੇਲੇ ਦਾ ਪਤਾ ਨਾ ਲਾਇਆ, ਕਈ ਮਹਾਰਾਜੇ, ਬਾਦਸ਼ਾਹ ਅਤੇ ਰਾਜੇ ਹੋ ਗੁਜਰੇ ਪਰ ਕਿਸੇ ਓਸ ਪਲ ਦਾ ਪਤਾ ਨਾ ਕਢਵਾਇਆ ਅਤੇ ਹੁਣ ਤੱਕ ਵੀ ਕਿਸੇ ਦਾ ਧਿਯਾਨ ਏਸ ਬਾਤ ਵੱਲ ਨਹੀਂ ਆਇਆ।"[12] ਸਿੱਖ ਦਰਸ਼ਨ ਅਤੇ ਸਿੱਖ ਇਤਿਹਾਸ ਪ੍ਰਤੀ ਅਵੇਸਲਾਪਨ ਦਿਖਾਵਿਣ ਲਈ ਪ੍ਰੋ. ਗੁਰਮੁਖ ਸਿੰਘ ਨੇ ਜਗਤ ਦੇ ਮੰਨੇ ਪ੍ਰਮੰਨੇ ਵਿਦਵਾਨ ਭਾਈ ਸੰਤੋਖ ਸਿੰਘ ਨੂੰ ਵੀ ਨਹੀਂ ਬਖ਼ਸ਼ਿਆ। ਉਹ ਭਾਈ ਸੰਤੋਖ ਸਿੰਘ ਰਚਿਤ ਸੂਰਜ ਪ੍ਰਕਾਸ਼ ਬਾਰੇ ਲਿਖਦੇ ਹਨ, "ਭਾਈ ਸੰਤੋਖ ਸਿੰਘ ਜੀ ਕੇਡਾ ਬੜਾ ਗ੍ਰੰਥ ਰਚਿਆ ਕਿਨੇ ਹਜ਼ਾਰ ਰੁਪਏਯਾ ਰਾਜੇ ਕੈਥਲ ਦਾ ਖ਼ੂਚ ਕੀਤਾ, ਕਈ ਬਰਸ ਲਾਏ ਪਰ ਅੰਤ ਨੂੰ ਜਦ ਵੇਖੀਏ ਗੁਰੂ ਦੇ ਜਨਮ ਦੀ ਬਾਬਤ ਕੁਛ ਫ਼ੈਸਲਾ ਨਾ ਕੀਤਾ।"[13]

ਪ੍ਰੋ. ਗੁਰਮੁਖ ਸਿੰਘ ਪੰਜਾਬੀ ਜਨ-ਜੀਵਨ ਨੂੰ ਸਿੱਖ ਇਤਿਹਾਸ ਅਤੇ ਸਿੱਖ ਦਰਸ਼ਨ ਦੇ ਧੁਰੇ ਦੁਆਲੇ ਉਸਾਰਨਾ ਚਾਹੁੰਦੇ ਸਨ। ਇਸ ਮਨੋਰਥ ਦੀ ਪੂਰਤੀ ਲਈ ਹੀ ਉਹਨਾਂ ਨੇ ਦੈਨਿਕ ਕਾਰ-ਵਿਹਾਰ ਦੇ ਸੰਚਾਲਨ ਵਿੱਚ ਅਗਵਾਈ ਦੇਣ ਲਈ ਅਜਿਹੀ ਜੰਤਰੀ ਤਿਆਰ ਕੀਤੀ, ਜੋ ਵਿਸਾਖੀ ਅਰਥਾਤ ਗੁਰੂ ਨਾਨਕ ਦੇਵ ਜੀ ਦੇ ਜਨਮ-ਦਿਵਸ ਤੋਂ ਸ਼ੁਰੂ ਹੁੰਦੀ ਸੀ। ਜਦੋਂ ਤੋਂ ਅੰਗਰੇਜ਼ਾਂ ਨੇ ਪੰਜਾਬ ਉਤੇ ਕਬਜ਼ਾ ਕੀਤਾ ਸੀ, ਉਹਨਾਂ ਨੇ ਸਰਕਾਰੀ ਦਫ਼ਤਰਾਂ ਵਿਚ ਹਿੰਦੂ-ਮੁਸਲਮਾਨਾਂ ਦੇ ਦਿਨ-ਤਿਹਾਰਾਂ ਦੀਆਂ ਛੁੱਟੀਆਂ ਕਰਨੀਆਂ ਸ਼ੁਰੂ ਕੀਤੀਆਂ ਸਨ। ਸਿੱਖ-ਪੁਰਬਾਂ ਨੂੰ ਛੁੱਟੀ ਨਹੀਂ ਸੀ ਕੀਤੀ ਜਾਂਦੀ। ਪ੍ਰੋ. ਗੁਰਮੁਖ ਸਿੰਘ ਨੇ 1898 ਈਸਵੀ ਵਿਚ ਇਸ ਮਨੋਰਥ ਦਾ ਇਕ ਮੈਮੋਰੈਂਡਮ ਅੰਗਰੇਜ਼ ਅਧਿਕਾਰੀਆਂ ਨੂੰ ਪੇਸ਼ ਕਰ ਕੇ ਇਸ ਨੀਤੀ ਵਿਚ ਸੋਧ ਕਰਨ ਦੀ ਬੇਨਤੀ ਕੀਤੀ ਅਤੇ ਇਉਂ ਗੁਰਪੁਰਬਾਂ ਉਤੇ ਵੀ ਛੁੱਟੀ ਕੀਤੀ ਜਾਣ ਲੱਗ ਪਈ।

ਪ੍ਰੋ. ਗੁਰਮੁਖ ਸਿੰਘ ਜ਼ਾਤ-ਪਾਤ ਦੇ ਵਿਰੋਧੀ ਸਨ ਅਤੇ ਉਹ ਹਰ ਇਕ ਸਿੱਖ ਨੂੰ ਸਮਾਨ ਮੰਨਦੇ ਸਨ। ਉਹਨਾਂ ਦਾ ਮੱਤ ਸੀ ਕਿ ਸਭਨਾਂ ਸਰੀਰਾਂ ਵਿਚ ਇਕੋ ਅਕਾਲ-ਪੁਰਖ ਦੀ ਜੋਤ ਹੋਣ ਕਾਰਨ ਸਭਨਾਂ ਨੂੰ ਇਕ ਸਮਾਨ ਮੰਨਿਆ ਜਾਣਾ ਚਾਹੀਦਾ ਹੈ। ਉਹਨੀ ਦਿਨੀਂ ਉਚ-ਜਾਤੀ ਸਿੱਖਾਂ ਵੱਲੋਂ ਬ੍ਰਾਹਮਣੀ ਪ੍ਰਭਾਵ ਅਧੀਨ ਸ਼ੂਦਰ ਅਤੇ ਹੋਰ ਨੀਵੀਆਂ ਜਾਤੀਆਂ ਦੇ ਸਿੱਖਾਂ ਨੂੰ ਸੰਗਤ-ਪੰਗਤ ਤੋਂ ਬਾਹਰ ਰੱਖਣ ਦਾ ਯਤਨ ਕੀਤਾ ਜਾਂਦਾ ਸੀ। ਪਰ ਪ੍ਰੋ. ਗੁਰਮੁਖ ਸਿੰਘ ਦਾ ਮੱਤ ਸੀ ਕਿ ਸੰਗਤ ਅਤੇ ਪੰਗਤ ਵਿੱਚ ਸ਼ਾਮਲ ਹੋਣ ਅਤੇ ਅਕਾਲ ਪੁਰਖ ਦਾ ਸਿਮਰਣ ਕਰਨ ਲਈ ਕਿਸੇ ਜਾਤੀ ਵਿਸ਼ੇਸ਼ ਦੇ ਵਿਅਕਤੀਆਂ ਉਪਰ ਬੰਦਸ਼ ਨਹੀਂ ਲਾਈ ਜਾ ਸਕਦੀ। ਉਹ ਲਿਖਦੇ ਹਨ, "ਪ੍ਰਮੇਸਰ ਦੇ ਨਾਉਂ ਦਾ ਭੀ ਕਦੇ ਠੇਕਾ ਹੋਇਆ ਹੈ ਕਿ ਅਮਕੜਾ ਲਵੇ ਅਮਕੜਾ ਨਾ ਲਵੇ, ਓਸ ਦੇ ਨਾਮ ਦੇ ਸਭ ਅਧਿਕਾਰੀ ਹਨ।"[14] ਆਪਣੇ ਇਹਨਾਂ ਵਿਚਾਰਾਂ ਸਦਕਾ ਬੇਸ਼ੱਕ ਪ੍ਰੋ. ਗੁਰਮੁਖ ਸਿੰਘ ਨੂੰ ਬ੍ਰਾਹਮਣੀ ਪ੍ਰਭਾਵ ਹੇਠਲੇ ਸਿੱਖ ਆਗੂਆਂ ਦੀ ਕ੍ਰੋਪੀ ਦਾ ਸ਼ਿਕਾਰ ਹੋਣਾ ਪਿਆ, ਪਰ ਉਹ ਆਪਣੇ ਵਿਚਾਰਾਂ ਉਤੇ ਅਡੋਲ ਡੱਟੇ ਰਹੇ।

### ਕਿਸੇ ਦਾ ਦਿਲ ਨਾ ਦੁਖਾਉਣ ਵਾਲੇ

ਉਨੀਵੀਂ ਸਦੀ ਦੀ ਅੰਤਲੀ ਚੌਥਾਈ ਸਿੱਖ, ਆਰੀਆ ਸਮਾਜ, ਇਸਲਾਮ ਆਦਿ ਧਰਮਾਂ ਦੇ ਵਿਦਵਾਨਾਂ ਵਿਚਕਾਰ ਆਪਸੀ ਬਹਿਸ ਬਾਜ਼ੀ ਦਾ ਸਮਾਂ ਹੈ। ਸਾਰੇ ਧਰਮਾਂ ਦੇ ਪ੍ਰਚਾਰਕ ਆਪਣੇ ਆਪਣੇ ਧਰਮ ਨੂੰ ਉਤਮ ਦਰਸਾਉਣ ਲਈ ਦੂਸਰੇ ਧਰਮਾਂ ਨੂੰ ਨੀਵਾਂ ਦਿਖਾਉਂਦੇ ਸਨ ਪਰ ਪ੍ਰੋ. ਗੁਰਮੁਖ ਸਿੰਘ ਨੇ ਆਪਣੀ ਬਹਿਸ ਨੂੰ ਬੜਾ ਸੰਤੁਲਤ ਰੱਖਿਆ ਹੈ। ਬੇਸ਼ੱਕ ਉਹਨਾਂ ਨੇ ਵੀ ਦੂਜੇ ਧਰਮਾਂ ਦੇ ਮੁਕਾਬਲੇ ਵਿਚ ਸਿੱਖ ਧਰਮ ਦੀ ਉੱਤਮਤਾ ਦ੍ਰਿੜਾਈ ਹੈ, ਪਰ ਅਜਿਹਾ ਕਰਦਿਆਂ ਇਹ ਖਿਆਲ ਰੱਖਿਆ ਹੈ ਕਿ ਦੂਜੇ ਧਰਮ ਦੇ ਪੈਰੋਕਾਰਾਂ ਦੇ ਮਨਾਂ ਨੂੰ ਕੋਈ ਠੇਸ ਨਾ ਪਹੁੰਚੇ। ਸ੍ਰੀ ਰਾਮ ਚੰਦਰ ਅਤੇ ਸ੍ਰੀ ਕ੍ਰਿਸ਼ਨ ਜੀ ਦੀਆਂ ਜੀਵਨ-ਘਟਨਾਵਾਂ ਦੀ ਵਿਆਖਿਆ ਕਰਨ ਉਪਰੰਤ ਉਹ ਲਿਖਦੇ ਹਨ, "ਏਹਨਾਂ ਇਤਰਾਜ਼ ਕਰਨ ਵਾਲੀਆਂ ਬਾਤਾਂ ਦੇ ਉਠਾਉਣ ਤੇ ਆਪ ਏਹ ਨਾ ਸਮਝ ਕੇ ਮੈਂ ਸ੍ਰੀ ਰਾਮ ਚੰਦਰ ਜੀ ਅਤੇ ਸ੍ਰੀ ਕ੍ਰਿਸ਼ਨ ਜੀ ਦੇ ਵਿਰੁਧ ਆਖਣਾ ਚਾਹੁੰਦਾ ਹਾਂ, ਹਰਗਿਜ਼ ਨਹੀਂ। ਏ ਦੋਨੋਂ ਸਾਡੇ ਅਪਨੇ ਘਰ ਦੇ ਹਨ ਅਤੇ ਦੂਸਰੀ ਬਾਤ ਏਹ ਹੈ ਕੇ ਏਹ ਸੂਰਜ ਬੰਸੀ ਅਤੇ ਚੰਦਰ ਬੰਸੀ ਹਨ ਅਤੇ ਸਭਨਾਂ ਦੇ ਵੱਡੇ ਹਨ। ਸਾਡੇ ਗੁਰਾਂ ਦੇ ਭੀ ਵੱਡੇ ਹਨ ਤਾਂ ਤੇ ਏਹਨਾਂ ਦੇ ਵਿਰੁਧ ਆਖਨਾ ਆਪਣੇ ਵੱਡਿਆਂ ਦੇ ਵਿਰੁੱਧ ਆਖਨਾ ਹੁੰਦਾ ਹੈ।[15] ਇਸੇ ਤਰ੍ਹਾਂ ਆਪ ਵੇਦਾਂ ਦਾ ਜ਼ਿਕਰ ਕਰਨ ਉਪਰੰਤ ਲਿਖਦੇ ਹਨ, "ਕਿਯਾ ਫਿਰ ਵੇਦ ਝੂਠੇ ਹੋ ਗਏ ? ਨਹੀਂ, ਝੂਠੇ ਅਸੀਂ ਲੋਕ ਹਾਂ, ਜੋ ਅਸਲੀਅਤ ਨੂੰ ਨਹੀਂ ਵਿਚਾਰਦੇ, ਜਿਧਰ ਸਾਡਾ ਮਤਲਬ ਸਿੱਧ ਹੁੰਦਾ ਹੈ, ਉਧਰ ਹੀ ਉਸਦੇ ਅਰਥ ਘਸੀਟ ਲੈ ਜਾਂਦੇ ਹਾਂ।"[16] ਇਉਂ ਪ੍ਰੋ. ਗੁਰਮੁਖ ਸਿੰਘ ਆਪਣੇ ਵਿਰੋਧੀ ਦੇ ਮੱਤ ਦਾ ਖੰਡਨ ਤਾਂ ਕਰਦੇ ਹਨ, ਪਰ ਅਜਿਹਾ ਕਰਦਿਆਂ ਉਹ ਨਾ ਤਾਂ ਕਿਸੇ ਦਾ ਉਪਹਾਸ ਉਡਾਉਂਦੇ ਸਨ ਅਤੇ ਨਾ ਹੀ ਕਿਸੇ ਨੂੰ ਨੀਵਾਂ ਦਿਖਾਉਣ ਦਾ ਯਤਨ ਕਰਦੇ ਸਨ। ਜਿੱਥੇ ਸਰ ਸਕਿਆ ਹੈ, ਉਥੇ ਉਹਨਾਂ ਨੇ ਵਿਰੋਧੀ-ਵਿਚਾਰਾਂ ਵਾਲੇ ਦਾ ਜ਼ਿਕਰ ਤਕ ਨਹੀਂ ਕੀਤਾ ਕੇਵਲ ਸ਼ਬਦ-ਸੰਕੇਤ ਦੁਆਰਾ ਹੀ ਕੰਮ ਸਾਰ ਲਿਆ ਹੈ। ਉਹਨਾਂ ਦੇ ਸਮਕਾਲੀ ਬਾਬਾ ਖੇਮ ਸਿੰਘ ਬੇਦੀ ਗੁਰੂ-ਬੰਸ ਹੋਣ ਸਦਕਾ ਆਪਣੇ ਆਪ ਨੂੰ ਆਮ ਸਿੱਖਾਂ ਨਾਲੋਂ ਉਚਾ ਸਮਝਦੇ ਸਨ ਪਰ ਪ੍ਰੋ. ਗੁਰਮੁਖ ਸਿੰਘ ਦਾ ਮੱਤ ਸੀ ਕਿ ਗੁਰਗੱਦੀ ਦੁਨਿਆਵੀ ਵਿਰਾਸਤ ਨਾ ਹੋਣ ਕਾਰਨ ਇਸ ਉੱਤੇ ਵਾਰਸਾਂ ਦਾ ਸੁਤੇ-ਸਿਧ ਅਧਿਕਾਰ ਨਹੀਂ ਸੀ ਬਣ ਗਿਆ। ਇਸੇ ਲਈ ਗੁਰੂ ਨਾਨਕ ਦੇਵ ਜੀ ਨੇ ਆਪਣੇ ਪੁੱਤਰਾਂ ਦੀ ਥਾਂ ਆਪਣੇ ਇੱਕ ਸਿੱਖ ਨੂੰ ਗੁਰਗੱਦੀ ਉੱਤੇ ਬਿਠਾਇਆ। ਸੋ ਗੁਰੂ ਨਾਨਕ ਦਾ ਬੰਸਜ ਹੋਣ ਕਾਰਨ ਹੀ ਕੋਈ ਵਿਅਕਤੀ ਵੱਡਾ ਸਿੱਖ ਨਹੀਂ ਬਣ ਜਾਂਦਾ। ਬਿਨਾ ਕਿਸੇ ਦਾ ਨਾਉਂ ਲਿਆਂ ਉਹ ਲਿਖਦੇ ਹਨ, "ਇਸ ਵਿਰਾਸਤ ਸ਼ਬਦ ਦੀ ਭਰਾਂਤੀ ਵਿੱਚ ਆ ਕੇ ਸਾਡੇ ਗੁਰੂਆਂ ਦੇ ਕਈਆਂ ਭਰਾਵਾਂ, ਬੇਟਿਆਂ ਜੋ ਉਸ ਅਮਾਨਤ ਅਤੇ ਸੇਵਾ ਤੋਂ ਜੁਦਾ ਰੱਖੇ ਗਏ ਸੇ, ਕਈ ਤਰ੍ਹਾਂ ਦੇ ਝਗੜੇ ਕੀਤੇ। ਫੇਰ ਆਪ ਦੇਖੀਏ ਵਿਰਾਸਤ ਬਰਾਬਰ ਵੰਡੀ ਜਾਂਦੀ ਹੈ। ਕਹੀਏ ਐਸੀ ਅਮਾਨਤ ਅਤੇ ਸਤਿ ਧਰਮ ਦੇ ਬੂਟੇ ਦੇ ਭੀ ਰੁਪਈਆਂ ਅਤੇ ਹਵੇਲੀਆਂ ਦੀ ਤਰ੍ਹਾਂ ਹਿੱਸੇ ਹੋ ਕੇ ਵੰਡੇ ਜਾ ਸਕਦੇ ਹਨ। ਮਗਰ ਅਫ਼ਸੋਸ ਮੇਰੇ ਕਈ ਭਰਾ ਇਸ ਬਾਤ ਨੂੰ ਅੱਜ ਤੱਕ ਨਹੀਂ ਸਮਝੇ ਹੋਣਗੇ ............... ਮੈਨੂੰ ਉਮੇਦ ਹੈ ਕੇ ਮੇਰੇ ਇਤਨੇ ਆਖਣ ਤੇ ਮੇਰਾ ਮਤਲਬ ਮਾਲੂਮ ਹੋ ਗਿਆ ਹੋਊ ਅਤੇ ਕਈ ਲੋਕਾਂ ਦੀ ਭਰਾਂਤੀ ਭੀ ਜਾਂਦੀ ਰਹੀ ਹੋਊ।"[17]

### ਨਿਮਰਤਾ

ਉਹਨਾਂ ਦੇ ਵਿਅਕਤਿਤਵ ਵਿਚਲਾ ਨਿਮਰਤਾ ਦਾ ਗੁਣ ਹੀ ਸੀ ਕਿ ਉਹ ਵਿਰੋਧੀ ਦੇ ਵਿਚਾਰਾਂ ਦਾ ਖੰਡਨ ਕਰਦਿਆਂ ਵੀ ਉਲਾਰ ਨਹੀਂ ਸਨ ਹੁੰਦੇ। ਉਹਨਾਂ ਵੀ ਆਪਣੇ ਵਿਚਾਰਾਂ ਨੂੰ ਦੋਸ਼-ਰਹਿਤ ਹੋਣ ਦਾ ਦਾਅਵਾ ਨਹੀਂ ਕੀਤਾ, ਸਗੋਂ ਆਪਣੀ ਸੀਮਾ ਨੂੰ ਆਪਣੇ ਸਰੋਤਿਆਂ ਨਾਲ ਸਾਂਝਾ ਕਰ ਲੈਂਦੇ ਸਨ। ਉਹ ਇਕ ਥਾਂ ਲਿਖਦੇ ਹਨ, "ਜੇ ਕਰ ਮੇਰੇ ਕਥਨ ਵਿੱਚ ਗ਼ਲਤੀ ਹੈ, ਮੈਨੂੰ ਦੱਸੋ। ਮੈ ਸ਼ੁਰੂ ਵਿਚ ਏਸ ਬਾਤ ਦੀ ਦਰਖ਼ਾਸਤ ਕਰ ਚੁੱਕਾ ਹਾਂ।"[18] ਆਪਣੇ ਗਿਆਨ ਵਿਚ ਜਿੱਥੇ ਕਿਧਰੇ ਵੀ ਉਹਨਾਂ ਨੂੰ ਘਾਟ ਪ੍ਰਤੀਤ ਹੁੰਦੀ ਸੀ, ਉਹ ਉਸਨੂੰ ਪ੍ਰਵਾਨ ਕਰਨ ਤੋਂ ਨਹੀਂ ਸਨ ਝਿਜਕਦੇ। ਭਾਰਤ ਦੇ ਪ੍ਰਾਚੀਨ ਧਰਮ ਬਾਰੇ ਆਪਣੇ ਵਿਚਾਰ ਪ੍ਰਸਤੁਤ ਕਰਨ ਉਪਰੰਤ ਕਹਿੰਦੇ ਹਨ, "ਇਸ ਸਮੇਂ ਦੇ ਧਰਮ ਦੀ ਬਾਬਤ ਮੈਂ ਬਹੁਤ ਲੰਮਾ ਚੌੜਾ ਨਹੀਂ ਕਿਹਾ,..............ਏਹ ਭੀ ਸਬੱਬ ਹੈ ਜੋ ਓਹ ਸਮਾਂ ਬਹੁਤ ਦੂਰ ਹੋ ਗੁਜ਼ਰਿਆ ਹੈ ਤਾਂ ਤੇ ਓਸ ਸਮੇਂ ਦੀ ਪੱਕੀ ਤਰ੍ਹਾਂ ਬਾਤ ਆਖਣੀ ਕਠਨ ਹੈ।"[19]

### ਸੰਤੁਲਤ ਸੋਚ ਦੇ ਸੁਆਮੀ

ਪ੍ਰੋ. ਗੁਰਮੁਖ ਸਿੰਘ ਬੜੀ ਸੰਤੁਲਤ ਸੋਚ ਦੇ ਸੁਆਮੀ ਸਨ। ਇਹ ਨਹੀਂ ਕਿ ਜੋ ਵਿਚਾਰ ਅਥਵਾ ਵਸਤੂ ਮਨ ਲੱਗੀ ਉਸਦਾ ਦੂਜਾ ਪੱਖ ਹੀ ਨਾ ਵੇਖਣ ਸਗੋਂ ਉਹ ਹਰ ਵਸਤ ਅਥਵਾ ਵਿਚਾਰ ਦੇ ਗੁਣ ਔਗੁਣ ਦੋਵਾਂ ਨੂੰ ਹੀ ਧਿਆਨ ਗੋਚਰੇ ਰੱਖ ਕੇ ਆਪਣੀ ਸੰਮਤੀ ਦਿੰਦੇ ਸਨ। ਉਹਨਾਂ ਵੱਲੋਂ ਭਾਈ ਸੰਤੋਖ ਸਿੰਘ ਦੀਆਂ ਰਚਨਾਵਾਂ ਦਾ ਕੀਤਾ ਮੁਲੰਕਣ ਸਾਡੇ ਇਸ ਕਥਨ ਦੀ ਪੁਸ਼ਟੀ ਕਰਦਾ ਹੈ। ਭਾਈ ਸੰਤੋਖ ਸਿੰਘ ਰਚਿਤ ਸੂਰਜ ਪ੍ਰਕਾਸ਼ ਅਤੇ ਨਾਨਕ ਪ੍ਰਕਾਸ਼ ਵਿੱਚ ਗੁਰਮਤ ਦੀ ਦ੍ਰਿਸ਼ਟੀ ਤੋਂ ਅਨੇਕਾਂ ਤਰੁੱਟੀਆਂ ਹਨ। ਇਹਨਾਂ ਵਿਚ ਦਰਜ ਗੁਰ ਇਤਿਹਾਸ ਦੇ ਵੇਰਵੇ ਗੁਰਮਤ ਦਰਸ਼ਨ ਦੀ ਕਸਵੱਟੀ ਉੱਤੇ ਪੂਰੇ ਨਹੀਂ ਉਤਰਦੇ, ਜਿਸ ਕਾਰਨ ਪ੍ਰੋ. ਗੁਰਮੁਖ ਸਿੰਘ ਨੇ ਇਹਨਾਂ ਰਚਨਾਵਾਂ ਦੀ ਸਿੱਖ ਇਤਿਹਾਸ ਦੇ ਸ੍ਰੋਤ ਗ੍ਰੰਥਾਂ ਵਜੋਂ ਪ੍ਰਮਾਣਿਕਤਾ ਉਤੇ ਕਿੰਤੂ ਕੀਤਾ ਹੈ। ਪਰ ਨਾਲ ਦੀ ਨਾਲ ਉਹ ਭਾਈ ਸੰਤੋਖ ਸਿੰਘ ਦੇ ਉਦਮ ਅਤੇ ਉਨ੍ਹਾਂ ਦੀ ਕਾਵਿ-ਕਲਾ ਦੀ ਸ਼ਲਾਘਾ ਵੀ ਕਰਦੇ ਹਨ। ਉਹ ਲਿਖਦੇ ਹਨ, "ਆਪ ਜਦ ਉਹਨਾਂ ਦਾ ਸੂਰਜ ਪ੍ਰਕਾਸ਼ ਅਤੇ ਨਾਨਕ ਪ੍ਰਕਾਸ਼ ਪੜ੍ਹੋਗੇ ਤਾਂ ਆਪ ਨੂੰ ਉਹ ਜਗਾ ਆਪੇ ਪਈਆਂ ਦਿਸਣਗੀਆਂ, ਜੋ ਕੱਚੀਆਂ ਅਤੇ ਨਿਕੰਮੀਆਂ ਹਨ। ਕਵਿਤਾ ਬਹੁਤ ਸੁੰਦਰ, ਗੁੰਦ ਖ਼ਰੀ ਉਮਦਾ ਪਰ ਵਿੱਚ ਜੋ ਮਜ਼ਮੂਨ ਹੈ ਸੋ ਥੋਥਾ,..........ਭਾਈ ਸੰਤੋਖ ਸਿੰਘ ਜੀ ਕਵੀ ਸੇ, ਓਹ ਇਤਿਹਾਸਕ ਨਹੀਂ ਸੇ, ਓਹ ਗਨਕ ਨਹੀਂ ਸੇ, ਓਹਨਾਂ ਨੂੰ ਖ਼ਾਲਸਾ ਧਰਮ ਦੇ ਅਸੂਲ ਮਾਲੂਮ ਨਹੀਂ ਸੇ। ਓਹਨਾ ਪੈੜੇ ਮੋਖੇ ਦੀ ਜਨਮ ਸਾਖੀ ਲਈ, ਹੰਦਾਲ ਦਾ ਨਾਉਂ ਕੱਢ ਸੁਟਿਆ ਹੋਰ ਘਨਿਆ ਤਨਿਆ ਰਹਿਨ ਦਿੱਤਾ। ਥੋੜਾ ਬਹੁਤ ਸਾਖੀਆਂ ਦਾ ਅਦਲ ਬਦਲ ਕੀਤਾ। ਪੌਰਾਨਕ ਮੱਤ ਦੀਆਂ ਬਾਤਾਂ ਰਲਾ ਮਿਲਾ ਕੇ ਚੰਗੀ ਕਵਿਤਾ ਵਿੱਚ ਇੱਕ ਗ੍ਰੰਥ ਚੱਕ ਰਚਿਆ ਜੋ ਹੁਣ ਨਾਨਕ ਪ੍ਰਕਾਸ਼ ਸਦਾਉਂਦਾ ਹੈ। ਓਹਨਾਂ ਓਸ ਜਨਮ-ਸਾਖੀ ਦੇ ਮੂਲ ਨੂੰ ਨਾ ਵਿਚਾਰਿਆ, ਝੂਠੀਆਂ ਸੱਚੀਆਂ ਸਾਖੀਆਂ ਦਾ ਨਿਰਨਾ ਨਾ ਕੀਤਾ, ਤਵਾਰੀਖ਼ਾਂ ਦੇ ਨਾਲ ਨਾ ਮੁਕਾਬਲਾ ਕੀਤਾ, ਹਿਸਾਬ ਨਾਲ ਦਿਨ ਵਾਰ ਨਾ ਸੋਧਿਆ, ਖ਼ਾਲਸਾ ਧਰਮ ਦੇ ਅਨੁਸਾਰ ਜੁਗਤੀ ਨਾ ਠਹਿਰਾਈ। ਮੈਂ ਉਹਨਾਂ ਦੀ ਹਿੰਮਤ ਦੇ ਕੁਰਬਾਨ ਹਾਂ। ਮੈ ਉਹਨਾਂ ਦੇ ਪੁਰਸਾਰਥ ਦੇ ਕੁਰਬਾਨ ਹਾਂ। ਜਿਨੀ ਮੇਹਨਤ ਉਹਨਾਂ ਕੀਤੀ, ਕਿਸੇ ਨਹੀਂ ਕੀਤੀ। ਇਕ

ਖਜ਼ਾਨਾ ਜਮਾ ਕਰ ਕੇ ਛੱਡ ਗਏ, ਜਿਸ ਖਜ਼ਾਨੇ ਨੂੰ ਅਸੀਂ ਹੁਣ ਵਿਚਾਰ ਸਕਦੇ ਹਾਂ ਅਤੇ ਜਿਸ ਵਿਚੋਂ ਖਰੇ ਰੁਪੈ ਅਤੇ ਖੋਟੇ ਪੈਸੇ ਦੂਏ ਪਾਸੇ ਕਰ ਸਕਦੇ ਹਾਂ।[20]

**ਪੰਜਾਬੀ ਭਾਸ਼ਾ ਅਤੇ ਸਾਹਿੱਤ ਦੀ ਉਨੱਤੀ ਦੇ ਹਾਮੀ**

ਪ੍ਰੋ. ਗੁਰਮੁਖ ਸਿੰਘ ਦਾ ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ ਅਤੇ ਗੁਰਮੁਖੀ ਪ੍ਰਤੀ ਪਿਆਰ ਵੀ ਕੋਈ ਲੁਕੀ ਛਿਪੀ ਗੱਲ ਨਹੀਂ। ਇਹ ਉਨ੍ਹਾਂ ਦਾ ਪੰਜਾਬੀ ਪ੍ਰੇਮ ਹੀ ਸੀ, ਜਿਸ ਕਾਰਨ ਉਨ੍ਹਾਂ ਨੇ ਸਿੰਘ ਸਭਾ ਲਾਹੌਰ, ਖ਼ਾਲਸਾ ਦੀਵਾਨ ਆਦਿ ਸੰਸਥਾਵਾਂ ਦੇ ਮੁਢਲੇ ਅਸੂਲ ਨਿਰਧਾਰਤ ਕਰਦਿਆਂ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵਿਕਾਸ ਨੂੰ ਸਦਾ ਹੀ ਪ੍ਰਮੁੱਖ ਸਥਾਨ ਦਿੱਤਾ। ਉਹ ਚਾਹੁੰਦੇ ਸਨ ਕਿ ਪੰਜਾਬ ਵਿਚ ਨਾ ਕੇਵਲ ਪੰਜਾਬੀ ਦੀ ਸਿਖਿਆ ਦਾ ਹੀ ਪ੍ਰਬੰਧ ਹੋਵੇ, ਸਗੋਂ ਸਾਰੇ ਕਾਰ-ਵਿਹਾਰ ਅਤੇ ਸਿਖਿਆ ਦਾ ਮਾਧਿਅਮ ਵੀ ਗੁਰਮੁਖੀ ਅੱਖਰਾਂ ਵਿੱਚ ਲਿਖੀ ਜਾਂਦੀ ਪੰਜਾਬੀ ਭਾਸ਼ਾ ਨੂੰ ਹੀ ਬਣਾਇਆ ਜਾਵੇ। ਇਸ ਹੀ ਆਸ਼ੇ ਨੂੰ ਸਾਹਮਣੇ ਰੱਖ ਕੇ ਉਹਨਾਂ ਪੰਜਾਬ ਵਿਚ ਦੇਸੀ ਪ੍ਰਣਾਲੀ ਅਨੁਸਾਰ ਪੰਜਾਬੀ ਪੜ੍ਹਾਉਣ ਵਾਲੇ ਸਕੂਲਾਂ ਦਾ ਸਰਵੇਖਣ ਕੀਤਾ। ਜਿਸਨੂੰ ਪਿੱਛੋਂ ਡਾਕਟਰ ਲਿਟਨਰ ਇਸੇ ਵਿਸ਼ੇ ਬਾਰੇ ਆਪਣੇ ਅਧਿਅਨ ਦਾ ਅੰਗ ਬਣਾਇਆ।[21] ਉਹਨਾਂ ਦੇ ਯਤਨਾਂ ਸਦਕਾ ਹੀ ਓਰੀਐਂਟਲ ਕਾਲਜ ਵਿੱਚ ਪੰਜਾਬੀ ਪੜ੍ਹਾਈ ਜਾਣੀ ਸ਼ੁਰੂ ਹੋਈ। "ਜਦ ਡਾਕਟਰ ਹੰਟਰ ਜੋ ਵਿਦਯਾਵਰਧਨੀ ਕਮੇਟੀ ਵੱਲੋਂ ਇਹ ਦਰਿਆਫ਼ਤ ਕਰਨ ਆਏ ਕਿ ਇਸ ਦੇਸ ਵਿਚ ਕਿਹੜੀ ਵਿਦਯਾ ਹੋਣੀ ਚਾਹੀਏ, ਤਦ ਭਾਈ ਸਾਹਿਬ ਨੇ ਪੰਜਾਬੀ ਲਈ ਬਹੁਤ ਹੀ ਯਤਨ ਕੀਤਾ।"[22] ਉਹਨਾਂ ਦੇ ਉਪਰਾਲੇ ਸਦਕਾ ਹੀ ਪਹਿਲਾਂ 1880 ਈਸਵੀ ਵਿਚ ਸਿੰਘ ਸਭਾ, ਲਾਹੌਰ ਵੱਲੋਂ ਪੰਜਾਬੀ ਸਕੂਲ ਖੋਲ੍ਹਿਆ ਗਿਆ, ਅਪ੍ਰੈਲ, 1897 ਈਸਵੀ ਤੋਂ ਗੌਰਮਿੰਟ ਮਿਡਲ ਸਕੂਲ, ਲਾਹੌਰ ਵਿੱਚ ਪੰਜਾਬੀ ਦੀ ਪੜ੍ਹਾਈ ਕਰਵਾਈ ਜਾਣ ਲੱਗੀ ਅਤੇ ਪੰਜਾਬੀ ਨੂੰ ਇੰਟਰੈਂਸ ਦੇ ਇਮਤਿਹਾਨਾਂ ਵਿਚ ਵੀ ਪ੍ਰਵਾਨ ਕੀਤਾ ਜਾਣ ਲੱਗ ਪਿਆ। ਉਹ ਸਾਹਿਤ-ਰਚਨਾ ਲਈ ਸੌਖੀ ਬੋਲੀ ਦੀ ਵਰਤੋਂ ਕਰਨ ਦੇ ਮੁਦਈ ਸਨ ਅਤੇ ਬੋਝਲ ਸ਼ਬਦਾਵਲੀ ਦੀ ਵਰਤੋਂ ਕਰਨ ਵਾਲਿਆਂ ਨੂੰ ਚੰਗਾ ਨਹੀਂ ਸਨ ਸਮਝਦੇ। ਉਹ ਆਪਣੇ ਇਕ ਸਮਕਾਲੀ ਟੀਕਾਕਾਰ ਦੀ ਭਾਸ਼ਾ ਬਾਰੇ ਟਿੱਪਣੀ ਕਰਦਿਆਂ ਲਿਖਦੇ ਹਨ, "ਪਟਿਆਲੇ ਵਿੱਚ ਇੱਕ ਅੱਛੇ ਪੰਡਤ ਹਨ, ਜੋ ਉਹਨਾਂ ਦੀ ਟੀਕਾ ਦੇ ਅਰਥ ਦੇਖੋ ਤਾਂ ਕਿਸੇ ਚੰਗੇ ਪੰਡਿਤ ਪਾਸ ਬੈਠੇ ਬਿਨਾਂ ਉਹਨਾਂ ਦੀ ਟੀਕਾ ਦੇ ਅਰਥ ਨਹੀਂ ਆ ਸਕਦੇ।"[23]

**ਸੁਯੋਗ ਅਧਿਆਪਕ**

ਪ੍ਰੋ. ਗੁਰਮੁਖ ਸਿੰਘ ਇਕ ਸੂਝਵਾਨ ਅਤੇ ਫ਼ਰਜ਼ ਸ਼ਿਨਾਸ ਅਧਿਆਪਕ ਸਨ। ਜਿਹਨੀ ਦਿਨੀਂ ਉਹਨਾਂ ਨੇ ਅਧਿਆਪਨ ਕਾਰਜ ਆਰੰਭ ਕੀਤਾ, ਉਦੋਂ ਵਿਦਿਆਰਥੀਆਂ ਦੇ ਕੋਰਸਾਂ ਦੀਆਂ ਪੁਸਤਕਾਂ ਨਹੀਂ ਸਨ ਮਿਲਦੀਆਂ, ਜਿਸ ਕਾਰਣ ਇਹ ਪੁਸਤਕਾਂ ਤਿਆਰ ਕਰਨ ਦੀ ਜ਼ਿਮੇਵਾਰੀ ਵੀ ਅਧਿਆਪਕਾਂ ਨੂੰ ਆਪ ਹੀ ਉਠਾਉਣੀ ਪੈਂਦੀ ਸੀ। ਪ੍ਰੋ. ਗੁਰਮੁਖ ਸਿੰਘ ਦਾ ਬਹੁਤਾ ਸਮਾਂ ਸਿੰਘ ਸਭਾ ਦੀਆਂ ਜਥੇਬੰਦਕ ਜ਼ਿਮੇਵਾਰੀਆਂ ਨਿਭਾਉਣ ਵਿੱਚ ਹੀ ਲਗਦਾ ਸੀ, ਪਰ ਇਸ ਦੇ ਬਾਵਜੂਦ ਵੀ ਉਹਨਾਂ ਨੇ ਅਧਿਆਪਕ ਵਜੋਂ ਆਪਣੇ ਫ਼ਰਜ਼ਾਂ ਦੀ ਪੂਰੀ ਤਨਦੇਹੀ ਨਾਲ ਪਾਲਣਾ ਕੀਤੀ। ਆਪਣੇ ਵਿਦਿਆਰਥੀਆਂ ਲਈ ਲੋੜੀਂਦੀਆਂ ਪਾਠ-ਪੁਸਤਕਾਂ ਦੀ ਲੋੜ ਪੂਰੀ ਕਰਨ ਲਈ ਉਹਨਾਂ ਨੇ ਬਹੁਤ ਸਾਰੀਆਂ ਅੰਗਰੇਜ਼ੀ ਪੁਸਤਕਾਂ ਦਾ ਹਿੰਦੀ ਵਿੱਚ ਅਨੁਵਾਦ ਕੀਤਾ। ਉਹਨਾ ਦੁਆਰਾ ਅਨੁਵਾਦਿਤ ਪੁਸਤਕਾਂ ਵਿਚ ਮੈਨ ਰਚਿਤ ਖਗੋਲ

ਵਿਗਿਆਨ (Main's Astronomy) ਇਲਫ਼ਿਨਸਟੋਨ ਰਚਿਤ ਭਾਰਤ ਦਾ ਇਤਿਹਾਸ (Histoty of India by Elphinstone), ਪਾਰਕਿਨਸਨ ਰਚਿਤ ਪ੍ਰਕਾਸ਼ ਵਿਗਿਆਨ (Parkinson's optics), ਪੇਜ ਰਚਿਤ ਭੌਤਿਕ ਭੂਗੋਲ (Page's Physical Geograyhy), ਟੇਲਰ ਰਚਿਤ 'ਪ੍ਰਾਚੀਨ ਇਤਿਹਾਸ' (Ancient History by Taylor) ਸ੍ਰੀਮਤੀ ਫ਼ਾਸੈਟ ਰਚਿਤ ਰਾਜਸੀ ਅਰਥ ਵਿਵਸਥਾ (Political Economy by Mrs. Fawceh) ਆਦਿ ਸ਼ਾਮਲ ਹਨ । ਅਨੁਵਾਦਿਤ ਪੁਸਤਕਾਂ ਦੇ ਵਿਸ਼ਿਆਂ ਦੀ ਵੰਨ-ਸੁਵੰਨਤਾ ਤੋਂ ਅਨੁਵਾਦਕ ਦੇ ਮਨ ਵਿਚ ਭਾਂਤ-ਸੁਭਾਂਤੇ ਗਿਆਨ ਨੂੰ ਗ੍ਰਹਿਣ ਕਰਨ ਦੀ ਲਾਲਸਾ ਵੀ ਪ੍ਰਮਾਣਿਤ ਹੁੰਦੀ ਹੈ ।

ਪ੍ਰੋ. ਗੁਰਮੁਖ ਸਿੰਘ ਖਗੋਲ ਵਿਗਿਆਨ ਦੇ ਵੀ ਚੰਗੇ ਮਾਹਰ ਸਨ । ਉਹਨਾਂ ਨੇ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਵਸ ਦਾ ਨਿਰਣਾ ਕਰਨ ਲਈ ਜਿੱਥੇ ਗੁਰਮਤ ਸਾਹਿਤ ਵਿਚ ਮਿਲਦੇ ਹਵਾਲਿਆਂ ਨੂੰ ਆਧਾਰ ਬਣਾਇਆ, ਉਥੇ ਨਾਲ ਦੀ ਨਾਲ ਗੁਰੂ ਨਾਨਕ ਦੇਵ ਜੀ ਦੇ ਜਨਮ ਬਾਰੇ ਪ੍ਰਾਪਤ ਦੋ ਟੇਵਿਆਂ ਦਾ ਗ੍ਰਹਿ ਚਾਲ ਦੀ ਦ੍ਰਿਸ਼ਟੀ ਤੋਂ ਡੂੰਘਾ ਵਿਸ਼ਲੇਸ਼ਣ ਵੀ ਕੀਤਾ ।

**ਅੰਗਰੇਜ਼-ਭਗਤੀ**

ਪ੍ਰੋ. ਗੁਰਮੁਖ ਸਿੰਘ ਦੇ ਆਚਰਣ ਦਾ ਇੱਕ ਹੋਰ ਜਿਹੜਾ ਗੁਣ ਸਾਡਾ ਧਿਆਨ ਖਿੱਚਦਾ ਹੈ ਉਹ ਹੈ ਉਹਨਾਂ ਦੀ ਅੰਗਰੇਜ਼ ਹਾਕਮਾਂ ਪ੍ਰਤੀ ਵਫ਼ਾਦਾਰੀ ਦੀ ਭਾਵਨਾ । ਗਿਆਰਾਂ ਅਪ੍ਰੈਲ, 1880 ਈਸਵੀ ਨੂੰ ਸਥਾਪਤ ਕੀਤੀ ਗਈ ਸ੍ਰੀ ਗੁਰੂ ਸਿੰਘ ਸਭਾ ਜਨਰਲ ਦੇ ਨਿਯਮਾਂ ਵਿੱਚ ਸਰਕਾਰੀ ਫ਼ਰਮਾਂ-ਬਰਦਾਰੀ ਨੂੰ ਦਰਜ ਕਰਨ ਦੇ ਨਾਲ ਨਾਲ ਇਹ ਵੀ ਅਨੁਬੰਧ ਕੀਤਾ ਗਿਆ ਸੀ ਕਿ "ਸ੍ਰੀ ਗੁਰੂ ਸਿੰਘ ਸਭਾ ਵਿਚ ਕੋਈ ਬਾਤ ਸਰਕਾਰ ਦੇ ਤੱਲਕ ਨਹੀਂ ਕੀਤੀ ਜਾਵੇਗੀ ।" ਸ੍ਰੀ ਗੁਰੂ ਸਿੰਘ ਸਭਾ ਲਹਿਰ ਨੂੰ ਇਸ ਨੀਤੀ ਉਤੇ ਤੋਰਨ ਵਿੱਚ ਪ੍ਰੋ. ਗੁਰਮੁਖ ਸਿੰਘ ਦਾ ਮਹੱਤਵ ਪੂਰਨ ਰੋਲ ਸੀ ਅਤੇ ਉਹ ਸਦਾ ਯਤਨਸ਼ੀਲ ਰਹੇ ਕਿ ਸਭਾ ਇਸ ਨੀਤੀ ਉਤੋਂ ਨਾ ਥਿੜਕੇ । ਅੰਗਰੇਜ਼ ਹਾਕਮਾ ਪ੍ਰਤੀ ਵਫ਼ਾਦਾਰੀ ਨਿਭਾਉਣ ਲਈ ਹੀ ਖ਼ਾਲਸਾ ਦੀਵਾਨ, ਲਾਹੌਰ, ਜਿਸ ਦੇ ਮੁੱਖ ਸਕੱਤਰ ਪ੍ਰੋ. ਗੁਰਮੁਖ ਸਿੰਘ ਸਨ, ਨੇ ਅਪ੍ਰੈਲ, 1886 ਈਸਵੀ ਵਿੱਚ ਬਾਵਾ ਨਿਹਾਲ ਸਿੰਘ ਨੂੰ ਦੀਵਾਨ ਵਿਚੋਂ ਖ਼ਾਰਜ ਕਰ ਦਿੱਤਾ ਸੀ । ਕਾਰਣ ਇਹ ਸੀ ਕਿ ਬਾਵਾ ਨਿਹਾਲ ਸਿੰਘ ਨੇ ਉਰਦੂ ਵਿੱਚ ਇਕ ਪੁਸਤਕ "ਖੁਰਸ਼ੀਦ ਖ਼ਾਲਸਾ" ਲਿਖ ਕੇ ਛਪਵਾਈ । ਇਸ ਪੁਸਤਕ ਵਿੱਚ ਅੰਗਰੇਜ਼ੀ ਰਾਜ ਦਾ ਵਿਰੋਧ ਕੀਤਾ ਗਿਆ ਸੀ ਅਤੇ ਪੰਜਾਬ ਦੀ ਵਾਗ ਡੋਰ ਮਹਾਰਾਜਾ ਦਲੀਪ ਸਿੰਘ ਦੇ ਹੱਥ ਆ ਜਾਣ ਦੀ ਕਾਮਨਾ ਕੀਤੀ ਗਈ ਸੀ । ਅੰਗਰੇਜ਼ ਹਕੂਮਤ ਪੱਖੀ ਆਪਣੇ ਰਵੱਈਏ ਉਤੇ ਪ੍ਰੋ. ਗੁਰਮੁਖ ਸਿੰਘ ਨੇ ਸਾਰੀ ਉਮਰ ਪਹਿਰਾ ਦਿਤਾ । ਸਾਰਾਗੜ੍ਹੀ ਦੀ ਜੰਗ ਵਿੱਚ ਸ਼ਹੀਦ ਹੋਏ ਸਿੰਘਾਂ ਦੇ ਵੀਰਤਾ ਭਰੇ ਕਾਰਨਾਮੇ ਦਾ ਜ਼ਿਕਰ ਕਰਦਿਆਂ ਉਹਨਾਂ ਨੇ ਜੋ ਲੇਖ 'ਮਾਨਵਰ ਸ਼ਹੀਦੀ' ਲਿਖਿਆ ਉਸਦਾ ਉਪ ਸਿਰਲੇਖ ਸੀ "ਕੈਸਰ ਹਿੰਦ ਦੀ ਰਣ ਵਿੱਚ ਨਿਮਕ ਹਲਾਲੀ ਦੀ ਸ਼ਰਤ ਪੂਰੀ ਕਰਨ ਵਿਚ ਯਸ਼ਦਾਇਕ ਮ੍ਰਿਤੂ ।"[24] ਇਸ ਲੇਖ ਵਿੱਚ ਉਹਨਾਂ ਨੇ ਅੰਗਰੇਜ਼ਾਂ ਅਤੇ ਸਿੰਘਾਂ ਦੇ ਆਪਸੀ ਪਿਆਰ, ਮੁਹੱਬਤ ਅਤੇ ਮਿਲਵਰਤਨ ਨੂੰ ਵਧਾਉਣ ਵਾਲੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਸੀ । ਉਹਨਾਂ ਲਿਖਿਆ, "ਅਜਿਹਾ ਖ਼ਾਲਸਾ ਹੈ, ਜਿਸਦੇ ਸਰਹੱਦ ਦੇ ਜੰਗ ਵਿਚ

ਸ਼ਹੀਦ ਹੋਨੇ ਪਰ ਬ੍ਰਿਟਨ ਭਾਈਆਂ ਨੂੰ ਹਮਦਰਦੀ ਦਾ ਜੋਸ਼ ਪੈਦਾ ਹੋਇਆ, ਜਿਸ ਜੋਸ਼ ਨਾਲ ਇਨ੍ਹਾਂ ਚਾਹਿਆ ਕਿ ਉਨ੍ਹਾਂ ਸ਼ਹੀਦਾਂ ਦੀ ਉਮਦਾ ਅਤੇ ਦਾਇਮ ਯਾਦਗਾਰ ਬਣਾਈ ਜਾਵੇ। ਬ੍ਰਿਟਨ ਲੋਕਾਂ ਦਾ ਜੋਸ਼ ਅਤੇ ਹੌਸਲਾ ਇਸ ਕੰਮ ਵਿਚ ਐਸਾ ਹੈ ਜੈਸੇ ਸਕੇ ਭਰਾਵਾਂ ਦਾ ਹੁੰਦਾ ਹੈ ਅਤੇ ਜੋ ਦੋਹਾਂ ਨੂੰ ਇਕ ਜਾਨ ਕਰ ਦੇਣ ਵਾਲਾ ਹੈ। ਇਹ ਦੋਨੋਂ ਕੌਮਾਂ ਆਪਸ ਵਿਚ ਇਕ ਪਾਸਿਓਂ ਮੁਹੱਬਤ ਅਤੇ ਲਗਾਓ, ਦੂਜੇ ਪਾਸਿਓਂ ਖੈਰ-ਅੰਦੇਸ਼ੀ, ਭਲਾਈ ਅਤੇ ਕੀਰਤੀ ਕਰਦੇ ਹੋਏ ਇਕੋ ਮਾਤਾ ਕੈਸਰ ਹਿੰਦ ਦੇ ਪਿਆਰੇ ਬੇਟੇ ਸਜ ਰਹੇ ਹਨ।[25]

ਉਹਨਾ ਨੇ ਸਿੰਘਾਂ ਨੂੰ ਅਪੀਲ ਕੀਤੀ "ਇਸ ਤੋਂ ਨਾਲ ਹੀ ਆਪ ਅਪਨੇ ਬ੍ਰਿਟਨ ਭਰਾਵਾਂ ਦੇ ਨਾਲ ਹੋ ਕੇ ਇਕ ਚੰਗੇ ਅਤੇ ਨੇਕ ਕੰਮ ਨੂੰ ਅਪਨੇ ਤਨ, ਮਨ, ਧਨ, ਬੁੱਧੀ ਅਤੇ ਬਲ ਨਾਲ ਸਹਾਇਤਾ ਕਰਕੇ ਪੂਰਾ ਕਰੋ ਅਤੇ ਅਪਨੀ ਰਲੀ ਮਿਲੀ ਅਤੇ ਕੱਠੀ ਸਲਾਹ ਦਾ ਐਸਾ ਸੋਹਣਾ ਨਤੀਜਾ ਕੱਢੋ ਜੋ ਪੰਥ ਦੇ ਨਾਉਂ ਅਤੇ ਨਮੂਜ ਦੇ ਲੋਕ ਹੋ।"[26]

ਅੰਗਰੇਜ਼ ਸਰਕਾਰ ਵੱਲੋਂ ਸਾਰਾਗੜ੍ਹੀ ਦੇ ਸ਼ਹੀਦਾਂ ਦੀ ਯਾਦਗਾਰ ਅੰਮ੍ਰਿਤਸਰ ਵਿਖੇ ਕਾਇਮ ਕਰਨ ਦੇ ਯਤਨ ਦੇ ਫੈਸਲੇ ਦੀ ਸ਼ਲਾਘਾ ਕਰਦਿਆਂ ਉਹ ਲਿਖਦੇ ਹਨ, "ਖਾਲਸਾ ਪੰਥ ਨੂੰ ਇਹ ਬਾਤ ਸੁਨ ਕੇ ਨਿਹਾਇਤ ਖੁਸ਼ ਹੋਣਾ ਅਤੇ ਫੁਲਨਾ ਚਾਹੀਦੇ ਕਿ ਸਰਕਾਰ ਨੇ ਬੜੀ ਅਪਾਰ ਕ੍ਰਿਪਾ ਕਰ ਕੇ ਅੰਮ੍ਰਿਤਸਰ ਜੀ ਵਿਚ ਯਾਦਗਾਰ ਬਨਾਉਨ ਦਾ ਖ਼ਰਚ ਅਪਨੇ ਜ਼ਿੰਮੇ ਲੈ ਲਿਆ ਹੈ। ਕਿਤਨੇ ਬੜੇ ਅਸੀਂ ਖੁਸ਼ਨਸੀਬ ਹਾਂ ਅਤੇ ਕਿਤਨਾ ਸਾਨੂੰ ਸ਼ੁਕਰ ਗੁਜ਼ਾਰ ਹੋਣਾ ਚਾਹੀਏ। ਗਵਰਨਮਿੰਟ ਨੇ ਤਾਂ ਸੱਚ ਮੁੱਚ ਇਸ ਮਿਹਰਬਾਨੀ ਨਾਲ ਸਾਡੇ ਦਿਲਾਂ ਨੂੰ ਮੋਹ ਲਿਆ ਹੈ ਅਤੇ ਸਾਡਾ ਜੋ ਸਰਕਾਰ ਦੇ ਚਰਨਾਂ ਨਾਲ ਪਿਆਰ ਅਤੇ ਸਰਕਾਰ ਤੋਂ ਅਸੀਂ ਕੁਰਬਾਨ ਹੋ ਰਹੇ ਹਾਂ, ਇਸਨੇ ਇਨ੍ਹਾਂ ਬਾਤਾਂ ਨੂੰ ਕਈ ਗੁਨਾ ਵਧਾ ਦਿੱਤਾ ਹੈ।"[27]

ਅੰਗਰੇਜ਼ੀ ਰਾਜ ਨੂੰ ਹਮੇਸ਼ ਹਮੇਸ਼ ਕਾਇਮ ਰੱਖਣ ਲਈ ਕੈਸਰ ਹਿੰਦ ਦੇ ਦੋ-ਦੁਸ਼ਮਣਾਂ ਨੂੰ ਚਕਨਾ ਚੂਰ ਕਰਨ ਲਈ ਬਲ ਪ੍ਰਦਾਨ ਕਰਨ ਵਾਸਤੇ ਪ੍ਰੋ. ਗੁਰਮੁਖ ਸਿੰਘ ਵਾਹਿਗੁਰੂ ਅੱਗੇ ਇਉਂ ਅਰਦਾਸ ਕਰਦੇ ਹਨ "ਹੇ ਅਕਾਲ ਪੁਰਖ, ਤੂੰ ਸਰਕਾਰ ਦੇ ਰਾਜ ਨੂੰ ਸਾਡੇ ਪਰ ਹਮੇਸ਼ ਕਾਇਮ ਰੱਖ, ਹੇ ਗੁਰੂ ਮਹਾਰਾਜ, ਸਾਨੂੰ ਹਮੇਸ਼ਾ ਇਹ ਤਾਕਤ ਬਖਸ਼ ਕਿ ਅਸੀਂ ਕੈਸਰ ਹਿੰਦ ਦੇ ਦੁਸ਼ਮਨਾਂ ਨੂੰ ਹਮੇਸ਼ ਚਕਨਾ ਚੂਰ ਕਰਦੇ ਰਹੀਏ ਅਤੇ ਮਹਾਰਾਣੀ ਦੇ ਨਿਸ਼ਾਨਾਂ ਨੂੰ ਵੈਰੀਆਂ ਦੀਆਂ ਛਾਤੀਆਂ ਪਰ ਗੱਡਦੇ ਰਹੀਏ।"[28]


ਅੰਗਰੇਜ਼ੀ ਰਾਜ ਦਾ ਝੰਡਾ ਦੇਸ਼ ਦੇਸ਼ਾਂਤਰਾਂ ਵਿਚ ਗੱਡਣ ਲਈ ਖ਼ਾਲਸੇ ਵੱਲੋਂ ਘਾਲੀ ਗਈ ਘਾਲਣਾ ਦਾ ਬਿਆਨ ਪ੍ਰੋ. ਗੁਰਮੁਖ ਸਿੰਘ ਨੇ ਆਪਣੀ ਇਕ ਕਵਿਤਾ ਵਿਚ ਇਉਂ ਕੀਤਾ ਹੈ :

ਜਿੱਥੇ ਝੰਡਾ ਬ੍ਰਿਟਨ ਦਾ ਲੈਹ ਲੈਹ ਕਰਦਾ ਦਏ ਦਖਾਈ।
ਉਥੇ ਦੇਖੋ ਖ਼ਾਲਸੇ ਕੀ ਕੀ ਮੁਸ਼ਕਲ ਘਾਲ ਕਮਾਈ।
ਸੱਚਾ ਨਿਮਕ ਹਲਾਲ ਹੈ ਕੈਸਰ ਹਿੰਦ ਰਹੇ ਬਲ ਜਾਈ।[29]

ਪ੍ਰੋ. ਗੁਰਮੁਖ ਸਿੰਘ ਅਤੇ ਸਮੁੱਚੀ ਸਿੰਘ ਸਭਾ ਲਹਿਰ ਵਲੋਂ ਅੰਗਰੇਜ਼ ਹਾਕਮਾਂ ਪ੍ਰਤੀ ਧਾਰਨਾ ਕੀਤੀ ਵਫ਼ਾਦਾਰੀ ਅਤੇ ਮਿਲਵਰਤਣ ਦੀ ਭਾਵਨਾ ਕੋਈ ਅਲੋਕਾਰ ਗੱਲ ਨਹੀਂ ਸੀ, ਸਗੋਂ ਪਰਸਥਿਤੀਆਂ ਨੂੰ ਧਿਆਨ ਗੋਚਰੇ ਰੱਖਦਿਆਂ ਸਮਝ ਬੂਝ ਨਾਲ ਲਿਆ ਗਿਆ ਫ਼ੈਸਲਾ ਸੀ। ਉਸ ਸਮੇਂ ਸਿੱਖ ਭਾਈਚਾਰਾ ਇੱਕ ਗੰਭੀਰ ਸੰਕਟ ਦੇ ਸਮੇਂ ਵਿਚ ਦੀ ਗੁਜ਼ਰ ਰਿਹਾ

ਸੀ। ਭਾਰਤ ਭਰ ਵਿਚੋਂ ਅੰਗਰੇਜ਼ੀ ਰਾਜ ਵਿੱਚ ਸ਼ਾਮਲ ਕੀਤੀ ਜਾਣ ਵਾਲੀ ਸੱਭ ਤੋਂ ਅੰਤਲੀ ਰਾਜ-ਸ਼ਕਤੀ ਸਿੱਖਾਂ ਦੀ ਹੀ ਸੀ। ਸਿੱਖ ਭਾਈਚਾਰੇ ਦੀ ਸਵਾਧੀਨਤਾ ਖੋਹਣ ਵਿੱਚ ਸਾਰੇ ਹੀ ਭਾਰਤ ਦੇ ਹਿੰਦੂ ਮੁਸਲਮਾਨਾਂ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ ਸੀ। ਇਕ ਪਾਸੇ ਕੂਕਾ-ਲਹਿਰ ਅਤੇ ਦੂਜੇ ਪਾਸੇ ਮਹਾਰਾਜਾ ਦਲੀਪ ਸਿੰਘ ਵੱਲੋਂ ਆਪਣੇ ਖੁੱਸੇ ਰਾਜ ਦੀ ਪ੍ਰਾਪਤੀ ਲਈ ਕੀਤੇ ਜਾ ਰਹੇ ਯਤਨਾਂ ਦੀ ਰੌਸ਼ਨੀ ਵਿੱਚ ਅੰਗਰੇਜ਼ ਹਾਕਮ ਸਿੱਖਾਂ ਨੂੰ ਸ਼ੱਕ ਦੀ ਨਿਗਾਹ ਨਾਲ ਦੇਖਦੇ ਸਨ। ਹਿੰਦੂ ਬਹੁ-ਗਿਣਤੀ ਦੇ ਮੁਕਾਬਲੇ ਸਿੱਖ ਘੱਟ-ਗਿਣਤੀ ਆਰਥਕ ਅਤੇ ਵਿਦਿਅਕ ਪੱਖੋਂ ਵੀ ਪਛੜੀ ਹੋਈ ਸੀ। ਹਿੰਦੂ ਅਤੇ ਮੁਸਲਮਾਨਾਂ ਵੱਲੋਂ ਆਪੋ ਆਪਣੇ ਧਰਮ ਦੀ ਪੁਨਰ ਸੁਰਜੀਤੀ ਲਈ ਲਹਿਰਾਂ ਚਲਾਈਆਂ ਜਾ ਰਹੀਆਂ ਸਨ। ਇਹਨਾਂ ਸਾਰੇ ਕਾਰਨਾਂ ਕਰਕੇ ਸਿੱਖ ਧਰਮ ਦੀ ਵੱਖਰੀ ਹੋਂਦ ਖਤਰੇ ਵਿੱਚ ਸੀ। ਅਜਿਹੀਆਂ ਪਰਸਥਿਤੀਆਂ ਵਿਚ ਸਿੱਖ ਧਰਮ ਦੀ ਵਿਲੱਖਣਤਾ ਨੂੰ ਬਰਕਰਾਰ ਰੱਖਣ ਲਈ ਇਸ ਦੇ ਅਨੁਯਾਈਆਂ ਨੂੰ ਵਿਦਿਅਕ, ਧਾਰਮਿਕ ਅਤੇ ਸਮਾਜਿਕ ਤੌਰ ਉਤੇ ਜਾਗਰਿਤ ਕਰਨਾ ਜ਼ਰੂਰੀ ਸੀ। ਸਮੇਂ ਦੇ ਹਾਕਮਾਂ ਦੇ ਸਹਿਯੋਗ ਨਾਲ ਹੀ ਅਜਿਹਾ ਵਧੇਰੇ ਚੰਗੀ ਤਰ੍ਹਾਂ ਕੀਤਾ ਜਾ ਸਕਦਾ ਸੀ। ਸੋ ਅੰਗਰੇਜ਼ ਹਾਕਮਾਂ ਪ੍ਰਤੀ ਅਜਿਹੀ ਪਹੁੰਚ ਸਮੇਂ ਦੀ ਲੋੜ ਸੀ ਅਤੇ ਹਿੰਦੂ ਅਤੇ ਮੁਸਲਮਾਨ ਸੁਧਾਰਕਾਂ ਵੱਲੋਂ ਅਪਣਾਈ ਜਾ ਰਹੀ ਨੀਤੀ ਦੇ ਅਨੁਰੂਪ ਸੀ।[30]

ਇਉਂ ਪ੍ਰੋ. ਗੁਰਮੁਖ ਸਿੰਘ ਦ੍ਰਿੜ੍ਹ ਵਿਸ਼ਵਾਸੀ ਪਰ ਅੰਧ-ਵਿਸ਼ਵਾਸ ਤੋਂ ਮੁਕਤ ਪੂਰਨ ਗੁਰ-ਸਿੱਖ, ਖ਼ਾਲਸਾ ਧਰਮ ਦੇ ਪ੍ਰਮਾਣਿਕ ਵਿਆਖਿਆਕਾਰ, ਸੁਯੋਗ ਜਥੇਬੰਦਕ, ਅਣਥੱਕ ਪ੍ਰਚਾਰਕ, ਨਿਪੁੰਨ ਅਧਿਆਪਕ ਹੋਣ ਦੇ ਨਾਲ ਨਾਲ ਖਗੋਲ ਵਿਗਿਆਨ, ਭਾਸ਼ਾ ਵਿਗਿ-ਆਨ ਅਤੇ ਸਮਕਾਲੀ ਇਤਿਹਾਸਕ ਸਮਾਜਿਕ ਸਮਾਚਾਰਾਂ ਦੇ ਗਿਆਤਾ ਵਿਦਵਾਨ ਪੁਰਸ਼ ਸਨ। ਇੰਨੇ ਗੁਣਵੰਤ ਵਿਅਕਤੀ ਹੁੰਦਿਆਂ ਵੀ ਉਹਨਾਂ ਦੇ ਮਨ ਵਿਚ ਆਪਣੇ ਆਪ ਨੂੰ ਮੋਹਰੀਆਂ ਵਿੱਚ ਵਿਖਾਉਣ ਦੀ ਲਾਲਸਾ ਉੱਕਾ ਹੀ ਨਹੀਂ ਸੀ। ਸਿੰਘ ਸਭਾ ਦੇ ਬਹੁਤ ਸਾਰੇ ਕਾਰਜ ਉਹਨਾਂ ਦੇ ਦਿਮਾਗੀ ਫੁਰਨੇ ਸਨ ਅਤੇ ਇਹਨਾਂ ਫੁਰਨਿਆਂ ਨੂੰ ਯਥਾਰਥ ਰੂਪ ਦੇਣ ਲਈ ਉਹ ਸਾਥੀਆਂ ਨੂੰ ਨਾਲ ਲੈ ਕੇ ਚੱਲਦੇ ਸਨ। ਸਿੱਖ ਸਮਾਜ ਦੇ ਉੱਥਾਨ ਹਿੱਤ ਕੀਤੇ ਜਾਣ ਵਾਲੇ ਕਾਰਜਾਂ ਉਤੇ ਹੋਣ ਵਾਲੇ ਖਰਚੇ ਦੀ ਪੂਰਤੀ ਲਈ ਉਹਨਾਂ ਨੇ ਰਾਜਿਆਂ ਮਹਾ-ਰਾਜਿਆਂ ਤੋਂ ਮਾਇਕ ਸਹਾਇਤਾ ਪ੍ਰਾਪਤ ਕਰਨ ਲਈ ਸਫਲ ਯਤਨ ਕੀਤੇ ਅਤੇ ਅਜਿਹੇ ਮੌਕੇ ਆਪਣੇ ਸਾਥੀਆਂ ਨੂੰ ਸਦਾ ਹੀ ਅੱਗੇ ਰੱਖਿਆ। ਉਹਨਾਂ 1898 ਈਸਵੀ ਵਿਚ ਮਹਾਰਾਣਾ ਧੌਲਪੁਰ ਨੂੰ ਮਿਲਣ ਦੀ ਯੋਜਨਾ ਬਣਾਈ ਅਤੇ ਇਸ ਸਮੇਂ ਪੇਸ਼ ਕਰਨ ਲਈ ਮਹਾਰਾਣਾ ਧੌਲਪੁਰ ਦੇ ਵਿਦਿਆ-ਪ੍ਰੇਮ ਅਤੇ ਸਮਾਜੀ ਕਾਰਜਾਂ ਵਿਚ ਵਿਖਾਈ ਦਿਲਚਸਪੀ ਬਾਰੇ ਇਕ ਲੇਖ ਲਿਖ ਕੇ ਛਪਵਾਇਆ ਪਰ ਜਦੋਂ ਸਤੰਬਰ ਦੇ ਮਹੀਨੇ ਉਹ ਚਾਇਲ ਵਿਖੇ ਇਕ ਡੈਪੂਟੇਸ਼ਨ ਲੈ ਕੇ ਮਹਾਰਾਣਾ ਧੌਲਪੁਰ ਨੂੰ ਮਿਲੇ ਤਾਂ ਇਹ ਲੇਖ ਆਪਣੇ ਸਾਥੀ ਸ੍ਰੀ ਅਜੀਤ ਸਿੰਘ ਵਕੀਲ ਫਿਰੋਜ਼ਪੁਰ ਤੋਂ ਪੜ੍ਹਵਾਇਆ। ਪ੍ਰੋ. ਗੁਰਮੁਖ ਸਿੰਘ ਬਾਰੇ ਭਗਤ ਲਛਮਣ ਸਿੰਘ ਜੀ ਦਾ ਇਹ ਕਥਨ ਬਿਲਕੁਲ ਸਹੀ ਹੈ ਕਿ ਪ੍ਰੋ. ਗੁਰਮੁਖ ਸਿੰਘ ਨੂੰ ਸਿੱਖੀ ਸੇਵਾ ਦੀ ਉਹ ਲਗਨ ਸੀ ਕਿ ਸ਼ਾਇਦ ਹੀ ਕਿਸੇ ਨੂੰ ਹੋਵੇਗੀ। ਨਿਸ਼ਕਾਮ, ਨਿਰਚਾਹ ਸੇਵਾ ਕਰਕੇ ਆਪ ਨੇ ਕੌਮ ਨੂੰ ਉੱਚਾ ਕਰਨ ਦਾ ਉਪਰਾਲਾ ਕੀਤਾ, ਪਰ ਆਪ ਕਦੀ ਉੱਚੇ ਹੋਣ ਦਾ ਸੁਪਨਾ ਵੀ ਨਹੀਂ ਸੀ ਲਿਆ।"[31]



ਪੰਜਾਬ ਯੂਨੀਵਰਸਿਟੀ ਕਾਲਜ, ਲਾਹੌ

ਓਰੀਐਂਟਲ ਕਾਲਜ ਦੀ ਸਟਾਫ-ਸੂਚੀ ਵਿਚ ਭਾਈ ਗੁਰਮੁਖ ਸਿ



the foundation of the Panjab University College desiring to resign his appointment, he shall give three month's notice to the Registrar.

13. Ten per cent. shall be deducted from the salaries of all Fellows, Translators, and others, referred to in these rules, for the first twelve months of their service, and the amount shall be deposited in the Government Savings Bank, in the name of the Registrar, Panjab University College. In the event of Rule 12 being disregarded, or of the dismissal of any such officer for misconduct, this deposit or any portion of it may be forfeited at the discretion of the Executive Committee. The deposit will be refunded on such officer's leaving the duties of his post with the approval of the Executive Committee.

## IX.

## INSTITUTIONS AFFILIATED TO OR AIDED BY THE PANJAB UNIVERSITY COLLEGE.

1. The Oriental College, Lahore.
2. The Law School, "
3. The Medical School, "
4. The Government College, "
5. Aided Schools.
   - Lahore Arabic School.
   - Amritsar Sanskrit School.
   - Ludhiana Hindi School.
   - Jullundur Hindi School.
   - Arabic and Sanskrit School, Multan.
   - Muhammadan School, Gujranwala.
   - Engineering Classes at Hoshiarpur, Gujrat, Amritsar and Lahore.
   - Oriental Department of the Canning College, Lucknow.

### 1.—The Oriental College, Lahore.

Established, 1870.

The Oriental College was first established as a school in 1865, by the Anjuman-i-Panjab: in 1870, the Senate of the Panjab University College took over the institu-

ਰ ਦੀ ਡਾਇਰੈਕਟਰੀ (1881-82)
ਦਾ ਨਾਉਂ ਹਿੰਦੀ ਭਾਗ ਵਿਚ ਅਸਿਸਟੈਂਟ ਪ੍ਰੋਫੈਸਰ ਵਜੋਂ ਦਰਜ ਹੈ ।



The College [illegible] Sanskrit, Arabic and Persian up to the standard [illegible] for the Oriental examinations; and also subjects [illegible] knowledge such as History, Geography and Mathematics through the medium of Hindi and Urdu, thus preparing [illegible] for the Arts Examinations.

The school department includes those students who are preparing for some examination held by the University, the passing of which will gain them admission to the college.

| Classes. | Staff. | |
|---|---|---|
| | Dr. G. W. Leitner M. A., LL. D. | Superintendent. |
| *Sanskrit.* | —Guru Prasad [illegible] | Head Pandit. |
| | Rikhi Kesh | 2nd Pandit. |
| | Sukh Dial | 3rd „ |
| | Daya Ram | 4th „ |
| *Arabic.* | —Faizul Hassan | Head Maulvi. |
| | Ghulam Qadir | 2nd Maulvi. |
| | Hafiz Abdul-Aziz | 3rd „ |
| | Momun Ali | Shia Teacher. |
| *Persian.* | —Abd-ul-Hakim | Head Munshi. |
| | Muhammad-ud-din | 2nd Munshi. |
| | Syud Shah Cheragh | 3rd „ |
| *Gurmukhi.* | —Bhai Hara Singh | Teacher. |
| | Jogi Shiv Nath | Asstt. „ |
| *Pashtu.* | Mir Abdulla [illegible] | Teacher |
| | *General Knowledge.* | |
| *Urdu side.* | Pirzada Muhammad Husain | Asstt. Professor. |
| | Munshi Ghulam Mustafa | 2nd Teacher. |
| | Maulvi Mohammad Ghazanfer, | 3rd Teacher. |
| *Hindi side.* | Bhai Gurmukh Singh | Asst. Professor. |
| | Panchanan Mukerji | 2nd Teacher. |
| | Harmukand | 3rd „ |
| | Syud Amir Shah L. M. S. | Kapurthala Natural Science Fellow. |
| *[illegible]gineering.* | Lala Ganga Ram, Drawing master | (Maya Patiala Fellow). |
| | Sunder Singh, Asstt. „ | |

*Baid.*— Pandit Janardan Lecturer on Vaidak medicine.

*Hakim.*—Maulvi Ghulam Mustafa, Lecturer on Yunani system of Medicine.

ਪੰਜਾਬ ਯੂਨੀਵਰਸਿਟੀ ਕਾਲਜ, ਲਾਹੌਰ
ਓਰੀਐਂਟਲ ਕਾਲਜ ਦੀ ਸਟਾਫ਼-ਸੂਚੀ ਵਿਚ ਭਾਈ ਗੁਰਮੁਖ

262 COLLEGE DIRECTORY.

IV. ORIENTAL COLLEGE AND SCHOOL.

*Staff.*

| No. | Name. | Designation. |
|---|---|---|
| | *College Department.* | |
| 1 | Dr. M. A. Stein. | Principal. |
| 2 | Pandit [illegible] Prasad. | Head Pandit. |
| 3 | " [illegible] Dyal. | 2nd " |
| 4 | " Data Ram. | 3rd " |
| 5 | " [illegible] | Asst. Professor of Sanskrit. |
| 6 | Moulvi Mohammad [illegible] | " " Arabic. |
| 7 | " [illegible] | 1st Maulvi " " |
| 8 | " Zaffar [illegible] | 2nd " " |
| 9 | " Abdul [illegible] | Head Munshi " " |
| 10 | " [illegible] | 2nd " " |
| 11 | Bhai [illegible] Singh. | Head Bhai. |
| 12 | " [illegible] Singh. | 2nd " |
| 13 | Dr. [illegible] | Kapurthala [illegible] Reader. |
| 14 | [illegible] | McLeod Arabic Reader. |
| 15 | Bhai [illegible] Singh. | Alexandra Reader. |
| 16 | [illegible] | Patiala Translator. |
| 17 | [illegible] Singh. | Mayo Patiala Reader. |
| | *School Department.* | |
| 18 | [illegible] Sanskrit Teachers. | [illegible] side. |
| 19 | 1 Arabic " | " " |
| 20 | 2 Persian " | " " |
| 21 | [illegible] " | General knowledge side. |
| 22 | [illegible] " | " " |
| 23 | Pandit [illegible] | Lecturer on Hindi medicine. |
| 24 | [illegible] Mustafa. | Urdu " |
| 25 | [illegible] Drawing Master. | |

ਦੀ ਡਾਇਰੈਕਟਰੀ (1887-88)
ਿੰਘ ਦਾ ਨਾਉਂ Alexandra Reader ਵਜੋਂ ਦਰਜ ਹੈ।



## PROSPECTUS OF THE LAHORE MEDICAL COLLEGE AND SCHOOL FOR THE YEAR 1888.

### ESTABLISHMENT OF THE COLLEGE.

| | |
|---|---|
| Principal and Professor of Medicine, Diseases of Women and Children and Botany, and First Physician to the Mayo Hospital. | T. E. B. BROWN, M.D., (Lond.) |
| Professor of Midwifery and Forensic Medicine. | W. CENTER, M.B., B.A., (Aberdeen), on furlough. |
| Officiating Professor of Midwifery and Forensic Medicine. | G. MASEY. |
| Professor of Hygiene. | A. STEPHEN, M.B., M.A., (Aberdeen). |
| Professor of Surgery and Ophthalmic Surgery, and First Surgeon to the Mayo Hospital. | F. F. PERRY. |
| Professor of Chemistry, Materia Medica and Toxicology and Second Physician to the Mayo Hospital. | L. TARLETON YOUNG, M.B., B.A., (Dublin), on furlough. |
| Officiating Professor of Chemistry, Materia Medica, and Toxicology, and Second Physician to the Mayo Hospital. | D. St. J. D. GRANT, M.B., B.A. |
| Professor of Anatomy and Comparative Anatomy, and Second Surgeon to the Mayo Hospital. | R. HAVELOCK CHARLES, M.D., (Dubl.) |
| Professor of Pathology and Physiology and Surgeon to the eye and ear department. | C. C. CALEB, Esq., M.B., (Durham) |
| Lecturer on Midwifery and Diseases of Women to the female students. | ELIZABETH BIELBY, M.D., (Berne). |

### ESTABLISHMENT OF THE SCHOOL.

| | |
|---|---|
| Lecturer on Materia Medica and Medicine ... ... ... | RAHIM KHAN, KHAN BAHADAR, Honorary Surgeon. |
| Lecturer on Surgery and Permanent House Surgeon to the Mayo Hospital. | BRIJ LAL GHOSE, RAI BAHADAR, Assistant Surgeon. |
| Lecturer and Demonstrator of Anatomy. | BELI RAM, Assistant Surgeon. |

ਪੰਜਾਬ ਯੂਨੀਵਰਸਿਟੀ ਕਾਲਜ ਲਾਹੌ

ਓਰੀਐਂਟਲ ਕਾਲਜ ਦੀ ਸਟਾਫ਼ ਸੂਚੀ ਵਿਚ ਭਾਈ ਗੁਰਮੁਖ ਸਿੰਘ



13. Ten per cent shall be deducted from the salaries of all Fellows, Translators, and others referred to in these rules, for the first twelve months of their service, and the amount shall be deposited in the Government Savings Bank, in the name of the Registrar, Punjab University College. In the event of Rule 12 being disregarded, or of the dismissal of any such officer for misconduct, this deposit or any portion of it may be forfeited at the discretion of the Executive Committee. The deposit will be refunded on such officer's leaving the duties of his post with the approval of the Executive Committee.

IX. [illegible]

## INSTITUTIONS ~~AFFILIATED TO~~, OR AIDED BY THE PANJAB UNIVERSITY COLLEGE.

1. The Oriental College, Lahore.
2. The Law School. „
3. The Medical School, Lahore.
4. The Govt. College, „
5. Aided Schools.

Lahore Arabic School.
Amritsar Sanskrit School.
Ludhiana Hindu School.
Jullunder Government Aided School.
Arabic and Sanscrit School, Multan.
Muhammadan School, Gujranwalla.
Engineering Classes at Hushiarpur, Gujrat, Amritsar and Lahore.
Oriental Department of the Canning College, Lucknow.

### I.—The Oriental College, Lahore.

Established, 1870.

The Oriental College was first established as a school in 1865 by the Anjuman-i-Panjab; in 1870 the Senate of the Panjab University College took over the institution, and expanded it into a College, with a school department attached to it.

ਦੀ ਡਾਇਰੈਕਟਰੀ (1877-78)

ਦਾ ਨਾਉਂ ਹਿੰਦੀ ਭਾਗ ਵਿਚ ਸੈਕੰਡ ਟੀਚਰ ਵਜੋਂ ਦਰਜ ਹੈ



tion, and expanded it into a college, with a school department attached to it.

The college classes teach Sanskrit, Arabic and Persian up to the standard prescribed for the Oriental examinations; and also subjects of general knowledge such as history, geography and mathematics through the medium of Hindi and Urdu, thus preparing students for the arts examinations. English classes have also been opened for students of the college who are unable to attend the Government colleges.


The school department includes those students who are preparing for some examination held by the University, the passing of which will gain them admission to the college.

STAFF.

| | | |
|---|---|---|
| | Dr. G. W. Leitner M. A. ... | Superintendent. |
| *Sanskrit.* | —Guru Prasad ... | Head Pandit. |
| | Rikhi Kesh ... | 2nd Pandit. |
| | Sukh Dyal ... | 3rd ,, |
| | Daya Ram ... | 4th ,, |
| *Arabic.* | —Faiz-ul Hasan ... | Head Maulvi. |
| | Ghulam Qadir ... | 2nd Maulvi. |
| | Hafiz Abd-ul-Aziz ... | 3rd ,, |
| | Maulvi Muhammad Husain | [illegible] Teacher. |
| *Persian.* | —Abd-ul-Kasim ... | Head Munshi. |
| | Muhammad-ud-din ... | 2nd Munshi. |
| | Syud Shah Chiragh ... | 3rd ,, |
| | *General Knowledge.* | |
| *Urdu side.* | [illegible] Das, M. A. ... | Asst. Professor. |
| | Munshi Ghulam M[illegible] ... | 2nd Teacher. |
| | Maulvi Muhammad [illegible] | 3rd Teacher. |
| | Ahmad Bakhsh ... | Mathematical Teacher. |
| *Hindi side.* | —Vacant. ... | Asst. Professor. |
| | Bhai Gurmukh Singh ... | 2nd Teacher. |
| | Pandit Behari Lal ... | 3rd ,, |
| | Syud Amir Shah. L. M. S. ... | Kapurthalla Natural Science Fellow. |
| | Lala Ganga Ram ... | Mayo Patiala Fellow. |

*I.—Rules relating to the staff of the Oriental College, passed by the Senate on the 21st October 1874.*

1. There shall be a Superintendent (on a salary of Rs. 400 rising to 500 per mensem,) whose duty shall consist in being present at


ੴ ਸਤਿਗੁਰ ਪ੍ਰਸਾਦਿ

ਭਾਈ ਜਵਾਹਰ ਸਿੰਘ ਵੱਲੋਂ ਬਾਬਾ ਖੇਮ ਸਿੰਘ ਬੇਦੀ ਨੂੰ ਲਿਖਿਆ ਖਤ
(ਗਿਆਨੀ ਗੁਰਚਿੱਤ ਸਿੰਘ ਜੀ ਚੰਡੀਗੜ੍ਹ ਦੇ ਧੰਨਵਾਦ ਸਹਿਤ)

ਇਹ ਬੜੀ ਹੀ ਤ੍ਰਾਸਦੀ ਅਤੇ ਸਿੱਖ ਭਾਈਚਾਰੇ ਦੇ ਆਗੂਆਂ ਦੇ ਅਵੇਸਲੇਪਨ ਦੀ ਪ੍ਰਤੀਕ ਗੱਲ ਹੈ ਕਿ ਜੋ ਵਿਅਕਤੀ ਸਾਰੀ ਉਮਰ ਆਪਣੇ ਭਾਈਚਾਰੇ ਦੀ ਨਿਸ਼ਕਾਮ ਅਤੇ ਨਿਰੰਤਰ ਸੇਵਾ ਕਰਦਾ ਰਿਹਾ, ਉਸਦੇ ਕਾਲਵੱਸ ਹੋਣ ਉਪਰੰਤ ਥੋੜੇ ਸਮੇਂ ਵਿੱਚ ਹੀ ਉਸ ਨੂੰ ਉੱਕਾ ਹੀ ਵਿਸਾਰ ਦਿੱਤਾ ਗਿਆ ਅਤੇ ਲਗਭਗ ਇਕ ਸਦੀ ਤੋਂ ਵੀ ਘੱਟ ਅਰਸੇ ਦੇ ਵਕਫ਼ੇ ਪਿੱਛੋਂ ਸਿੱਖ-ਭਾਈਚਾਰੇ ਨੂੰ ਉਸਦੇ ਕਿਸੇ ਵੰਸ਼ਜ ਬਾਰੇ ਕੋਈ ਜਾਣਕਾਰੀ ਪ੍ਰਾਪਤ ਨਹੀਂ। ਲੇਖਕ ਨੇ ਪ੍ਰੋ. ਗੁਰਮੁਖ ਸਿੰਘ ਦੇ ਵਾਰਸਾਂ ਨੂੰ ਮਿਲ ਕੇ ਉਹਨਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਇੱਛਾ ਨਾਲ ਪ੍ਰੋ. ਗੁਰਮੁਖ ਸਿੰਘ ਦੇ ਵਾਰਸਾਂ ਦੀ ਭਾਲ ਕਰਨ ਲਈ ਪੰਜਾਬੀ ਅਖ਼ਬਾਰਾਂ ਦੀ ਵੀ ਮੱਦਦ ਲਈ। ਇਸ ਬਾਰੇ 9 ਮਾਰਚ, 1987 ਈਸਵੀ ਦੇ ਪੰਜਾਬੀ ਟ੍ਰਿਬਿਊਨ ਵਿਚ ਪ੍ਰਕਾਸ਼ਿਤ 'ਚੰਡੀਗੜ੍ਹ ਡਾਇਰੀ' ਵਿਚ ਇਉਂ ਲਿਖਿਆ ਗਿਆ :

**ਵਾਰਸਾਂ ਦੀ ਭਾਲ**

> ਆਪਣੇ ਜੀਵਨ ਕਾਲ ਵਿਚ ਪ੍ਰਸਿੱਧੀ ਪ੍ਰਾਪਤ ਕਰਨ ਵਾਲਾ ਮਨੁੱਖ ਜੇ ਵਾਰਸ ਨਾ ਛੱਡ ਕੇ ਜਾਵੇ ਤਾਂ ਵੀ ਔਖੀ, ਜੇ ਛੱਡ ਕੇ ਜਾਵੇ ਤਾਂ ਵੀ ਔਖੀ। ਨਾ ਛੱਡਣ ਨਾਲ ਅਜਿਹਾ ਪਾੜਾ ਪੈਂਦਾ ਹੈ ਕਿ ਪੂਰਿਆ ਹੀ ਨਹੀਂ ਜਾ ਸਕਦਾ। ਛੱਡਣ ਨਾਲ ਵੀ ਮਸਲਾ ਹੱਲ ਨਹੀਂ ਹੁੰਦਾ।
>
> ਇਸ ਦਾ ਸੰਕੇਤ ਸਰਕਾਰੀ ਬਰਜਿੰਦਰਾ ਕਾਲਜ, ਫਰੀਦਕੋਟ ਦੇ ਪ੍ਰਿੰਸੀਪਲ ਡਾ. ਗੁਰਦੇਵ ਸਿੰਘ ਸਿੱਧੂ ਦੀ ਇਕ ਚਿੱਠੀ ਤੋਂ ਮਿਲਿਆ ਹੈ। ਉਹ 19ਵੀਂ ਸਦੀ ਦੀ ਅੰਤਲੀ ਚੌਥਾਈ ਵਿਚ ਕ੍ਰਿਆਸ਼ੀਲ ਸਿੰਘ ਸਭਾ ਲਹਿਰ ਦੀ ਜਿੰਦ-ਜਾਨ ਓਰੀਐਂਟਲ ਕਾਲਜ, ਲਾਹੌਰ ਵਾਲੇ ਭਾਈ ਗੁਰਮੁਖ ਸਿੰਘ ਦੀ ਜੀਵਨੀ ਲਿਖਣ ਦਾ ਕਾਰਜ ਆਪਣੇ ਹੱਥ ਵਿਚ ਲੈ ਬੈਠੇ ਹਨ।
>
> ਭਾਈ ਗੁਰਮੁਖ ਸਿੰਘ ਦਾ ਜੀਵਨ ਕਾਲ 1849 ਤੋਂ 1898 ਹੈ। ਉਨ੍ਹਾਂ ਦੇ ਮੁੱਢਲੇ ਜੀਵਨ ਬਾਰੇ ਕੋਈ ਸਮਾਚਾਰ ਨਹੀਂ ਮਿਲ ਰਹੇ। ਲਿਖਤੀ ਸਰੋਤਾਂ ਦੀ ਅਣਹੋਂਦ ਹੈ ਅਤੇ ਭਾਈ ਸਾਹਿਬ ਦੇ ਸਮਕਾਲੀ ਚਲਾਣਾ ਕਰ ਚੁੱਕੇ ਹਨ। 1898 ਦੇ ਖ਼ਾਲਸਾ ਅਖਬਾਰ ਫਰੋਲਦਿਆਂ ਡਾ. ਸਿੱਧੂ ਨੂੰ ਪਤਾ ਲੱਗਾ ਹੈ ਕਿ ਭਾਈ ਸਾਹਿਬ ਦੇ ਦਿਹਾਂਤ ਸਮੇਂ ਉਨ੍ਹਾਂ ਦਾ ਇਕ ਲੜਕਾ ਵੀ ਸੀ। ਔਲਾਦ ਬਾਰੇ ਹੋਰ ਕੋਈ ਵੇਰਵਾ ਨਹੀਂ ਮਿਲਿਆ। ਠੀਕ ਸਮਗਰੀ ਇਕੱਠੀ ਕਰਨ ਲਈ ਉਹ ਉਸ ਲੜਕੇ ਦੇ ਵੰਸ ਨਾਲ ਸੰਪਰਕ ਕਾਇਮ ਕਰਨਾ ਚਾਹੁੰਦੇ ਹਨ। ਪਰ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਉਨ੍ਹਾਂ ਦੇ ਵੰਸ ਵਿਚੋਂ ਕੋਈ ਕਿਥੇ ਰਹਿੰਦਾ ਹੈ ?
>
> ਕੀ ਕੋਈ ਵਾਰਸ ਲੱਭਣ ਦਾ ਤਰੀਕਾ ਦੱਸ ਸਕਦਾ ਹੈ ?

ਪਰ ਅਫ਼ਸੋਸ ! ਇਸ ਬਾਰੇ ਕੋਈ ਹੁੰਗਾਰਾ ਨਹੀਂ ਮਿਲਿਆ।

## ਅੰਤਿਕਾ 'ੳ'

## ਪ੍ਰੋ. ਗੁਰਮੁਖ ਸਿੰਘ ਦੇ ਚਲਾਣੇ ਸਮੇਂ ਪ੍ਰਗਟਾਏ ਪ੍ਰਤੀਕਰਮ

**ਖ਼ਾਲਸਾ ਅਖ਼ਬਾਰ**

ਐ ਖ਼ਾਲਸਾ ਕੌਮ, ਅਜੇ ਤੱਕ ਤੇਰੇ ਦਿਨ ਅੱਛੇ ਨਹੀਂ ਆਏ, ਜਿਸਤੇ ਜ਼ਮਾਨਾ ਤੇਰੇ

ਸੁਧਾਰ ਹੋਣ ਦੇ ਸਾਮਾਨਾਂ ਨੂੰ ਪੂਰਾ ਨਹੀਂ ਹੋਣ ਦੇਂਦਾ, ਅਰ ਜਦ ਕੁਛ ਕ ਤੇਰੀ ਖਿਹੜੀ ਦਾ ਢੰਗ ਦਿੱਸਦਾ ਹੈ ਸੋ ਪਾਣੀ ਦੇ ਬੁੱਲਬੁਲੇ ਵਾਂਗ ਅਸਮਾਨੀ ਸੱਤ ਦੇ ਪੱਥਰ ਨਾਲ ਟੁੱਟ ਜਾਂਦਾ ਹੈ।

ਦੇਖ ਤੇਰਾ ਉਹ ਸੱਚਾ ਹਿਤੈਸ਼ੀ, ਜਿਸ ਨੇ ਤੇਰੇ ਜਗਾਉਣ ਲਈ ਚੌਕੀਦਾਰ ਦੀ ਤਰ੍ਹਾਂ ਕੰਮ ਕੀਤਾ ਸੀ, ਸੋ ਤੈਨੂੰ ਛੱਡ ਕੇ ਇਸ ਜਹਾਨ ਤੇ ਚਲਿਆ ਗਿਆ।

ਤੇਰੀ ਪੰਜਾਬੀ ਜ਼ਬਾਨ ਦਾ ਮਦਦਗਾਰ ਸ੍ਰੀ ਨਗ੍ਰ ਕੰਡਾ ਘਾਟ ਰਯਾਸਤ ਪਟਿਆਲਾ ਦੇ ਪਹਾੜਾਂ ਵਿਚ ਤੈਨੂੰ ਛੱਡ ਕੇ ਛਿਪ ਗਿਆ, ਅਰ ਜਾਂਦੀ ਵੇਰ ਆਪਨੀ ਪਯਾਰੀ ਇਸਤ੍ਰੀ ਪੁੱਤ੍ਰ ਅਤੇ ਚਾਰਯਾਰੀ ਦੇ ਸਹਾਇਕਾਂ ਨੂੰ ਭੀ ਕੁੱਝ ਨਾ ਆਖ ਗਿਆ।

ਉਸ ਸਿੱਖ ਧਰਮ ਦੇ ਸੱਚੇ ਵਿਸ਼ਵਾਸੀ ਨੇ ਜਾਨ ਲੱਗਯਾਂ ਕਿਸੇ ਨੂੰ ਖ਼ਬ੍ਰ ਨਾ ਕੀਤੀ ਜਿਸ ਤੇ ਵਿਛੇ ਵਿਛਾਏ ਪਲੰਘ ਪਰ ਦਿਨ ਚੜ੍ਹੇ ਲੰਬੀ ਨੀਂਦ ਵਿੱਚ ਸੁੱਤਾ ਪਾਇਆ ਗਿਆ ਅਤੇ ਅੰਬਾਲੇ ਦੀ ਤਿਆਰੀ ਕਰਦਾ ਕਰਦਾ ਉਸ ਰਸਤੇ ਪੈ ਗਿਆ ਜਿਸ ਥੋਂ ਕੋਈ ਮੁੜ ਕੇ ਨਹੀਂ ਆਇਆ।

ਐ ਕੌਮ! ਤੈਨੂੰ ਨਵੀਂ ਨਵੀਂ ਤਜਵੀਜ਼ਾਂ ਦੱਸਨ ਵਾਲਾ, ਤੇਰੇ ਬੱਚਿਆਂ ਨੂੰ ਦਾਈ ਦੀ ਤਰ੍ਹਾਂ ਗੋਦ ਵਿੱਚ ਲੈ ਕੇ ਪਾਲਨ ਵਾਲਾ ਤੇਰਾ ਸਾਥ ਤਜ ਗਿਆ ਅਰ ਹਜ਼ਾਰਾਂ ਸੱਜਨਾਂ ਦੇ ਮਨੋਰਥਾਂ ਨੂੰ ਪੂਰਾ ਕਰਨ ਵਾਲੇ ਇੱਕਰਾਰਾਂ ਨੂੰ ਤੋੜ ਗਿਆ, ਅਤੇ ਨਾਲ ਹੀ ਆਪਨੇ ਇਰਾਦੇ ਭੀ ਏਥੇ ਹੀ ਛੱਡ ਕੇ ਸਿਧਾਰ ਗਿਆ, ਜਿਨ੍ਹਾਂ ਦਾ ਪੂਰਾ ਹੋਨਾਂ ਕਠਨ ਹੈ।

ਖ਼ਾਲਸਾ ਦੀਵਾਨ ਦੇ ਬਨਾਉਨ ਵਾਲਾ, ਖ਼ਾਲਸਾ ਕਾਲਜ ਦਾ ਸੱਚਾ ਹਾਮੀ, ਖਾਲਸਾ ਪ੍ਰੈਸ ਦਾ ਮੱਦਦਗਾਰ ਅਤੇ ਸੱਜਨ ਅਰ ਦੁਸ਼ਮਨਾਂ ਦਾ ਦੋਸਤ ਨਾ ਜਾਨੇ ਕਿਉਂ ਤੈਥੋਂ ਉਦਾਸ ਹੋ ਕੇ ਜੁਦਾਈ ਕਰ ਗਿਆ।

ਸ਼ੋਕ ਹੈ ਤੇਰੇ ਪਰ ਐ ਖ਼ਾਲਸਾ ਕੌਮ! ਜੋ ਤੈਂ ਉਸ ਦਾ ਜੀਉਂਦੇ ਵੇਲੇ ਕਦਰ ਨਾ ਕੀਤੀ, ਉਸ ਦੇ ਉਪਕਾਰਾਂ ਦੇ ਬਦਲੇ ਤੈਂ ਉਸ ਨੂੰ ਖਾਰਜਨਾਮਯਾਂ ਦਾ ਸਰਟੀਫੀਕੇਟ ਦਿੱਤਾ, ਜਿਸ ਤੇ ਹੁਨ ਤੂੰ ਉਸ ਦੇ ਗੁਣਾਂ ਨੂੰ ਯਾਦ ਕਰੇਂਗੀ ਅਰ ਝੁਰੇਂਗੀ।

ਉਹ ਭਾਈ ਗੁਰਮੁਖ ਸਿੰਘ, ਅਪਨੀ ਸਿਫ਼ਤ ਵਿੱਚ ਇਕੋ ਹੀ ਭਾਈ ਗੁਰਮੁਖ ਸਿੰਘ ਸੀ, ਜਿਸਦਾ ਸਾਨੀ ਦੂਸਰਾ ਅੱਜ ਕੋਈ ਨਹੀਂ ਹੈ, ਫਿਰ ਤੂੰ ਦਸ ਜੋ ਉਸ ਨੂੰ ਉਸ ਦੇ ਮਗਰੋਂ ਕਿਸ ਤਰ੍ਹਾਂ ਯਾਦ ਰੱਖੇਂਗੀ, ਕਿਆ ਤੂੰ ਕੋਈ ਉਸ ਦੀ ਯਾਦਗਾਰ ਕਾਇਮ ਨਹੀਂ ਕਰੇਂਗੀ।

ਯਾ ਜੋ ਤਜਵੀਜ਼ਾਂ ਉਹ ਅਪਨੀ ਜ਼ਿੰਦਗੀ ਵਿੱਚ ਪੂਰੀਆਂ ਨਹੀਂ ਕਰ ਗਿਆ ਅਰ ਉਨ੍ਹਾਂ ਦਾ ਪੂਰਾ ਕਰਨਾ ਹੀ ਤੇਰੀ ਜ਼ਿੰਦਗੀ ਹੈ, ਕਿਆ ਉਨ੍ਹਾਂ ਨੂੰ ਪੂਰਾ ਕਰਕੇ ਤੂੰ ਉਸ ਦੇ ਨਾਮ ਨੂੰ ਜ਼ਿੰਦਾ ਨਹੀਂ ਰੱਖੇਂਗੀ।

ਉਸ ਦੀ ਧਰਮ ਸੁਪਤਨੀ ਅਤੇ ਛੋਟੇ ਜੇਹੇ ਪੁਤ੍ਰ ਨੂੰ, ਜੋ ਅੱਜ ਯਤੀਮਾਂ ਦੀ ਹਾਲਤ ਵਿਚ ਬੂਹੇ ਪਰ ਬੈਠੇ ਜ਼ਾਰ ਜ਼ਾਰ ਰੋ ਰਹੇ ਹਨ, ਦੁੱਖ ਸੁੱਖ ਦਾ ਹਾਲ ਨਹੀਂ ਪੁਛੇਂਗੀ, ਅਰ ਉਸ ਦੀ ਯਾਦਗਾਰ ਦੇ ਕਾਇਮ ਰਖਨ ਲਈ ਇਨ੍ਹਾਂ ਦੀ ਬਾਂਹ ਨਹੀਂ ਪਕੜੇਂਗੀ।

ਐ ਕੌਮ! ਜਿਸ ਕੌਮ ਵਿਚ ਅਪਨੇ ਉਪਕਾਰੀ ਪੁਰਖਾਂ ਦਾ ਕਦਰ ਨਹੀਂ ਹੈ, ਸੋ ਕੌਮ ਕੌਮ ਸਦਾਉਨ ਦੇ ਹੀ ਜੋਗ ਨਹੀਂ ਹੈ, ਤੂੰ ਦੇਖ ਜੋ ਤੇਰੇ ਨਾਲ ਦੀਆਂ ਕੌਮਾਂ ਨੇ ਧਾਰਮਕ ਅਤੇ ਸੰਸਾਰਕ ਕੰਮ ਕਰਨ ਵਾਲਿਯਾਂ ਦੀ ਮੌਤ ਦੇ ਮਗਰੋਂ ਕਿਤਨੀ ਕਿਤਨੀ ਕਦਰ

ਕੀਤੀ ਹੈ, ਅਰ ਉਨ੍ਹਾਂ ਦੇ ਨਾਮ ਕਿਸ ਇਜ਼ਤ ਨਾਲ ਲੀਤੇ ਜਾਂਦੇ ਹਨ। ਫਿਰ ਕਿਆ ਤੂੰ ਇਸ ਸੱਚੇ ਹਿਤੈਸ਼ੀ ਦੀ ਜ਼ਿੰਦਗੀ ਨੂੰ ਇੱਕ ਹਵਾਈ ਜ਼ਿੰਦਗੀ ਜਾਨਕੇ ਵਿਸਾਰ ਦਏਂਗੀ।

ਐ ਦਸਮੇਂ ਪਾਤਸ਼ਾਹ ਕਲਗੀਧਰ! ਆਪ ਕ੍ਰਿਪਾ ਕਰੋ ਜੋ ਇਸ ਆਪਨੇ ਖ਼ਾਲਸਾ ਪੰਥ ਵਿਚ ਕ੍ਰਿਤਗਯਤਾ ਦਾ ਬੀਜ ਬੀਜੋ, ਜਿਸ ਤੇ ਇਹ ਆਪ ਦੇ ਪਯਾਰਿਆਂ ਦੀ ਕਦਰ ਕਰੇ, ਅਤੇ ਆਸ਼ਾ ਹੈ ਜੋ ਪੰਥ ਜ਼ਰੂਰ ਇਸ ਬੇਨਤੀ ਪਰ ਖ਼ਯਾਲ ਕਰੇਗਾ।

(ਐਡੀਟੋਰੀਅਲ ਨੋਟ, 30 ਸਤੰਬਰ, 1898)

**ਗਿਆਨੀ ਦਿੱਤ ਸਿੰਘ**

"ਐ ਪੰਥ ਤੇਰਾ ਐਸਾ ਪਿਆਰਾ ਜਿਸ ਨੇ ਇਕ ਤੇਰੀ ਬੇਖ਼ਬਰੀ ਦੀ ਨੀਂਦ ਵਿਚ ਖ਼ਬਰ ਲੀਤੀ ਸੀ ਔਰ ਤੇਰਾ ਉਹ ਹਿਤਕਾਰੀ ਜਿਸ ਨੇ ਆਪਨੇ ਸੁੱਖ ਨੂੰ ਤੇਰੇ ਵਾਸਤੇ ਦੁੱਖ ਦੀ ਸੂਰਤ ਵਿਚ ਪਲਟ ਲੀਤਾ ਸੀ ਪਰ ਜਿਸ ਦੀ ਜ਼ਿੰਦਗੀ ਤੇਰੇ ਵਿਚ ਆ ਕੇ ਕਾਇਮ ਹੋ ਗਈ ਸੀ ਅਰ ਤੈਨੂੰ ਖਿਆਲ ਪੈਦਾ ਕਰ ਗਈ ਕਿ ਤੂੰ ਕਯਾ ਹੈਂ।

ਇਹ ਉਹ ਭਾਈ ਗੁਰਮੁਖ ਸਿੰਘ ਸੀ, ਜਿਸ ਦੇ ਨਗਰ ਅਤੇ ਖ਼ਾਨਦਾਨ ਨੂੰ ਬਹੁਤ ਆਦਮੀ ਨਹੀਂ ਜਾਣਦੇ। ਫਿਰ ਇਹ ਭਾਈ ਗੁਰਮੁਖ ਸਿੰਘ ਸੀ, ਜਿਸ ਦੇ ਕੋਈ ਇਤਨੇ ਵੱਡੇ ਸਬੰਧੀ ਨਹੀਂ ਸਨ।

ਇਸ ਨੇ ਇਕ ਨਗਰ ਅਤੇ ਘਰ ਦੇ ਪਰੇਮ ਨੂੰ ਤਿਆਗ ਕੇ ਇਸ ਪੰਜਾਬ ਨੂੰ ਹੀ ਆਪਣਾ ਨਗਰ ਜਾਨ ਲਿਤਾ ਸੀ। ਇਸ ਤਰ੍ਹਾਂ ਇਸ ਨੇ ਆਪਣਾ ਪਿਤਾ ਦਸਮੇਂ ਪਾਤਸ਼ਾਹ ਅਤੇ ਮਾਤਾ ਸਾਹਿਬ ਦੇਵਾਂ ਜੀ ਨੂੰ ਜਾਣ ਛੱਡਿਆ ਸੀ ਅਤੇ ਉਨ੍ਹਾਂ ਨੇ ਆਪਣੇ ਸਬੰਧੀ ਸਾਰੇ ਕੌਮ ਹਿਤੈਸ਼ੀ ਮਹਾਤਮਾ ਮੰਨੇ ਹੋਏ ਸੀ......ਜੇ ਇਨ੍ਹਾਂ ਨੇ ਵਕਾਲਤ ਭੀ ਕੀਤੀ ਸੀ ਤਾਂ ਕੌਮ ਦੀ ਕੀਤੀ ਜਿਸ ਪਰ ਪੰਥ ਦੇ ਹਿਤੈਸ਼ੀਆਂ ਅੱਗੇ ਅਪੀਲ ਕਰਕੇ ਇਸ ਨੂੰ ਬੁਰਾਈਆਂ ਤੋਂ ਰਿਹਾ ਕਰਨ ਦਾ ਪੁਰਖਾਰਥ ਕੀਤਾ। ਜੇ ਇਨ੍ਹਾਂ ਨੇ ਮੁਨਸਫ ਹੋ ਕੇ ਮੁਨਸਫੀ ਕੀਤੀ ਤਾਂ ਏਹੋ ਕੀਤੀ ਜੋ ਕੌਮ ਦੇ ਸਿਰੋਂ ਅਣਮਤੀ ਰਿਣ ਦਾ ਫੈਸਲਾ ਹੋ ਜਾਵੇ, ਫਿਰ ਇਨ੍ਹਾਂ ਨੇ ਅਗਰ ਡਾਕਟਰ ਹੋ ਕੇ ਇਲਾਜ ਕੀਤਾ ਤਾਂ ਭੀ ਕੌਮ ਦਾ ਬੁਰਾਈਆਂ ਬੀਮਾਰੀਆਂ ਦੇ ਨੁਸਖ਼ੇ ਲਿਖੇ। ਗੱਲ ਕਾਹਦੀ, ਇਨ੍ਹਾਂ ਨੇ ਆਪਣੀ ਜ਼ਿੰਦਗੀ ਨੂੰ ਸੰਸਾਰਕ ਸੁੱਖਾਂ ਲਈ ਨਹੀਂ ਜਾਤਾ ਸੀ ਕਿੰਤੂ ਇਨ੍ਹਾਂ ਦੀ ਜ਼ਿੰਦਗੀ ਦਾ ਮਿਸ਼ਨ ਕੌਮ ਦਾ ਸੁਧਾਰ ਸੀ......ਅੱਜ ਕੱਲ ਜੋ ਜੋ ਕੰਮ ਧਰਮ ਦੇ ਇਸ ਕੌਮ ਵਿਚ ਹੋ ਰਹੇ ਹਨ ਔਰ ਜਿਤਨਾ ਕੌਮੀ ਖਿਆਲ ਇਸ ਵਕਤ ਪੁਰਖਾਂ ਦੇ ਚਿੱਤ ਵਿਚ ਆ ਰਿਹਾ ਹੈ, ਸੋ ਇਸ ਸਾਰੇ ਦਾ ਆਦਿ ਮੂਲ ਇਨ੍ਹਾਂ ਦਾ ਹੀ ਪੁਰਖਾਰਥ ਹੈ।"

(ਖ਼ਾਲਸਾ ਅਖ਼ਬਾਰ 30 ਸਤੰਬਰ, 1898)

**ਬਾਵਾ ਬੁੱਧ ਸਿੰਘ, ਲਾਹੌਰ**

ਦੋਹਰਾ

ਅਕਾਲ ਪੁਰਖ ਬਲਵਾਨ ਹੈ ਕਿਸ ਕੇ ਨਾਹੀਂ ਸੰਗ।
ਧੰਨ ਪੁਰਸ਼ ਉਹ ਹੋ ਗਏ ਧਰਮ ਕੀਆਂ ਜਿਨ ਅੰਗ। 1।

ਬੈਂਤ

ਅੱਜ ਖਾਲਸਾ ਦੇ ਵਿੱਚ ਕੀ ਯਾਰ ਕਿਸ ਗੱਲ ਨੇ ਸੋਗ ਕਰਾਯਾ ਏ ।
ਕਾਹਨੂੰ ਫਲਕ ਨੇ ਮਾਤਮੀ ਆਨੇਕੇ ਜੀ ਨੀਲਾ ਚਲ ਲਿਬਾਸ ਦਾ ਪਾਯਾ ਏ ।
ਕਾਹਨੂੰ ਪਾੜ ਕੇ ਅੱਜ ਸਵੇਰ ਨੇ ਜੀ ਗਿਰੇਬਾਨ ਤੇ ਕਦਮ ਵਧਾਯਾ ਏ ।
ਕਾਹਨੂੰ ਰੋਇ ਕੇ ਸੂਰਜ ਨੇ ਅੱਜ ਯਾਰਾ ਨੈਨੋਂ ਲਹੂ ਦਾ ਨੀਰ ਵਗਾਯਾ ਏ । 2 ।
ਬਹੁਤਾ ਕਿਉਂ ਦਰਖਤਾਂ ਦਾ ਸ਼ੋਰ ਕਰਦੇ ਕਿਸ ਆਨ ਜਨੌਰ ਡਰ ਪਾਯਾ ਏ ।
ਇਹ ਤਾਂ ਸ਼ੋਰ ਨਹੀਂ ਅੱਜ ਰੋਜ਼ ਵਾਲਾ ਵਿੱਚ ਸ਼ੋਰ ਦੇ ਰੁਦਨ ਮਿਲਾਯਾ ਏ ।
ਅੱਜ ਬਾਗ਼ ਦੇ ਵਿਚ ਵੀ ਜਾਇ ਦੇਖੋ ਰੰਗ ਫੁੱਲਾਂ ਨੇ ਹੋਰ ਵਟਾਯਾਏ ।
ਕਿਸੇ ਦਰਦੀ ਦੇ ਦਰਦ ਨੇ ਮਾਰ ਦਿੱਤਾ ਜਿਸ ਵਾਸਤੇ ਜਿਗਰ ਚਰਾਯਾ ਏ । 3 ।
ਬੁਲਬੁਲ ਰੋਵੰਦੀ ਆਵੰਦੀ ਪਾਸ ਗੁਲ ਦੇ ਕਿਸ ਦਰਦ ਨੇ ਮਾਰ ਮੁਕਾਯਾ ਏ ।
ਸਿੰਘ ਸਭਾ ਦੇ ਵਿੱਚ ਕਿਉਂ ਚੁਪ ਹੋਈ ਕੀ ਸੋਹਲੜਾ ਆਨ ਸੁਨਾਯਾ ਏ ।
ਕਿਸ ਵਾਸਤੇ ਦੱਸ ਖਾਂ ਤੂੰ ਯਾਰਾ ਏਹ ਨੈਨਾਂ ਤੋਂ ਨੀਰ ਵਹਾਯਾ ਏ ।
ਕਾਲਜ ਖ਼ਾਲਸਾ ਦੇ ਵਿੱਚ ਸੋਗ ਕਿਸ ਦਾ ਕਿਸ ਵਾਸਤੇ ਬੰਦ ਕਰਾਯਾ ਏ । 4 ।
ਔਰੀਐਂਟਲ ਕਾਲਜ ਦਾ ਅੱਜ ਹੈ ਕਉਨ ਮੋਯਾ ਕਿਉਂ ਇਤਨਾ ਸੋਗ ਦਿਖਾਯਾ ਏ ।
ਕਿਸ ਵਾਸਤੇ ਸਿੰਘਾਂ ਦੇ ਜੀਯ ਅੰਦਰ ਗ਼ਮ ਆਨਕੇ ਘਰ ਬਨਾਯਾਏ ।
ਕੇਹੜੀ ਚੀਜ਼ ਨੇ ਯਾਰ ਹੈ ਸੱਚ ਦੱਸੋ ਸਾਨੂੰ ਆਨ ਕੇ ਏਡ ਸਤਾਯਾ ਏ ।
ਗ਼ਮ ਨਾਲ ਵੀ ਸਿੰਘਾਂ ਨੇ ਫੇਰ ਯਾਰਾ ਰੋਇ ਰੋਇ ਕੇ ਹਾਲ ਸੁਨਾਯਾ ਏ । 5 ।
ਮੈਂ ਹਾਲ ਬੇਹਾਲ ਹੋ ਜਾਵੰਦਾ ਹਾਂ ਜਿਸ ਵੇਲੇ ਮੈਂ ਖੋਲ੍ਹ ਕੇ ਹਾਲ ਦੱਸਾਂ ।
ਅਕਲ ਫ਼ਿਕਰ ਦੀ ਡੋਰ ਹੈ ਟੁੱਟ ਜਾਂਦੀ ਜਦ ਦੱਸਨੇ ਦਾ ਮੈਂ ਖ਼ਿਆਲ ਦੱਸਾਂ ।
ਕਲੇਜਾ ਉਛੱਲ ਕੇ ਮੂੰਹ ਦੇ ਕੋਲ ਆਵੇ ਭਰੇ ਝੱਗ ਜੇ ਮੂੰਹ ਦੇ ਨਾਲ ਦੱਸਾਂ ।
ਨੈਨੋਂ ਨੀਰ ਚਲਦਾ ਨਹੀਂ ਬੰਦ ਹੋਵੇ ਏਸ ਸ਼ੋਕ ਦੀ ਯਾਰ ਮੈਂ ਚਾਲ ਦੱਸਾਂ । 6 ।
ਡੂੰਘਾ ਫੱਟ ਲੱਗਾ ਵਿੱਚ ਜਿਗਰ ਦੇ ਜੀ ਫੱਟੀ ਖੋਲ੍ਹ ਕੇ ਨਹੀਂ ਸੁਖਾਲ ਦੱਸਾਂ ।
ਜ਼ਰਾ ਠੈਹਿਰ ਜਾ ਵੇ ਰੋਨਾ ਛੋੜ ਦੇ ਵੇ ਤਦ ਜ਼ਖਮ ਮੈਂ ਖੋਲ੍ਹ ਵਖਾਲ ਦੱਸਾਂ ।
ਗੁਰਮੁਖ ਸਿੰਘ ਪਯਾਰਾ ਗੁਰੂ ਸਿੱਖ ਸਾਰਾ ਕੀਤਾ ਆਨ ਗ੍ਰਾਸ ਹੈ ਕਾਲ ਦੱਸਾਂ ।
ਓਹਦੇ ਸ਼ੋਕ ਦੇ ਵਿੱਚ ਏਹ ਹੈਨ ਰੋਂਵਦੇ ਸਿੰਘ ਸਾਰੇ ਏਹ ਹਾਲ ਬੇਹਾਲ ਦੱਸਾਂ । 7 ।
ਅੱਜ ਖਾਲਸਾ ਰੋਵੰਦਾਂ ਹਈ ਜਿਸਨੂੰ ਉਸ ਦੇ ਜਾਵ ਨੇ ਦਾ ਵੱਡਾ ਸ਼ੋਕ ਭਾਰੀ ।
ਜੇਹੜੀ ਕੰਮ ਕਰਾਂਵਦੀ ਸਈ ਸੂਰਤ ਸਾਨੂੰ ਨਜ਼ਰ ਨਹੀਂ ਆਵੰਦੀ ਉਹ ਪਯਾਰੀ ।
ਕਦੀ ਹੋਇ ਸਕੌਨੂ ਜਿਨ ਕੰਮ ਕੀਤਾ ਕਿਸ ਕੰਮ ਨੂੰ ਗਿਆ ਹੈ ਕਰ ਤਿਆਰੀ ।
ਜਿਸ ਦੀ ਹਿੰਮਤ ਦਾ ਫਲ ਤੇ ਯਾਰ ਦੇਖੋ ਜਗ੍ਹਾ ਜਗ੍ਹਾ ਤੇ ਸਭਾ ਨੇ ਸਿੰਘ ਸਾਰੀ । 8 ।
ਉਸੇ ਖ਼ਾਲਸਾ ਦਾ ਏਹ ਕੰਮ ਹੈ ਸੀ ਕਾਲਜ ਖ਼ਾਲਸਾ ਇੱਕ ਹੈ ਘਨਾ ਭਾਰੀ ।
ਜਗ੍ਹਾ ਜਗ੍ਹਾ ਤੇ ਚੰਦਾ ਸੀ ਓਸ ਕੀਤਾ ਸ਼ੇਹਰ ਸ਼ੇਹਰ ਕੀਤੇ ਜਿਨ ਫੰਡ ਜਾਰੀ ।
ਗਿਆ ਵਿਚ ਰਿਆਸਤਾਂ ਸ਼ੇਰ ਵਾਂਗੂ ਹਜ਼ਾਰ ਛੱਡ ਕੇ ਲੱਖਾਂ ਦੀ ਆਈ ਵਾਰੀ ।
ਕਰਨਾ ਖ਼ਾਲਸਾ ਦਾ ਹੀ ਕੰਮ ਜਿਸ ਦਾ ਮੁੱਢੋਂ ਏਹ ਮਾਲਾ ਗਲੇ ਦੇ ਵਿਚ ਸੀ ਹੋ
ਡਾਰੀ । 9 ।

ਰਬਾ ਮੌਤ ਤਾਂ ਆਵੰਦੀ ਸਭ ਕਿਸੇ ਏਸ ਕਾਲ ਨੂੰ ਕਾਲ ਨਹੀਂ ਖਾਵੰਦਾ ਜੀ ।
ਕਯਾ ਲੱਕ ਬੱਧਾ ਏਸ ਵੈਰ ਉਤੇ ਕੋਈ ਆਦਮੀ ਮੂਲ ਨਹੀਂ ਭਾਵੰਦਾ ਜੀ ।
ਜੇਹੜਾ ਕੰਮ ਕਰਦਾ ਸੱਚੇ ਨਾਲ ਦਿਲ ਦੇ ਓਸੇ ਤਾਈ ਏਹ ਮਾਰ ਮੁਕਾਵੰਦਾ ਜੀ ।
ਜਾਨ ਮਾਰਨੀ ਹੈ ਬੁਰਾ ਦੋਸ਼ ਪਿਆਰੇ ਏਹ ਕਾਲ ਹੈ ਬੁਰਾ ਕਮਾਵੰਦਾ ਜੀ । 10 ।
ਕਾਹਨੂੰ ਲਾਇਕੇ ਪ੍ਰੀਤ ਤੈਂ ਸਿੰਘਾ ਸਾਥੋਂ ਫੇਰ ਅਪਨਾ ਨਾਲ ਚਿੱਤ ਚੁਕਾਏ ਦਿੱਤਾ ।
ਪਹਿਲੋਂ ਆਨ ਕੇ ਕੰਮ ਸੰਭਾਲਯੋ ਈ ਕੰਮ ਜੇਯਾ ਤੇ ਖੈਰ ਹਟਾਇ ਦਿੱਤਾ ।
ਜੇਹੜਾ ਸਬਕ ਤੂੰ ਰੋਜ਼ੇ ਪੜ੍ਹਾਉਂਦਾ ਸੈਂ ਕਾਹਨੂੰ ਅੱਧ ਦੇ ਵਿਚ ਛੁਡਾਏ ਦਿੱਤਾ ।
ਅਪਨੀ ਹੱਥੀਂ ਤੂੰ ਸ਼ੌਕ ਦੇ ਨਾਲ ਗੁਰਮੁਖ ਸੋਹਨਾ ਜੇਹਾ ਇਕ ਬਾਗ਼ ਲਗਾਇ ਦਿੱਤਾ । 11 ।
ਫਲ ਪੱਕ ਦੇ ਹੋਨ ਤਯਾਰ ਲੱਗਾ ਝੱਟ ਮੌਤ ਨੇ ਕੱਚ ਕਰਾਇ ਦਿੱਤਾ ।
ਤੈਨੂੰ ਸਾਰੇ ਉਡੀਕਦੇ ਯਾਰ ਪਯਾਰੇ ਕਿਸ ਵਾਸਤੇ ਚਿਰ ਲਗਾਇ ਦਿੱਤਾ ।
ਸ਼ਿਮਲੇ ਗਿਆ ਪਹਾੜ ਦੀ ਸੈਰ ਕਰਨੇ ਕਾਹਨੂੰ ਓਥੇ ਹੀ ਘਰ ਬਨਾਏ ਦਿੱਤਾ ।
ਤੈਂ ਤਾਂ ਆਨਕੇ ਕਾਲਕਾ ਕਾਲ ਨੂੰ ਕਿਉਂ ਭਲਾ ਦੱਸ ਖਾਂ ਹੱਥ ਫੜਾਏ ਦਿੱਤਾ । 12 ।
ਭਾਣਾ ਮੰਨ ਲਵੋ ਉਸ ਰੱਬ ਦਾ ਜੀ ਜੇਹੜੀ ਰੱਬ ਨੇ ਆਕੇ ਭੀੜ ਪਾਈ ।
ਅੱਜ ਵਿਚ ਪਰਲੋਕ ਦੇ ਹੋਨ ਖੁਸ਼ੀਆਂ ਏਕੇ ਸੰਗ ਤੇ ਉਥੇ ਨਾ ਰੰਜ ਕਾਈ ।
ਗੁਰਮੁਖ ਵਿੱਦਯਾ ਦਾ ਜੇਹੜਾ ਸਦੀ ਗੁਰਮੁਖ ਓਹਦੇ ਆਉਨ ਤੇ ਉਥੇ ਹੈ ਧੂਮ ਪਾਈ ।
ਕਾਲਜ ਵਿੱਚ ਸਵਰਗ ਬਨਾ ਦੇਸੀ ਇਕ ਖ਼ਾਲਸਾ ਦਾ ਭਾਵੇਂ ਇਹ ਭਾਈ । 13 ।
ਕੰਮ ਦੱਸ ਕੇ ਆਪ ਤੇ ਚੱਲ ਗਿਆ ਛੋਡ ਗਿਆ ਨਮੂਨੜਾ ਸੱਭ ਤਾਂਈ ।
ਲੱਕ ਬੰਨ੍ਹ ਕੇ ਧਰਮ ਦਾ ਕੰਮ ਕਰਨਾ ਗ਼ਰਜ਼ ਛੱਡਕੇ ਏਹ ਤੇ ਫ਼ਰਜ਼ ਸਾਹੀ ।
ਅਬਜਦ ਨਾਲ ਤੇ ਸਿੰਘ ਤਾਰੀਖ਼ ਕੱਢਨ ਕਿਸ ਵਾਸਤੇ ਏਤਨੀ ਢਿੱਲ ਲਾਈ ।
ਇਕ ਵਾਰੀ ਹੀ ਚਿੱਤ ਨੇ ਏਹ ਕਹਿਆ ਗੁਰਮੁਖ ਸਿੰਘ ਮਿਲਿਆ ਇਕ ਨਾਲ
ਭਾਈ । 14 ।

(ਖ਼ਾਲਸਾ ਅਖ਼ਬਾਰ, 14 ਅਕਤੂਬਰ, 1898)

**ਭਾਈ ਅਨੂਪ ਸਿੰਘ ਸਕੱਤਰ, ਸ੍ਰੀ ਗੁਰੂ ਸਿੰਘ ਸਭਾ, ਬਹਿਲੋਲਪੁਰ (ਲੁਧਿਆਣਾ)**

ਕੁੰਡਲੀਆ

ਦਿਨ ਨ ਚੜ੍ਹਿਆ ਖ਼ੁਸ਼ੀ ਦਾ ਦੁੱਖ ਬਿਆਪਜਾ ਆਇ ।
ਢਾਹਾਂ ਮਾਰੇ ਖ਼ਾਲਸਾ ਗੁਰਮੁਖ ਸਿੰਘ ਭਰਾਇ ।
ਗੁਰਮੁਖ ਸਿੰਘ ਭਰਾਇ ਖਾਲਸਾ ਰੋਵੇ ਸਾਰਾ ।
ਕਿਆ ਹੋਉ ਹੁਨ ਹਾਲ ਫੜੇ ਲੜ ਕੌਨ ਹਮਾਰਾ ।
ਕਹੇ ਅਨੂਪ ਕਾਵਿ ਸਿੰਘ ਰੋਂਦਿਆ ਮਿਲੇ ਨਾ ਢੋਈ ।
ਕਿਸ ਦੀ ਫੜੀਏ ਬਾਹਾਂ ਯਾਰ ਦੱਸ ਗਿਆ ਨ ਕੋਈ । 1 ।
ਅਕਾਲ ਪੁਰਖ ਨੇ ਸਾਜਿਆ ਚੇਹਰਾ ਚੌੜਾ ਯਾਰ ।
ਦਾਹੜਾ ਖ਼ੂਬ ਸਜਾਇਆ ਮੀਠੇ ਬਚਨ ਉਚਾਰ ।
ਮੀਠੇ ਬਚਨ ਉਚਾਰ ਲਾਟ ਰਾਜੇ ਸਭ ਮੋਹੇ ।
ਸਿੰਘ ਸਭਾ ਦੀਆ ਸਾਜ ਖ਼ਾਲਸਾ ਕਾਲਿਜ ਸੋਹੇ ।

ਕਹੇ ਅਨੂਪ ਕਵਿ ਸਿੰਘ ਕੰਮ ਨਾ ਸਿਰੇ ਚੜ੍ਹਾਇਆ ।
ਕਰ ਗਿਆ ਚੌੜ ਚੁਪੱਟ ਹੱਥ ਨਾ ਕਿਸੇ ਫੜਾਇਆ । 2 ।

ਦੋਹਰਾ

ਬੜੇ ਸੂਰਮੇਂ ਸਿੰਘ ਜੋ ਰੌਸ਼ਨ ਹੁਏ ਜਹਾਨ ।
ਧਰਮ ਕਾਮ ਕੇ ਵਾਸਤੇ ਗਏ ਕਾਲਕਾ ਪ੍ਰਾਨ । 3 ।
ਧੌਲਪੁਰੀ ਮਹਾਰਾਜ ਨੇ ਸੌਲਾਂ ਦੀਆ ਹਜ਼ਾਰ ।
ਚਾਇਲ ਬਧਾਈ ਕੇ ਗਏ ਗੁਰਮੁਖ ਸਿੰਘ ਸਰਦਾਰ । 4 ।
ਮੂੜਜੇ ਲਗੇ ਅਚਾਨਕ ਬਾਨ ।
ਗੁਰਮੁਖ ਤੇ ਤਿਆਗਿਆ ਬੈਠਾ ਬੀਚ ਬਿਵਾਨ । 5 ।
ਚੜ੍ਹੇ ਬਿਵਾਨੀ ਜਾਇ ਕਰ ਖ਼ਬਰ ਨਾ ਕੀਤੀ ਮੂਲ ।
ਜਬ ਸੁਨਿਆ ਹੈ ਖ਼ਾਲਸੇ ਲੱਗੀ ਕਲੇਜੇ ਸੂਲ । 6 ।
ਖਾਨਾ ਪੀਨਾ ਕੰਮ ਜੋ ਤੁਟਿਆ ਵਕਤ ਸੁ ਨੀਂਦ ।
ਕਹਾਂ ਗਿਆ ਤੂੰ ਸੱਜਨਾ ਮਿਲਹੋ ਯਾਰ ਮੁਫ਼ੀਦ । 7 ।
ਗ਼ਮ ਖਾ ਕੇ ਸਭ ਖ਼ਾਲਸਾ ਹੋਇਆ ਮੂਧੇ ਮੂੰਹ ।
ਕਿੱਥੇ ਗਿਆ ਹੈ ਪਿਆਰਿਆ ਦਿੱਸੇ ਨਾ ਕੋਈ ਸੂੰਹ । 8 ।
ਟਹਲ ਨਾ ਕੀਤੀ ਰੱਜ ਕੇ ਮੂੰਹ ਨ ਦੇਖਿਆ ਯਾਰ ।
ਹੱਥੀ ਦਾਗ਼ ਨਾ ਦੇ ਲਿਆ ਰੋਂਦਾ ਸਭ ਸੰਸਾਰ । 9 ।
ਅੰਮ੍ਰਿਤ ਛੱਡ ਲਾਹੌਰ ਨੂੰ ਚੜ੍ਹੇ ਕਾਲਕਾ ਬੀਚ ।
ਰੋਂਦਾ ਹੈ ਸਭ ਖ਼ਾਲਸਾ ਗਏ ਮੁੱਠੀਆਂ ਮੀਚ । 10 ।
ਯਾਦਗਾਰ ਕੇ ਵਾਸਤੇ ਕਰ ਗਏ ਪਰਉਪਕਾਰ ।
ਸਿੰਘ ਸਭਾ ਪੰਜਾਬ ਮੇਂ ਕੀਤੀ ਕਈ ਹਜ਼ਾਰ । 11 ।
ਸਿੰਘ ਪੰਥ ਕੇ ਵਾਸਤੇ ਅੰਮ੍ਰਿਤਸਰ ਕੇ ਪਾਸ ।
ਕਾਲਜ ਨਾਮ ਹੈ ਖ਼ਾਲਸਾ ਗੁਰਮੁਖ ਕੀਆ ਪ੍ਰਕਾਸ਼ । 12 ।
ਅਭਿਲਾਖਾ ਜੋ ਚਿੱਤ ਕੀ ਲੈ ਗਏ ਹੈਂ ਸੱਭ ਨਾਲ ।
ਪੂਰਾ ਕਰਨਾ ਨਾ ਮਿਲਾ ਨਾ ਗਏ ਸਭ ਸੰਭਾਲ । 13 ।
ਹੋਣਹਾਰ ਨਾ ਮਿਟ ਸਕੇ ਕਰੀਏ ਕੋਟ ਉਪਾਇ ।
ਪੀਰ ਪੈਗ਼ੰਬਰ ਔਲੀਏ ਲੀਏ ਕਾਲ ਨੇ ਖਾਇ । 14 ।
ਜੇ ਤੂੰ ਭੁੱਖਾ ਕਾਲ ਥੀਂ ਇੱਕ ਦੋ ਮਾਨਸ ਖਾਇ ।
ਛੱਡ ਦੇਹ ਗੁਰਮੁਖ ਸਿੰਘ ਕੋ ਕਾਜ ਸਵਾਰੇ ਜਾਇ । 15 ।
ਤੈਨੂੰ ਤਰਸ ਨਾ ਆਇਆ ਜਿਹ ਮੂਰਤ ਸੁਖ ਦੇਵ ।
ਆਏ ਪਰਉਪਕਾਰ ਕੋ ਕਰੇਂ ਪੰਥ ਕੀ ਸੇਵ । 16 ।
ਕਿਸ ਨੀਂਦਰ ਤੂੰ ਸੋਇਆ ਲਵੇਂ ਨਾ ਭੌਂਦੂ ਸਾਰ ।
ਤੇਰੇ ਕੋਲੋਂ ਲੱਦ ਗਏ ਗੁਰਮੁਖ ਸਿੰਘ ਵਿਚਾਰ । 17 ।

ਤੇਰੇ ਯਾਰ ਪਯਾਰਿਆ ਵਿੱਤ ਸਿੰਘ ਸਹੀ ਬੀਰ ।
ਅੰਦਰ ਵੜ ਕੇ ਰੋਂਵਦੇ ਕੌਨ ਬੰਧਾਏ ਧੀਰ । 18 ।
ਭਾਈ ਜਵਾਹਰ ਸਿੰਘ ਕੋ ਹੋਈ ਬਹੁਤ ਮੁਹਾਲ ।
ਤੇਰੇ ਬਾਝੋਂ ਪਯਾਰਿਆ ਗਲ ਵਿਚ ਪਏ ਜੰਜਾਲ । 19 ।
ਹੱਥ ਬੰਨ੍ਹ ਸਿੰਘ ਅਨੂਪ ਕੀ ਏਹੋ ਹੈ ਅਰਦਾਸ ।
ਜਹਾ ਕਹਾਂ ਸਿੰਘ ਸੱਭਾ ਹੈ ਕਰੋ ਗ੍ਰੰਥ ਪ੍ਰਕਾਸ਼ । 20 ।
ਭੋਗ ਪਵੇ ਹਰ ਸਭਾ ਮੈਂ ਗੁਰਮੁਖ ਸਿੰਘ ਨਮਿੱਤ ।
ਜੋ ਸਜਨ ਹੈਂ ਗੁਰੂ ਦੇ ਦਿਲ ਮਹਿ ਰੱਖੇ ਹਿੱਤ । 21 ।
ਹੱਥ ਬੰਨ੍ਹ ਸਿੰਘ ਅਨੂਪ ਕੀ ਏਹੋ ਹੈ ਅਰਦਾਸ ।
ਐਸੇ ਸੱਜਨ ਪਿਆਰਿਆਂ ਬਾਸ ਦੇਵੀਂ ਗੁਰ ਪਾਸ । 22 ।
ਜੋਗ ਤ੍ਰੈ ਖ਼ਾਲਸਾ ਭੂਲ ਚੂਕ ਜੋ ਹੋਇ ।
ਅਨੂਪ ਕੋ ਔਰ ਨਾ ਦੋਈ ਢੋਇ । 23 ।
ਗਲ ਪੱਲੂ ਮੁਖ ਘਾਸ ਲੇ ਅਰਜ ਕਰਹੇ ਜਿਹ ਦਾਸ ।
ਕ੍ਰਿਪਾ ਤੁਮਾਰੀ ਚਾਹੀਯੇ ਔਰ ਨ ਕੋਈ ਆਸ । 24 ।
ਲਕਚਰ ਸਿੰਘ ਅਨੂਪ ਕਾ ਨਾਹੰਗਵਾਲ ਮਕਾਨ ।
ਲੁਦਿਹਾਨੇ ਕਾ ਜ਼ਿਲਾ ਹੈ ਡਿਹਲੋਂ ਥਾਨਾ ਜਾਨ । 25 ।

(ਖ਼ਾਲਸਾ ਅਖ਼ਬਾਰ, 7 ਅਕਤੂਬਰ, 1898)

**ਭਾਈ ਨੱਥਾ ਸਿੰਘ ਗੁੱਜਰਾਂਵਾਲਾ**

ਕਿਆ ਅਵੱਗਿਆ ਸਾਥੋਂ ਹੋਈ ਹੈ ਅਕਾਲ ਪਿਯਾਰੇ ।
ਜਿਸ ਕਾਰਨ ਤੈਂ ਕੌਮੀ ਮੁਖੀਏ ਪਲ ਭੀਤਰ ਸੰਘਾਰੇ । 1 ।
ਡਾਕਟਰ ਜੈ ਸਿੰਘ ਨਹੀਂ ਸੀ ਭੁਲੇ ਔਰ ਫ਼ਰੀਦਕੋਟ ਵਡਰਾਜਾ ।
ਗਿਆ ਕੂਚ ਕਰ ਦੁਨੀਆਂ ਉਤੋਂ ਤਜ ਕੇ ਸਗਲ ਸਮਾਜਾ । 2 ।
ਫਿਰ ਇਕ ਬੱਜਰ ਆਨ ਪੜੀ ਹੈ ਜਿਸ ਦਾ ਖ਼ਿਆਲ ਨ ਕੋਈ ।
ਜਿਸ ਕਾਰਨ ਹੈ ਕੌਮ ਖ਼ਾਲਸਾ ਅਤੀ ਨਿਮਾਨੀ ਹੋਈ । 3 ।
ਧੰਨ ਭਾਗ ਉਨ ਮਾਵਨ ਕੇਰੇ ਜਿਨ ਐਸੇ ਸੁੱਤ ਜਾਏ ।
ਭਗਤ ਸੂਰਮਾ ਯਾ ਵੱਡਦਾਤਾ ਜਗ ਮੈਂ ਆਨ ਕਹਾਏ । 4 ।
ਗੁਰਮੁਖ ਸਿੰਘ ਨੇ ਆਨ ਜਗਤ ਵਿਚ ਬਹੁਤ ਉਪਕਾਰ ਕਮਾਇਆ ।
ਪੰਥ ਖ਼ਾਲਸੇ ਨੂੰ ਨਹੀਂ ਚਾਹੀਏ ਮਨ ਥੀਂ ਕਦੀ ਭੁਲਾਇਆ । 5 ।
ਖ਼ਾਲਸਾ ਕਾਲਜ ਵਿਦਿਯਾ ਕਾਰਨ ਵਿੱਚ ਪੰਜਾਬ ਬਨਾਇਆ ।
ਅੰਨਮਤੀ ਦੇ ਫੰਦੇ ਵਿਚੋਂ ਪੰਥ ਨੂੰ ਚਾਇ ਕਢਾਇਆ । 6 ।
ਅਪਨੇ ਉਦੱਮ ਹਿਕਮਤ ਸੇਤੀ ਦਰਬ ਅਕਤ੍ਰ ਕੀਆ ।
ਪੰਥ ਬੇਹਤਰੀ ਕਰਨੇ ਕਾਰਨ ਤਨ ਮਨ ਅਰਪਨ ਕੀਆ । 7 ।
ਪੰਥ ਖ਼ਾਲਸੇ ਨੂੰ ਨਹੀਂ ਚਾਹੀਏ ਨਸ਼ੁਕਰਾ ਹੋ ਜਾਵੇ ।
ਐਸੇ ਪੁਰਸ਼ ਪ੍ਰੇਮੀ ਦਾ ਜੋ ਨਾਮ ਨਸ਼ਾਨ ਮਿਟਾਵੇ । 8 ।

ਤਾਂ ਤੇ ਯਾਦਗਾਰ ਇੱਕ ਉਸ ਦੀ ਐਸੀ ਪੰਥ ਬਨਾਵੇ ।
ਜੋ ਇਸ ਦੁਨੀਆਂ ਉਤੇ ਉਸ ਦਾ ਨਾਮ ਅਟੱਲ ਰਖਾਵੇ । 9 ।
ਪਹਿਲੇ ਇਸ ਥੀਂ ਚਾਹੀਏ ਸਿੰਘ ਜੋ ਅਪਨਾ ਜੋਰ ਲਗਾਵਨ ।
ਦੀਵਾਨ ਖ਼ਾਲਸੇ ਹਨ ਦੋ ਪਹਿਲੇ ਰਲਕੇ ਇੱਕ ਹੋ ਜਾਵਨ । 10 ।
ਗ੍ਰੰਥ ਗੁਰੂ ਦੇ ਸਨਮੁਖ ਖੜ ਕੇ ਦਿਲ ਤੋਂ ਵੈਰ ਹਟਾਵੇਂ ।
ਕੌਮੀ ਕੰਮ ਕਰਨ ਦੇ ਕਾਰਨ ਮਿਲ ਕਰ ਜ਼ੋਰ ਲਗਾਵੇਂ । 11 ।
ਹੱਥ ਜੋੜ ਕੇ ਫਤੇ ਗਜਾਓ ਅਰ ਅਕਾਲ ਪ੍ਰਿਤ ਭਾਖੋ ।
ਗੁਰਮੁਖ ਸਿੰਘ ਪਿਆਰੇ ਨੂੰ ਤੁਮ ਗੁਰਪੁਰ ਮੇਂ ਸਦ ਰਾਖੋ । 12 ।

(ਖ਼ਾਲਸਾ ਅਖ਼ਬਾਰ, 7 ਅਕਤੂਬਰ, 1898)

## ਹਵਾਲੇ

1. Dr. Ganda Singh, 'The Singh Sabha and other Socio-Religious Movements in the Punjab, 1850-1925', Introduction, p. XIV
2. ਪ੍ਰੋ. ਗੁਰਮੁਖ ਸਿੰਘ, 'ਧਰਮ ਅਤੇ ਵਿਦਯਾ ਪ੍ਰਚਾਰਨੀ' ਸ੍ਰੀ ਗੁਰੂ ਸਿੰਘ ਸਭਾ, ਲਾਹੌਰ ਦੀ ਕਾਰਵਾਈ ਦੀ ਰਿਪੋਰਟ (ਸਭਾ ਇਸਥਿਤ ਹੋਈ ਹੈ ਚੇਤ੍ਰ 30 ਤੱਕ) ਪੰਨੇ 7-8
3. ਉਹੀ, ਪੰਨਾ 53
4. ਉਹੀ ਸਥਾਨ
5. ਉਹੀ, ਪੰਨਾ 55
6. Prof. Teja Singh, 'The Singh Sabha and other Socio-Religious Movements in the Punjab, 1850-1925', p. 39
7. ਡਾ. ਜਗਜੀਤ ਸਿੰਘ, ਸਿੰਘ ਸਭਾ ਲਹਿਰ, ਪੰਨਾ 33
8. ਉਹੀ, ਪੰਨਾ 34

8a ਮਹਾਰਾਜਾ ਜਗਜੀਤ ਸਿੰਘ ਵਾਲੀਏ ਕਪੂਰਥਲਾ ਨੂੰ 1894 ਈਸਵੀ ਵਿਚ ਲਿਖੇ ਆਪਣੇ ਖ਼ਤ ਵਿਚ ਪ੍ਰੋ. ਗੁਰਮੁਖ ਸਿੰਘ ਦੱਸਦੇ ਹਨ :

Soon after his (Kanwar Bikram Singh's) death the opposition assumed a formidable aspect and fell upon me with all its horrors. My enemies made great efforts to ex-communicate me from the Sikh Religion and took steps to prosecute me with all sorts of severity.

I was noted a victim for their wrath and a price was set on my head.

(ਸ. ਸ਼ਮਸ਼ੇਰ ਸਿੰਘ ਅਸ਼ੋਕ ਦੁਆਰਾ ਉਧਰਿਤ ਪੰਜਾਬ ਦੀਆਂ ਲਹਿਰਾਂ)

ਇਸ ਤੱਥ ਦੀ ਪੁਸ਼ਟੀ ਭਾਈ ਜਵਾਹਰ ਸਿੰਘ ਵਲੋਂ ਬਾਬਾ ਖੇਮ ਸਿੰਘ ਬੇਦੀ ਵੱਲ 8-4-1887 ਨੂੰ ਲਿਖੇ ਖ਼ਤ ਤੋਂ ਵੀ ਹੁੰਦੀ ਹੈ । ਭਾਈ ਜਵਾਹਰ ਸਿੰਘ ਨੇ ਇਹ ਚਿੱਠੀ ਉਦੋਂ ਲਿਖੀ ਸੀ ਜਦੋਂ ਬਾਬਾ ਖੇਮ ਸਿੰਘ ਬੇਦੀ ਉਹਨਾਂ ਪਾਸ ਪ੍ਰੋ. ਗੁਰਮੁਖ ਸਿੰਘ ਨੂੰ ਸਿੱਖ ਪੰਥ ਵਿਚੋਂ ਛੇਕੇ ਜਾਣ ਵਾਲੇ ਮਤੇ ਉਤੇ ਦਸਤਖਤ ਕਰਵਾਉਣ ਆਏ ਸਨ ਅਤੇ ਭਾਈ ਜਵਾਹਰ ਸਿੰਘ ਵੱਲੋਂ ਇਨਕਾਰ ਕੀਤੇ ਜਾਣ ਉਤੇ ਬਾਬਾ ਜੀ ਨੇ ਉਹਨਾਂ ਨੂੰ ਧਮਕੀਆਂ ਦਿੱਤੀਆਂ ਸਨ । ਭਾਈ ਜਵਾਹਰ ਸਿੰਘ ਨੇ ਲਿਖਿਆ ਹੈ :

"ਜਿਸ ਕਾਗਜ ਪਰ ਆਪ ਮੁਝ ਸੇ ਦਸਤਖਤ ਕਰਵਾਨਾ ਚਾਹਤੇ ਥੇ ਉਸ ਪਰ ਜਿਸ ਵਜਹ ਸੇ ਮੈਨੇ ਨਹੀਂ ਕੀਏ ਵਹੁ ਵਜੂਹੀ ਆਪ ਕੋ ਬਤਾ ਦੀ ਥੀ, ਪਰ ਨਹੀਂ ਮਾਲੂਮ ਮੇਰੀ ਸਾਦਾ

ਔਰ ਸਾਫ਼ ਕਾਰਵਾਈ ਸੇ ਆਪ ਕਿਉਂ ਖਫ਼ਾ ਹੋ ਗਏ ਔਰ ਭਾਈ ਸੰਤ ਸਿੰਘ ਵ ਭਾਈ ਬਸੰਤ ਸਿੰਘ ਕੇ ਰੂਬਰੂ ਹੀ ਬੱਗੀ ਮੇਂ ਬੈਠੇ ਮੁਝੇ ਧਮਕਾਨੇ ਲਗੇ ਕਿ ਤੁਮਹਾਰਾ ਨਾਕ ਕਾਟਾ ਜਾਏਗਾ ਕਿਸੀ ਗਾਉਂ ਮੇਂ ਜਾ ਕਰ ਦੇਖ ਲੋ। ਔਰ ਗੁਰਮੁਖ ਸਿੰਘ ਕਾ ਸਿਰ ਕਿਸੀ ਨਿਹੰਗ ਕੇ ਸਲੋਤ੍ਰੋਂ ਸੇ ਤੁੜਵਾਇਆ ਜਾਵੇਗਾ........"

9. Prof. Teja Singh, The Singh Sabha and other Socio-Religious Movements in the Punjab, 1850-1925, p. 93
10. ਖ਼ਾਲਸਾ ਅਖ਼ਬਾਰ, 17 ਜੁਲਾਈ, 1896
10a ਸਿੰਘ ਸਭਾ ਲਹਿਰ, ਸਿੰਘ ਸਭਾ ਪਤ੍ਰਿਕਾ, ਮਾਰਚ, 1975, ਪੰਨਾ 20
10b ਸ਼ਮਸ਼ੇਰ ਸਿੰਘ ਅਸ਼ੋਕ, 'ਮਹਾਨ ਕੋਸ਼' ਬਾਣੀ ਕਾਨ੍ਹ ਸਿੰਘ ਜੀ ਦਾ ਜੀਵਨ-ਬ੍ਰਿਤਾਂਤ, ਪੰਨਾ ਸ
10c (i) ਭਾਈ ਸੰਤੋਖ ਸਿੰਘ ਜੀ ਕਵੀ ਸੇ.....ਉਨ੍ਹਾਂ ਨੂੰ ਖਾਲਸਾ ਧਰਮ ਦੇ ਅਸੂਲ ਮਾਲੂਮ ਨਹੀਂ ਸੇ। (ਦੂਜਾ ਵਿਖਿਆਨ ਪੰਨਾ 51)
(ii) ਉਪਰੰਤ ਸਤਿ ਧਰਮ ਅਥਵਾ ਖਾਲਸ ਧਰਮ ਦਾ ਉਪਦੇਸ਼ ਦੇਣ ਲਗਾ। (ਉਹੀ ਪੰਨਾ 53)
(iii) ਚਾਰ ਵਰਨਾਂ ਨੂੰ ਉਪਦੇਸ਼ ਕਰ ਕੇ ਸਤਿ ਮਤ ਵਾਲਾ ਵਰਨ ਬਣਾਇਆ......ਅਤੇ ਖਾਲਸ ਧਰਮ ਦਾ ਬੂਟਾ ਲਾਇਆ। (ਉਹੀ, ਪੰਨਾ 58)
11. ਦੂਜਾ ਵਿਖਿਆਨ, ਪੰਨਾ 53
12. ਉਹੀ, ਪੰਨਾ 36
13. ਉਹੀ ਪੰਨਾ
14. ਤੀਜਾ ਵਿਖਿਆਨ, ਪੰਨਾ 12
15. ਦੂਜਾ ਵਿਖਿਆਨ ਪੰਨਾ 87
16. ਤੀਜਾ ਵਿਖਿਆਨ, ਪੰਨਾ 10
17. ਦੂਜਾ ਵਿਖਿਆਨ, ਪੰਨੇ 71-72
18. ਉਹੀ, ਪੰਨਾ 32
19. ਉਹੀ, ਪੰਨਾ 1
20. ਉਹੀ, ਪੰਨੇ 51-52
21. ਦੇਖੋ Leitner, G. W. 'History of Indigenous Education in the Punjab Since Annexation and in 1882, Part IV, pp. 2-3
22. ਖ਼ਾਲਸਾ ਅਖ਼ਬਾਰ, ਦਸੰਬਰ 23, 1898
23. ਦੂਜਾ ਵਿਖਿਆਨ, ਪੰਨਾ 52
24. ਖ਼ਾਲਸਾ ਅਖ਼ਬਾਰ, 3 ਦਸੰਬਰ, 1897
25. ਉਹੀ ਸਥਾਨ
26. ਉਹੀ ਸਥਾਨ
27. ਉਹੀ ਸਥਾਨ
28. ਉਹੀ ਸਥਾਨ
29. ਲਸਾਨੀ ਸ਼ਹੀਦੀ, ਪੰਨਾ 2
30. ਦੇਖੋ Dr. Ganda Singh, Ibid, Introduction, p. IX
31. 'ਸਿੰਘ ਸਭਾ ਪਤ੍ਰਿਕਾ', ਮਾਰਚ 1975 ਪੰਨੇ 19-20

ਅਧਿਆਇ ਦੂਜਾ

# ਪ੍ਰੋਫੈਸਰ ਗੁਰਮੁਖ ਸਿੰਘ ਦਾ ਰਚਨਾ-ਜਗਤ

ਅਗਿਆਨ ਦੇ ਅਨ੍ਹੇਰੇ ਵਿਚ ਭਟਕ ਰਹੀ ਲੋਕਾਈ ਨੂੰ ਸੱਚ ਪ੍ਰਕਾਸ਼ ਦਿਖਾ ਕੇ ਉਹਨਾਂ ਨੂੰ ਰਾਹਿ-ਰਾਸਤ ਉਤੇ ਲਿਆਉਣ ਲਈ ਸਿੱਖ-ਗੁਰੂ ਸਾਹਿਬਾਨ ਨੇ ਆਪਣੇ ਵਿਚਾਰਾਂ ਦੀ ਅਭਿਵਿਅਕਤੀ ਲਈ ਮੁੱਖ ਤੌਰ ਉਤੇ ਪੰਜਾਬੀ ਭਾਸ਼ਾ, ਜੋ ਗੁਰਮੁਖੀ ਅੱਖਰਾਂ ਵਿਚ ਲਿਖੀ ਜਾਂਦੀ ਸੀ, ਦਾ ਗਿਆਨ, ਇਕ ਤਰ੍ਹਾਂ ਨਾਲ ਜ਼ਰੂਰੀ ਬਣ ਗਿਆ। ਸਿੱਖ ਡੇਰਿਆਂ, ਧਰਮਸ਼ਾਲਾਵਾਂ ਆਦਿ ਵਿਚ ਪੜ੍ਹਨ ਵਾਲਿਆਂ ਨੂੰ ਗੁਰਮੁਖੀ ਲਿਖਣੀ-ਪੜ੍ਹਨੀ ਸਿਖਾ ਕੇ ਧਾਰਮਕ ਗ੍ਰੰਥਾਂ ਨੂੰ ਵਾਚਣ ਦੇ ਯੋਗ ਬਣਾਇਆ ਜਾਂਦਾ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਸਮੇਂ, ਜਦੋਂ ਸਿਆਸੀ-ਸਮਾਜੀ ਪ੍ਰਭਾਵ ਕਾਰਨ ਸਿੱਖ ਧਰਮ ਦੇ ਅਨੁਯਾਈਆਂ ਵਿਚ ਚੋਖਾ ਵਾਧਾ ਹੋਇਆ, ਪੰਜਾਬੀ ਪੜ੍ਹਨ ਵਾਲਿਆਂ ਦੀ ਗਿਣਤੀ ਵੀ ਕਾਫ਼ੀ ਸੀ। ਪਰ ਪੰਜਾਬ ਵਿਚ ਅੰਗਰੇਜ਼ੀ ਰਾਜ ਦੀ ਸਥਾਪਨਾ ਉਪਰੰਤ ਬਦਲੇ ਸੰਦਰਭ ਵਿਚ ਜਿਵੇਂ ਸਿੱਖਾਂ ਦੀ ਗਿਣਤੀ ਵੀ ਇਕ ਦਮ ਘਟ ਗਈ। ਓਵੇਂ ਹੀ ਪੰਜਾਬੀ ਦੇ ਪਠਨ ਪਾਠਨ ਨੂੰ ਵੀ ਅਣਗੌਲਿਆਂ ਕੀਤਾ ਜਾਣ ਲੱਗ ਪਿਆ।[1]

ਜਦੋਂ ਉਨ੍ਹੀਵੀਂ ਸਦੀ ਦੀ ਅੰਤਲੀ ਚੌਥਾਈ ਦੌਰਾਨ ਸਿੱਖ ਧਰਮ ਦੇ ਉਥਾਨ ਅਤੇ ਸਿੱਖ-ਰਹੁ-ਰੀਤਾਂ ਨੂੰ ਜੀਵਤ ਰੱਖਣ ਲਈ ਸ੍ਰੀ ਗੁਰੂ ਸਿੰਘ ਸਭਾ ਲਹਿਰ ਦਾ ਆਰੰਭ ਹੋਇਆ ਤਾਂ ਇਸ ਦੇ ਪਰਵਰਤਕਾਂ ਨੇ ਸਹੀ ਅਨੁਮਾਨ ਲਾਇਆ ਕਿ ਇਹਨਾਂ ਮਨੋਰਥਾਂ ਦੀ ਪ੍ਰਾਪਤੀ ਲਈ ਗੁਰਮੁਖੀ ਅੱਖਰਾਂ ਵਿਚ ਲਿਖੀ ਜਾਂਦੀ ਪੰਜਾਬੀ ਭਾਸ਼ਾ ਦੀ ਉਨੱਤੀ ਲਾਜ਼ਮੀ ਹੈ। ਇਹੋ ਕਾਰਨ ਸੀ ਕਿ ਸ੍ਰੀ ਗੁਰੂ ਸਿੰਘ ਸਭਾ ਦੁਆਰਾ ਕੀਤੇ ਜਾਣ ਵਾਲੇ ਕਾਰਜ ਨਿਸਚਿਤ ਕਰਦਿਆਂ ਪੰਜਾਬੀ ਭਾਸ਼ਾ ਦੇ ਵਿਕਾਸ ਨੂੰ ਸਦਾ ਹੀ ਦ੍ਰਿਸ਼ਟੀ ਗੋਚਰ ਰੱਖਿਆ ਗਿਆ। ਸ੍ਰੀ ਗੁਰੂ ਸਿੰਘ ਸਭਾ, ਜਨਰਲ ਦੇ ਨਿਯਮਾਂ ਵਿਚੋਂ ਇਕ—ਪੰਜਾਬੀ ਜ਼ਬਾਨ ਦੁਆਰਾ ਇਲਮ ਮੁਰਵੱਜੇ ਦੀ ਉਨਤੀ ਕਰਨੀ—ਸਿੱਧਾ ਹੀ ਪੰਜਾਬੀ ਭਾਸ਼ਾ ਦੇ ਵਿਕਾਸ ਨਾਲ ਸੰਬੰਧਤ ਸੀ ਅਤੇ ਦੋ ਹੋਰ ਪਹਿਲਾਂ ਕਿ "ਜਿਨ੍ਹਾਂ ਪੋਥੀਆਂ ਕਿਤਾਬਾਂ ਵਿਚ ਇਸ ਧਰਮ ਦੀ ਵਡਿਆਈ ਤੇ ਭਲਿਆਈ ਪਾਈ ਜਾਂਦੀ ਹੈ, ਉਨ੍ਹਾਂ ਨੂੰ ਛਪਵਾ ਕੇ ਪ੍ਰਗਟ ਕਰਨਾ" ਅਤੇ ਦੂਜਾ ਕਿ "ਸੰਪ੍ਰਦਾਇਕ ਬਾਣੀ ਨੂੰ ਪ੍ਰਗਟ ਕਰਨਾ ਅਤੇ ਉਨ੍ਹਾਂ ਤਾਰੀਖ਼ੀ, ਮਜ਼੍ਹਬੀ ਪੋਥੀਆਂ ਨੂੰ (ਜਿਹਾ ਕਿ ਜਨਮ ਸਾਖੀਆਂ ਗੁਰ ਪ੍ਰਣਾਲੀ ਆਦਿਕ), ਜਿਨ੍ਹਾਂ ਵਿਚ ਕਿਸੇ ਤਰ੍ਹਾਂ ਦਾ ਸੰਸਾ ਹੈ, ਉਨ੍ਹਾਂ ਦੇ ਅਸਲੇ ਕਢਾ ਕੇ ਅੱਗਾ ਪਿੱਛਾ ਦੇਖ ਕੇ ਸ਼ੁੱਧ ਕਰਨਾ—ਅਪ੍ਰੋਖ ਰੂਪ ਵਿਚ ਪੰਜਾਬੀ ਦੇ ਵਿਕਾਸ ਵਿਚ ਸਹਾਇਕ ਬਣਦੇ ਸਨ। ਸ੍ਰੀ ਗੁਰੂ ਸਿੰਘ ਸਭਾ ਦੇ ਮੋਢੀਆਂ ਵਿਚਲੇ ਕੁੱਝ ਕੁ ਵਿਦਵਾਨ ਅਤੇ ਪੜ੍ਹੇ ਲਿਖੇ ਵਿਅਕਤੀਆਂ ਵਿਚੋਂ ਹੋਣ ਕਾਰਨ ਪ੍ਰੋ. ਗੁਰਮੁਖ ਸਿੰਘ ਨੇ ਜੱਥੇਬੰਦੀ ਵੱਲੋਂ ਆਪਣੇ ਜ਼ਿੰਮੇ ਲਏ ਇਸ ਫ਼ਰਜ਼ ਦੀ ਪੂਰਤੀ ਵਿਚ ਯਥਾ-ਯੋਗ ਹਿੱਸਾ ਪਾਇਆ। ਉਹਨਾਂ ਦੇ ਜੀਵਨ ਸਮਾਚਾਰ

ਵਾਚਦਿਆਂ ਇਹ ਗੱਲ ਉਘੱੜ ਕੇ ਸਾਹਮਣੇ ਆ ਜਾਂਦੀ ਹੈ ਕਿ ਉਹਨਾਂ ਦੀ ਜ਼ਿੰਦਗੀ ਸ੍ਰੀ ਗੁਰੂ ਸਿੰਘ ਸਭਾ ਦੁਆਰਾ ਮਿਥੇ ਗਏ ਕਾਰਜਾਂ ਦੀ ਪੂਰਤੀ ਲਈ ਸੂਰਮਗਤੀ ਨਾਲ ਜੂਝਦਿਆਂ ਬਤੀਤ ਹੋਈ। ਉਹਨਾਂ ਨੇ ਆਪਣੇ ਧਾਰਮਕ-ਸਾਹਿਤਕ ਵਿਰਸੇ ਦਾ ਡੂੰਘਾ ਅਧਿਐਨ ਕਰਨ ਉਪਰੰਤ ਇਸਨੂੰ ਸਹੀ ਪਰਿਪੇਖ ਵਿਚ ਪੇਸ਼ ਕਰਨ ਦੀ ਪਹਿਲ ਕੀਤੀ। ਜਿਵੇਂ ਕਿ ਸੁਭਾਵਕ ਹੀ ਸੀ, ਸ੍ਰੀ ਗੁਰੂ ਸਿੰਘ ਸਭਾ ਦੇ ਮੋਢੀ ਆਗੂਆਂ ਵਿਚੋਂ ਹੋਣ ਸਦਕਾ ਪ੍ਰੋ. ਗੁਰਮੁਖ ਸਿੰਘ ਦੀਆਂ ਰਚਨਾਵਾਂ ਦਾ ਮਨੋਰਥ ਉਹੀ ਹੈ, ਜਿਸ ਦਾ ਬਿਆਨ ਖ਼ਾਲਸਾ ਦੀਵਾਨ ਲਾਹੌਰ ਦੇ ਬੁਨਿਆਦੀ ਕਾਨੂੰਨ ਅਤੇ ਅਤੇ ਕੈਦੀਆਂ ਵਿਚ ਕੀਤਾ ਗਿਆ ਸੀ ਅਰਥਾਤ "ਖਾਲਸਾ ਧਰਮ ਦੇ ਸੱਚੇ ਨੇਮਾਂ ਦਾ ਪਰਚਾਰ ਕਰਨਾ ਅਤੇ ਅੱਗੇ ਆਉਣ ਵਾਲੀਆਂ ਨਸਲਾਂ ਵਿਚ ਪੰਥ ਉੱਨਤੀ ਦੇ ਖਿਆਲ ਪਾਉਣੇ।"

ਪ੍ਰੋ. ਗੁਰਮੁਖ ਸਿੰਘ ਦੁਆਰਾ ਸਾਹਿਤਕ-ਖੇਤਰ ਵਿਚ ਕੀਤੇ ਗਏ ਕਾਰਜ, ਕਈ ਕਾਰਨਾਂ ਕਰਕੇ ਵਿਦਵਾਨਾਂ ਅਤੇ ਖੋਜੀਆਂ ਦੇ ਧਿਆਨ ਵਿਚ ਨਹੀਂ ਆਏ। ਪ੍ਰੋ. ਕਿਰਪਾਲ ਸਿੰਘ ਕਸੇਲ ਨੇ ਤਾਂ ਇਹ ਹੀ ਲਿੱਖ ਦਿੱਤਾ ਕਿ "ਇਸ ਲੇਖਕ ਦੀ ਕੋਈ ਵੱਖਰੀ ਪੁਸਤਕ ਨਹੀਂ ਮਿਲਦੀ।"[2] ਇਸ ਕਾਲ ਦੀ ਸਾਹਿਤ ਰਚਨਾ ਦਾ ਲੇਖਾ ਜੋਖਾ ਕਰਨ ਵਾਲੇ ਆਮ ਖੋਜੀ ਵਿਦਵਾਨਾਂ ਨੇ ਪ੍ਰੋ. ਗੁਰਮੁਖ ਸਿੰਘ ਦੀ ਸਾਹਿਤ-ਦੇਣ ਦਾ ਜ਼ਿਕਰ ਤੱਕ ਨਹੀਂ ਕੀਤਾ ਅਤੇ ਜਿਸ ਕਿਸੇ ਨੇ ਵਰਨਣ ਕੀਤਾ ਵੀ ਹੈ ਤਾਂ ਐਵੇਂ ਸੰਕੇਤ-ਮਾਤ੍ਰ। ਉਦਾਹਰਣ ਵਜੋਂ "ਪੰਜਾਬੀ ਸਾਹਿਤ ਦੀ ਉਤਪਤੀ ਅਤੇ ਵਿਕਾਸ" ਵਿਚ ਕੇਵਲ ਇਹ ਸ਼ਬਦ ਹੀ ਲਿਖੇ ਗਏ ਮਿਲਦੇ ਹਨ, "ਜਾਗ੍ਰਿਤੀ ਕਾਲ ਵਿਚ ਹੋਰ ਵੀ ਕੁਝ ਕੁ ਉਘੇ ਵਾਰਤਕ ਲਿਖਾਰੀ ਹੋਏ, ਜਿਨ੍ਹਾਂ ਵਚੋਂ ਕਰਨਲ ਭੋਲਾ ਨਾਥ, ਗਿ. ਹਜਾਰਾ ਸਿੰਘ ਪ੍ਰੋ. ਗੁਰਮੁਖ ਸਿੰਘ ਆਦਿ ਵਰਣਨ ਯੋਗ ਹਨ।"[3]

ਇਸ ਲੇਖਕ ਦੀ ਵਾਰਤਕ ਸਾਹਿਤ ਨੂੰ ਦੇਣ ਦਾ ਪਹਿਲਾ-ਬਿਉਰਾ ਤਿਆਰ ਕਰਨ ਦਾ ਸਿਹਰਾ ਡਾ. ਪਰਮਿੰਦਰ ਸਿੰਘ ਦੇ ਸਿਰ ਬੱਝਦਾ ਹੈ। ਉਹਨਾਂ ਅਨੁਸਾਰ ਪ੍ਰੋ. ਗੁਰਮੁਖ ਸਿੰਘ ਦੁਆਰਾ ਰਚਿਤ ਪੰਜਾਬੀ ਪਾਠ-ਪੁਸਤਕਾਂ ਅਤੇ ਲਿਖਤਾਂ ਦਾ ਵੇਰਵਾ ਇਸ ਪ੍ਰਕਾਰ ਹੈ: (1) ਜੋਤਸ਼ ਵਿਗਿਆਨ (2) ਤ੍ਰਿਕੋਨ ਮਿਤੀ (3) ਰਾਜਨੀਤਕ-ਅਰਥ ਵਿਗਿਆਨ (4) ਇੰਗ-ਲੈਂਡ ਦਾ ਇਤਿਹਾਸ (5) ਗੁਰ ਬਰਸ ਅਥਵਾ ਸੰਕ੍ਰਾਤੀ ਪੱਤਰ। ਇਸ ਤੋਂ ਬਿਨਾਂ ਖ਼ਾਲਸਾ ਧਰਮ ਦਾ ਉਪਦੇਸ਼' 80, ਸਫੇ ਦੀ ਪੱਥਰ ਦੇ ਛਾਪੇ ਵਾਲੀ ਆਪਦੀ ਅਜਿਹੀ ਕਿਰਤ ਹੈ............ ਆਪ ਦੀ ਇਕ ਹੋਰ ਰਚਨਾ "ਲਾਸੀਨੀ ਕਰਾਮਾਤ੍ਰਾ" ਹੈ।"[4] ਇਹ ਸੂਚੀ ਤਿਆਰ ਕਰਦਿਆਂ ਡਾ. ਪਰਮਿੰਦਰ ਸਿੰਘ ਨੇ ਪ੍ਰੋ. ਗੁਰਮੁਖ ਸਿੰਘ ਦੇ ਨਾਉਂ ਨਾਲ ਜੁੜੀਆਂ ਸਾਰੀਆਂ ਪੁਸਤਕਾਂ ਇਕ ਥਾਂ ਹੀ ਸ਼ਾਮਲ ਕਰ ਦਿਤੀਆਂ ਹਨ ਅਤੇ ਇਹਨਾਂ ਦਾ ਅਨੁਵਾਦਿਤ ਅਤੇ ਮੌਲਿਕ ਪੁਸਤਕਾਂ ਵਿਚ ਨਿਖੇੜਾ ਨਹੀਂ ਕੀਤਾ। ਇਸ ਸੂਚੀ ਵਿਚ ਦਰਜ ਪਹਿਲੀਆਂ ਚਾਰ ਪੁਸਤਕਾਂ, ਓਰੀਐਂਟਲ ਕਾਲਜ, ਲਾਹੌਰ ਵਿਚ ਹਿੰਦੀ ਦੀ ਉੱਚ ਸਿੱਖਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਜਿਹਨਾਂ ਨੂੰ ਆਮ ਗਿਆਨ ਦੇ ਵਿਸ਼ੇ ਵੀ ਪੜ੍ਹਨੇ ਪੈਂਦੇ ਸਨ, ਦੀ ਪਾਠ-ਪੁਸਤਕਾਂ ਦੀ ਲੋੜ ਪੂਰੀ ਕਰਨ ਲਈ ਅੰਗਰੇਜ਼ੀ ਤੋਂ ਅਨੁਵਾਦ ਕੀਤੀਆਂ ਗਈਆਂ ਪੁਸਤਕਾਂ ਹਨ। ਕ੍ਰਮ ਅੰਕ 5 ਉਤੇ ਦਰਜ ਗੁਰਬਰਸ ਅਥਵਾ ਸੰਕ੍ਰਾਤੀ

ਪੱਤਰ* ਨਾਨਕਸ਼ਾਹੀ ਸੰਮਤ 421 ਦੀ ਜੰਤ੍ਰੀ ਹੈ। ਇਉਂ ਕੇਵਲ ਅੰਤਲੀਆਂ ਪੁਸਤਕਾਂ 'ਖ਼ਾਲਸਾ ਧਰਮ ਦਾ ਉਪਦੇਸ਼' ਅਤੇ 'ਲਾਸਾਨੀ ਸ਼ਹੀਦੀ', ਜਿਨ੍ਹਾਂ ਨੂੰ ਲੇਖਕ ਨੇ ਮੁੱਖ ਸੂਚੀ ਤੋਂ ਬਾਹਰ ਰੱਖਿਆ ਹੈ, ਹੀ ਮੌਲਿਕ ਵਾਰਤਕ-ਪੁਸਤਕਾਂ ਹਨ। ਇਹਨਾਂ ਪੁਸਤਕਾਂ ਬਾਰੇ ਵਿਸਤ੍ਰਿਤ ਜਾਣਕਾਰੀ ਅੱਗੇ ਅੰਕਿਤ ਕੀਤੀ ਗਈ ਹੈ।

## ਸੰਕ੍ਰਾਂਤੀ ਪੱਤ੍ਰ ਅਥਵਾ ਗੁਰਬਰਸ 421

ਸਿੰਘ ਸਭਾ ਲਹਿਰ ਦੇ ਪ੍ਰਵਰਤਕਾਂ ਦਾ ਇਹ ਪੱਕਾ ਵਿਸ਼ਵਾਸ਼ ਸੀ ਕਿ ਸਿੱਖੀ ਦੇ ਉੱਥਾਨ ਲਈ ਸਮੂਹ ਪੰਜਾਬੀਆਂ ਵਿਸ਼ੇਸ਼ ਕਰਕੇ ਸਿੱਖ-ਸਮੁਦਾਇ ਦੀ ਜੀਵਨ-ਜਾਚ ਨੂੰ ਗੁਰਮਤ ਵਿਚਾਰ-ਧਾਰਾ ਅਨੁਸਾਰ ਢਾਲਿਆ ਜਾਣਾ ਜ਼ਰੂਰੀ ਹੈ, ਇਸੇ ਲਈ ਉਹ ਜੀਵਨ ਦੇ ਹਰ ਕਾਰ-ਵਿਹਾਰ ਲਈ ਗੁਰਬਾਣੀ ਅਤੇ ਗੁਰ-ਜੀਵਨ ਵਿਚੋਂ ਪ੍ਰੇਰਨਾ ਅਤੇ ਅਗਵਾਈ ਪ੍ਰਾਪਤ ਕਰਨ ਦਾ ਪ੍ਰਚਾਰ ਕਰਦੇ ਸਨ। ਸੰਕ੍ਰਾਂਤੀ ਪੱਤ੍ਰਾ ਅਥਵਾ ਗੁਰਬਰਸ 421, ਤਿਥ-ਪੱਤ੍ਰੀ ਦੇ ਖੇਤਰ ਵਿਚ ਗੁਰਜੀਵਨ ਨੂੰ ਆਧਾਰ ਬਣਾਕੇ ਜੰਤ੍ਰੀ ਤਿਆਰ ਕਰਨ ਵੱਲ ਪ੍ਰੋ. ਗੁਰਮੁਖ ਸਿੰਘ ਦਾ ਇਕ ਸ਼ਲਾਘਾਯੋਗ ਉਪਰਾਲਾ ਹੈ।

ਇਸ ਸਮੇਂ ਤੱਕ ਅਜੇ ਈਸਵੀ ਸੰਨ ਉੱਤੇ ਆਧਾਰਿਤ ਜਨਵਰੀ ਤੋਂ ਦਸੰਬਰ ਤੱਕ ਚੱਲਣ ਵਾਲੀ ਜੰਤ੍ਰੀ ਪਰਚੱਲਤ ਨਹੀਂ ਸੀ ਹੋਈ, ਸਗੋਂ ਬਿਕ੍ਰਮੀ ਸੰਮਤ ਨੂੰ ਆਧਾਰ ਬਣਾ ਕੇ ਚੇਤ ਮਹੀਨੇ ਤੋਂ ਫੱਗਣ ਦੇ ਮਹੀਨੇ ਤੱਕ ਚਲਦੀ ਜੰਤ੍ਰੀ ਹੀ ਵਰਤੀ ਜਾਂਦੀ ਸੀ। ਇਸ ਵੰਨਗੀ ਦੀ ਪੱਤ੍ਰੀ ਵਿਚ ਮਹੀਨਿਆਂ ਨੂੰ ਤਿੱਥਾਂ ਵਿਚ ਵੰਡ ਕੇ ਲਿਖਿਆ ਜਾਂਦਾ ਸੀ। ਪ੍ਰੋ. ਗੁਰਮੁਖ ਸਿੰਘ ਨੇ ਆਪਣੀ ਪੱਤ੍ਰੀ ਵਿਚ ਨਾਨਕਸ਼ਾਹੀ ਸੰਮਤ, ਜਿਸਦਾ ਆਰੰਭ ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ ਮੰਨਿਆ ਗਿਆ ਸੀ, ਨੂੰ ਆਧਾਰ ਬਣਾਇਆ ਅਤੇ ਆਪਣੀ ਖੋਜ ਦੇ ਆਧਾਰ ਉੱਤੇ ਗੁਰੂ ਨਾਨਕ ਦੇਵ ਜੀ ਦਾ ਜਨਮ ਪਹਿਲੀ ਵੈਸਾਖ ਨੂੰ ਮੰਨ ਕੇ ਤਿਥ-ਪੱਤ੍ਰੀ ਵੈਸਾਖ ਤੋਂ ਚੇਤ੍ਰ ਤੱਕ ਦੀ ਬਣਾਈ। ਸੰਗ੍ਰਾਂਦ ਦੇ ਦਿਹਾੜੇ ਤੋਂ ਸ਼ੁਰੂ ਹੋਣ ਕਾਰਨ ਇਸ ਨੂੰ 'ਸੰਕ੍ਰਾਂਤੀ-ਪੱਤ੍ਰਾ' ਦੀ ਸੰਗਿਆ ਦਿੱਤੀ ਗਈ ਅਤੇ ਨਾਨਕਸ਼ਾਹੀ ਸੰਮਤ 421 ਨਾਲ ਸੰਬੰਧਤ ਹੋਣ ਕਾਰਣ ਅਨੁਵਾਨ ਵਿਚ ਨਾਲ ਹੀ ਗੁਰ ਬਰਸ 421 ਲਿਖ ਦਿੱਤਾ। ਕਰਤਾ ਨੇ ਆਪਣੀ ਰਚਨਾ ਦਾ ਮਨੋਰਥ ਬਿਆਨ ਕਰਦਿਆਂ ਲਿਖਿਆ :

> ਇਹ ਸੰਕ੍ਰਾਤੀ-ਪੱਤ੍ਰਾ ਅਥਵਾ ਗੁਰਬਰਸ ਦੁਨੀਆਂ ਵਿਚ ਇਕ ਨਮੀ ਚੀਜ਼ ਹੈ। ਇਸ ਤਰਹਿ ਦਾ ਪਤ੍ਰਾ ਅਰਥਾਤ ਗੁਰਮੁਖੀ ਵਿਚ ਸੰਕ੍ਰਾਂਤਾਂ ਮੁਜਿਬ ਕੋਈ ਪੱਤ੍ਰੀ ਅੱਜ ਤੱਕ ਨਹੀਂ ਬਨੀ। ਜੋ ਅੱਜ ਕੱਲ ਗੁਰਮੁਖੀ ਪੱਤ੍ਰੀ ਮਿਲਦੀ ਹੈ ਸੋ ਤਿਥਾਂ ਮਗਰ ਹੈ ਅਤੇ ਉਨ੍ਹਾਂ ਨੂੰ ਹੀ ਸਮਝ ਪੈਂਦੀ ਹੈ ਜੋ ਜੋਤਿਸ ਦੀ ਵਿਦਯਾ ਜਾਨਦੇ ਹਨ, ਐਸੇ ਪੱਤ੍ਰੇ ਦੀ ਭਾਰੀ ਜ਼ਰੂਰਤ ਸੀ ਕਿ ਜੋ ਪੰਜਾਬੀ ਵਿਚੋਂ ਸੁਖਾਲਾ ਸਮਝ ਪਵੇ, ਸੰਕ੍ਰਾਂਤਾਂ ਮੁਜਿਬ ਹੋ ਅਤੇ ਜਿਸ ਵਿਚ ਕਈ ਤਰਹਿ ਦੇ ਵਿਵਹਾਰਕ ਬਾਤਾਂ ਦਾ ਭੀ ਪਤਾ ਲਗੇ, ਸੋ ਸਬਸ ਦੇ ਲਾਭ ਹਿਤ ਇਹ ਗੁਰ ਸਾਲ ਪੱਤ੍ਰਾ ਰਚਯਾ ਹੈ, ਇਸ ਦੀ ਬੁਨਿਯਾਦ ਬਸਾਖ ਤੇ ਰਖੀ ਹੈ............ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਨੂੰ ਖਸਾਖ ਤੋਂ ਮੰਨ ਕੇ

* ਪ੍ਰੋ. ਗੁਰਮੁਖ ਸਿੰਘ ਨੇ 'ਸੰਕ੍ਰਾਂਤੀ ਪੱਤ੍ਰਾ' ਲਿਖਿਆ ਹੈ।

ਅਤੇ ਸੰਕ੍ਰਾਂਤਾਂ ਦਾ ਸੰਮਤ ਉਨ੍ਹਾਂ ਦੇ ਨਾਉਂ ਤੇ ਰਖਕੇ ਨਮਾਂ ਪੱਤ੍ਰਾ ਬਨਾਯਾ ਹੈ।
(ਪੰਨਾ 1)

ਇਸ ਪੱਤ੍ਰੇ ਵਿਚ ਕਰਤਾ ਨੇ ਗੁਰ-ਬਰਸ ਦੇ ਨਾਲ ਨਾਲ ਈਸਵੀ, ਬਿਕਰਮੀ ਅਤੇ ਹਿਜਰੀ ਸਾਲ ਦੀਆਂ ਤਾਰੀਖ਼ਾਂ ਵੀ ਦਿੱਤੀਆਂ ਹਨ। ਤਿੱਥ ਅਤੇ ਉਸਦਾ ਸਮਾਂ, ਚੰਦ੍ਰਮਾਂ ਦੀ ਰਾਸ਼ੀ ਅਤੇ ਸਮਾਂ, ਦਿਨ-ਮਾਨ ਅਤੇ ਗੁਰਪੁਰਬ ਅਥਵਾ ਤਿਉਹਾਰਾਂ ਦਾ ਵੇਰਵਾ ਵੀ ਦਿੱਤਾ ਗਿਆ ਹੈ। ਜੰਤ੍ਰੀ ਦੇ ਅੰਤ ਵਿਚ ਆਮ ਵਾਕਫ਼ੀਅਤ ਦੀਆਂ ਗੱਲਾਂ ਦਰਜ ਕੀਤੀਆਂ ਗਈਆਂ ਹਨ। ਇਹਨਾਂ ਵਿਚ ਸਾਰੇ ਸਿੱਖ ਗੁਰੂ ਸਾਹਿਬਾਨ ਦੇ ਅਵਤਾਰ ਧਾਰਨ ਕਰਨ, ਗੁਰ-ਗੱਦੀ ਉਤੇ ਬਿਰਾਜਮਾਨ ਹੋਣ ਅਤੇ ਜੋਤੀ ਜੋਤ ਸਮਾਉਣ ਦੀਆਂ ਤਿਥੀਆਂ, ਪੰਜਾਬ ਵਿਚ ਲੱਗਦੇ ਪ੍ਰਸਿੱਧ ਮੇਲਿਆਂ ਦਾ ਸਥਾਨ ਅਤੇ ਮਿਤੀਆਂ, ਸਾਲ ਦੌਰਾਨ ਲੱਗਣ ਵਾਲੇ ਸੂਰਜ ਅਤੇ ਚੰਦ੍ਰ ਗ੍ਰਹਿਣ ਦਾ ਵੇਰਵਾ, ਰਾਜ-ਪ੍ਰਬੰਧ ਬਾਰੇ ਮੋਟੀ ਮੋਟੀ ਜਾਣਕਾਰੀ, ਪੰਜਾਬ ਦੇ ਚੀਫ਼ ਕੋਰਟ ਅਤੇ ਦੀਵਾਨੀ ਦਫ਼ਤਰਾਂ ਵਿਚ ਹੋਣ ਵਾਲੀਆਂ ਛੁੱਟੀਆਂ, ਡਾਕ-ਤਾਰ ਦੇ ਦਰ, ਲਾਹੌਰ ਤੋਂ ਵਿਭਿੰਨ ਦਿਸ਼ਾਵਾਂ ਵੱਲ ਪੈਂਦੇ ਰੇਲਵੇ ਸਟੇਸ਼ਨਾਂ ਦਾ ਫ਼ਾਸਲਾ ਅਤੇ ਰੇਲ ਵਿਚ ਤੀਸਰੇ ਦਰਜੇ ਦਾ ਕਿਰਾਇਆ ਆਦਿ ਅੰਕਤ ਕੀਤੇ ਗਏ ਹਨ।

ਬੇਸ਼ਕ ਭਾਈ ਗੁਰਮੁਖ ਸਿੰਘ ਦੀ ਇਹ ਕ੍ਰਿਤ ਸਾਹਿੱਤਕ ਵੰਨਗੀ ਦੀ ਨਹੀਂ, ਪਰ ਵਿਹਾਰਕ ਲੋੜ ਦੀ ਦ੍ਰਿਸ਼ਟੀ ਤੋਂ ਇਹ ਇਕ ਮਹੱਤਵ-ਪੂਰਨ ਦਸਤਾਵੇਜ਼ ਮੰਨੀ ਜਾ ਸਕਦੀ ਹੈ।

## ਖ਼ਾਲਸਾ ਧਰਮ ਉਪਦੇਸ਼

ਪ੍ਰੋ. ਗੁਰਮੁਖ ਸਿੰਘ ਆਪਣੀ ਨੌਕਰੀ ਦੇ ਰੁਝੇਵਿਆਂ ਵਿਚੋਂ ਮਿਲੀ ਵਿਹਲ ਦੇ ਸਮੇਂ ਥਾਂ ਪੁਰ ਥਾਂ ਜਾ ਕੇ ਸਿੱਖ-ਸੰਗਤਾਂ ਵਿਚ ਸਿੱਖ-ਧਰਮ ਦਾ ਪਰਚਾਰ ਕਰਿਆ ਕਰਦੇ ਹਨ। ਇਹਨਾਂ ਪਰਚਾਰਕ ਦੌਰਿਆਂ ਦੌਰਾਨ ਸੰਗਤਾਂ ਦੇ ਸਨਮੁਖ ਪ੍ਰਗਟਾਏ ਵਿਚਾਰਾਂ ਨੂੰ ਹੀ ਪਿਛੋਂ 1884 ਈਸਵੀ ਵਿਚ ਪੁਸਤਕ-ਰੂਪ ਦੇ ਦਿੱਤਾ ਗਿਆ।[5] ਇਹਨਾਂ ਭਾਸ਼ਣਾਂ ਵਿਚ ਪ੍ਰੋਫੈਸਰ ਗੁਰਮੁਖ ਸਿੰਘ ਨੇ ਸਿੱਖ ਧਰਮ ਦਰਸ਼ਨ ਅਤੇ ਸਿੱਖ-ਇਤਿਹਾਸ ਨੂੰ ਇਸਦੇ ਸਹੀ, ਗੁਰ-ਆਸ਼ੇ ਦੇ ਅਨੁਕੂਲ ਸਰੂਪ ਵਿਚ ਪੇਸ਼ ਕੀਤਾ ਹੈ। ਉਹ ਆਪਣਾ ਮਨੋਰਥ ਸਪਸ਼ਟ ਕਰਦਿਆਂ ਲਿਖਦੇ ਹਨ :

> ਸੁਬਰ ਸਜਨਾਂ, ਸ੍ਰੇਸ਼ਟ ਜਨਾਂ, ਹਿਤਕਾਰੀਆਂ ਅੱਗੇ ਪ੍ਰਾਰਥਨਾ ਹੈ ਕੇ ਏਹਿ ਵਯਾਖਯਾਨ ਅਥਵਾ ਖ਼ਾਲਸਾ ਧਰਮ ਉਪਦੇਸ਼ ਇਸ ਵਾਸਤੇ ਛਾਪੇ ਹਨ ਕੇ ਸਿੰਘਾਂ ਅਥਵਾ ਛਤ੍ਰੀਆਂ ਅਤੇ ਹੋਰ ਦੇਸ਼ ਭਰਾਵਾਂ ਨੂੰ ਮਲੂਮ ਹੋ ਜਾਵੇ ਕੇ ਖ਼ਾਲਸਾ ਧਰਮ ਕੀ ਚੀਜ਼ ਹੈ।[6]

ਇਹ ਪਤਾ ਨਹੀਂ ਲੱਗਦਾ ਕਿ ਪ੍ਰੋ. ਗੁਰਮੁਖ ਸਿੰਘ ਨੇ ਆਪਣੇ ਕਿੰਨੇ ਭਾਸ਼ਣਾਂ ਨੂੰ ਪੁਸਤਕ-ਰੂਪ ਦਿਤਾ ? ਪਰ ਪ੍ਰਾਪਤ ਜਾਣਕਾਰੀ ਦੇ ਆਧਾਰ ਉਤੇ ਇਹ ਕਿਹਾ ਜਾ ਸਕਦਾ ਹੈ ਕਿ ਉਹਨਾਂ ਦੇ ਘੱਟੋ ਘੱਟ ਤਿੰਨ ਭਾਸ਼ਣ ਜ਼ਰੂਰ ਪ੍ਰਕਾਸ਼ਿਤ ਹੋਏ। ਇਹਨਾਂ ਭਾਸ਼ਣਾਂ ਦਾ ਵਿਸਤ੍ਰਿਤ ਵੇਰਵਾ ਹੇਠਾਂ ਦਿਤਾ ਜਾਂਦਾ ਹੈ :

### ਪਹਿਲਾ ਵਿਆਖਿਆਨ

ਪ੍ਰੋ. ਗੁਰਮੁਖ ਸਿੰਘ ਰਚਿਤ ਪਹਿਲਾ ਵਿਆਖਿਆਨ ਅਪ੍ਰਾਪਤ ਹੈ ਪਰ ਦੂਜੇ ਵਿਆਖਿਆਨ ਦੇ ਆਰੰਭ ਵਿਚ ਪਹਿਲੇ ਵਿਆਖਿਆਨ ਦਾ ਸੰਖੇਪ ਜ਼ਿਕਰ ਕੀਤਾ ਮਿਲਦਾ

ਹੈ । ਇਸ ਤੋਂ ਪਤਾ ਲਗਦਾ ਹੈ ਕਿ ਪ੍ਰੋ. ਗੁਰਮੁਖ ਸਿੰਘ ਨੇ ਆਪਣੇ ਪਹਿਲੇ ਵਿਆਖਿਆਨ ਵਿਚ ਵੈਦਿਕ-ਧਰਮ ਦੀ ਵਿਆਖਿਆ ਕੀਤੀ ਸੀ । ਵਰਤਮਾਨ ਵਿਚ ਸਨਾਤਨੀ ਹਿੰਦੂ ਅਤੇ ਆਰੀਆ-ਸਮਾਜੀ ਇਸ ਧਰਮ ਦੀ ਆਪਣੇ ਆਪਣੇ ਢੰਗ ਨਾਲ ਵਿਆਖਿਆ ਕਰਦੇ ਹਨ । ਪ੍ਰੋ. ਗੁਰਮੁਖ ਸਿੰਘ ਦਾ ਕਥਨ ਹੈ ਕਿ ਠਾਕਰ ਅਤੇ ਸ਼ਿਵ-ਲਿੰਗ ਦੀ ਪੂਜਾ ਪੁਰਾਣੇ ਸਮੇਂ ਤੋਂ ਚਲੀ ਆ ਰਹੀ ਹੈ ਅਤੇ ਪ੍ਰਿਤਮਾ ਬਣਾ ਕੇ ਪੂਜਣ ਦਾ ਰਿਵਾਜ ਯੂਨਾਨੀ ਪ੍ਰਭਾਵ ਅਧੀਨ ਬੁੱਧ-ਮੱਤ ਦੀ ਦੇਣ ਹੈ । ਲੇਖਕ ਨੇ ਆਪਣੇ ਸ਼ਬਦਾਂ ਵਿਚ ਹੀ ਪਹਿਲੇ ਵਿਆਖਿਆਨ ਦਾ ਸੰਖੇਪ ਇਉਂ ਬਿਆਨ ਕੀਤਾ ਹੈ :

> ਮੈਂ ਆਪਨੇ ਕਲ ਦੇ ਵਯਾਖਯਾਨ ਵਿਚ ਪੁਰਾਣੇ ਧਰਮ ਦੀ ਬਾਬਤ ਅਤੇ ਦੂਜੇ ਦੇਸ਼ਾਂ ਦੇ ਉਤਪੰਨ ਹੋਏ ਧਰਮਾਂ ਦੇ ਵਿਸ਼ੇ ਵਿਚ ਕਿਹਾ ਸੀ । ਕਈ ਬਾਤਾਂ ਤਾਂ ਨਵੀਆਂ ਮਾਲੂਮ ਹੋਈਆਂ ਹੋਨਗੀਆਂ ਕਈ ਅਜੇਹੀਆਂ ਕੇ ਜਿਨਾਂ ਉਤੇ ਓਸੇ ਵੇਲੇ ਨਿਸਚਾ ਹੋਨਾ ਕਠਨ ਦਿਸਦਾ ਹਊ—ਕਈ ਅਚੰਭਾ ਭਾਸਦੀਆਂ ਹੋਨਗੀਆਂ—ਕਈ ਕੁਛ ਕੁਛ ਮੋਟੀਆਂ ਅਤੇ ਕਈ ਨਰਮ ਸੁਝਦੀਆਂ ਹੋਨੀਆਂ ਹਨ । ਮੈਂ ਅਪਨੇ ਵਯਾਖਯਾਨ ਨੂੰ ਵੈਦਕ ਸਮੇਂ ਤੋਂ ਪ੍ਰਾਰੰਭ ਕੀਤਾ ਸੀ । ਇਸ ਸਮੇਂ ਦੇ ਧਰਮ ਦੀ ਬਾਬਤ ਮੈਂ ਬਹੁਤ ਲੰਮਾ ਚੌੜਾ ਨਹੀਂ ਕਿਹਾ ਕਿਯੋਂ ਕਿ ਸਾਡੇ ਬਹੁਤਿਆਂ ਭਰਾਵਾਂ ਨੂੰ ਕੁਛ ਨਾ ਕੁਛ ਓਸਦਾ ਹਾਲ ਮਲੂਮ ਹੈ ਅਤੇ ਏਹ ਹੀ ਸਬਬ ਹੈ ਜੋ ਓਹ ਸਮਾਂ ਬਹੁਤ ਦੂਰ ਹੋ ਗੁਜ਼ਰਿਆ ਹੈ ਤਾਂ ਤੇ ਓਸ ਸਮੇਂ ਦੀ ਪਕੀ ਤ੍ਰਾਂ ਬਾਤ ਆਖਨੀ ਕਠਨ ਹੈ । ਇਸ ਸਮੇਂ ਦੇ ਧਰਮ ਦੇ ਅਜਕਲ ਦੋ ਹਿਸੇ ਹੋ ਗਏ ਹਨ । ਇਕ ਤਾਂ ਓਹ ਵੈਦਕ ਧਰਮ ਜੋ ਸਾਡੇ ਹਿੰਦੂ ਭਰਾ ਮੰਨਦੇ ਹਨ-ਦੂਸ੍ਰਾ ਓਹ ਜਿਸ ਨੂੰ ਆਰੀਆ ਸਮਾਜ ਵਾਲੇ ਭਰਾ ਮੰਨਦੇ ਹਨ । ਵੇਦ ਤਾਂ ਏਹਨਾ ਦੋਹਾਂ ਵਿਚ ਮੰਨਿਆ ਜਾਂਦਾ ਹੈ ਪਰ ਵੇਦ ਦੇ ਅਰਥ ਅਤੇ ਸਿਧਾਂਤ ਨੂੰ ਭਿੰਨ ਭਿੰਨ ਤ੍ਰਾਂ ਮੰਨਦੇ ਹਨ । ਹਿੰਦੂ ਭਰਾ ਤਾਂ ਵੇਦ ਵਿਚ ਮੂਰਤੀ ਪੂਜਾ ਠਹਿਰਾਉਂਦੇ ਹਨ ਅਤੇ ਵੇਦਾਂ ਨੂੰ ਨਿਰੇ ਧਰਮ ਦੇ ਹੀ ਗ੍ਰੰਥ ਮੰਨਦੇ ਹਨ । ਆਰੀਯਾ ਸਮਾਜ ਵਾਲੇ ਭਰਾ ਵੇਦਾਂ ਵਿਚ ਮੂਰਤੀ ਪੂਜਾ ਨਹੀਂ ਮੰਨਦੇ ਬਲਕੇ ਖੰਡਨ ਕਰਦੇ ਹਨ ਅਤੇ ਵੇਦਾਂ ਵਿਚ ਸਵਾਇ ਧਰਮ ਦੇ ਵਿਵਹਾਰਕ ਵਿਦਯਾ ਦੇ ਮੂਲ ਭੀ ਮੰਨਦੇ ਹਨ । ਮੈਂ ਇਸ ਜਗਾ ਦੋਹਾਂ ਦਾ ਮੁਕਾਬਲਾ ਕਰਨਾ ਨਹੀਂ ਚਾਹੁੰਦਾ ਨਾ ਹੀ ਏਹਿ ਆਖਨਾ ਚਾਹੁਦਾ ਹਾਂ ਕਿ ਮੇਰੇ ਖ਼ਿਆਲ ਵਿਚ ਕੇਹੜੀ ਬਾਤ ਠੀਕ ਹੈ । ਐਸੀਆਂ ਬਾਤਾਂ ਦਾ ਨਿਸਚੌ ਹੋਨਾ ਅਸਾਨ ਨਹੀਂ ਕਿਯੋਂ ਕੇ ਜਿਨਾਂ ਵਿਚ ਓਹਨਾਂ ਪੁਸਤਕਾਂ ਦੀ ਆਪਨੇ ਆਪ ਨੂੰ ਖਬਰ ਨਾ ਹੋਵੇ ਓਤਨਾਂ ਚਿਰ ਸੰਮਤੀ ਦੇਨੀ ਠੀਕ ਨਹੀਂ । ਪਰ ਇਕ ਬਾਤ ਜੋ ਮੇਰੇ ਧਿਆਨ ਵਿਚ ਆਈ ਹੈ ਮੈਂ ਆਖਨੋਂ ਨਹੀਂ ਰਹਿ ਸਕਦਾ । ਮੇਰੀ ਰਾ ਮੂਜਬ ਠਾਕਰ ਅਤੇ ਸ਼ਿਵ ਲਿੰਗ ਦੀ ਪੂਜਾ ਤਾਂ ਬਹੁਤ ਸਨਾਤਨ ਹੈ—ਕੀ ਮੁਮੈਕਾ ਹੈ ਕੇ ਵੇਦ ਦੇ ਸਮੇ ਭੀ ਹੋਵੇ (ਵੇਦ ਵਿਚ ਇਸ ਬਾਤ ਦਾ ਜ਼ਿਕਰ ਹੈ ਕੇ ਨਹੀਂ ਏਹਿ ਦੂਸ੍ਰੀ ਬਾਤ ਹੈ) ਪਰ ਪ੍ਰਿਤਮਾ ਬਨਾ ਕੇ ਪੂਜਨਾ ਏਹਿ ਬਉਧ ਮਤ ਤੇ ਚਲਿਆ ਦਿਸਦਾ ਹੈ ਜਦ ਤੇ

ਯੂਨਾਨੀਆਂ ਦੀ ਸੋਹਬਤ ਨੇ ਹਿੰਦੁਸਤਾਨ ਉਤੇ ਆਪਨਾ ਅਸਰ ਕੀਤਾ। ਜਦ ਤਿਨਾਂ ਜਾਤੀਆਂ ਦੇ ਤਿਨ ਦੇਵਤਾ ਅਸਥਾਪਨ ਹੋਏ ਸੇ ਤਦ ਹੀ ਵਿਸਨ ਜੀ ਦੀ ਜਾਗਾ ਠਾਕਰ (ਕਾਲੇ ਰੰਗ ਦੇ) ਸਿਵਾਂ ਦੀ ਥਾਂ ਸਿਵਲਿੰਗ ਅਥਵਾ ਚਿਟੇ ਲੰਮੇ ਠਾਕਰ ਅਤੇ ਬ੍ਰਹਮਾਂ ਦੀ ਥ਼ਾਂ ਬ੍ਰਾਹਮਣਾਂ ਦੀ ਪੂਜਾ ਹੁੰਦੀ ਸੀ। ਜੇਕਰ ਏਹਿ ਬਾਤ ਠੀਕ ਨਿਕਲੇ ਤਾਂ ਆਪੇ ਜਾਨ ਸਕੀਦਾ ਹੈ ਕੇ ਠਾਕਰ ਪੂਜਾ ਪੁਰਾਣੀ ਹੈ ਪਰ ਪ੍ਰਿਤਮਾ ਪੂਜਾ ਨਮੀ। ਅਤੇ ਜੋ ਲੋਕ ਝਗੜਦੇ ਹਨ ਕੇ ਪੁਰਾਣੇ ਸਮੇਂ ਵਿਚ ਪਥਰ-ਪੂਜਾ ਨਹੀਂ ਸੀ, ਸੋ ਭੀ ਠੀਕ ਨਹੀਂ ਆਖਦੇ ਅਤੇ ਜੋ ਲੋਕ ਹਠ ਕਰਦੇ ਹਨ ਕੇ ਵੇਦਾਂ ਦੇ ਸਮੇਂ ਮੂਰਤੀ ਪੂਜਾ ਸੀ ਸੋ ਭੀ ਹਠ ਹੀ ਕਰ ਰਹੇ ਹਨ। ਵੈਦਕ ਸਮੇਂ ਤੇ ਮਗਰੋਂ ਮੈਂ ਸਿੰਮ੍ਰਿਤੀ—ਫੇਰ ਬਉਧ—ਫੇਰ ਆਉਂਦੇ ਆਉਂਦੇ ਅਜ ਕਲ ਦੇ ਸਮੇਂ ਦੇ ਧਰਮ ਦਾ ਵਿਰਤਾਂਤ ਕਿਹਾ ਅਜੇ ਓਥੇ ਆ ਕੇ ਅਪਨੇ ਵਯਾਖਯਾਨ ਨੂੰ ਸਮਾਪਤ ਕੀਤਾ ਸੀ ਜਿਸ ਜਗਾ ਭਗਤਾਂ ਦੀ ਸੰਗਲੀ ਤੁਰਕੇ ਆਖ਼ਰਕਾਰ ਏਹਨਾਂ ਦੇ ਅੰਤ ਮੇ ਸ਼੍ਰੋਮਣਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਏਸ ਪ੍ਰਿਥਵੀ ਉਤੇ ਆ ਕੇ ਭਗਤ ਅਵਤਾਰ ਦੁਆਰਾ ਪ੍ਰਿਥਵੀ ਦਾ ਭਾਰ ਹਲਕਾ ਕੀਤਾ।

(ਦੂਜਾ ਵਿਖਿਆਨ, ਪੰਨਾ 1-2)

ਆਪਣੇ ਤੀਜੇ ਵਿਖਿਆਨ ਵਿਚ ਪ੍ਰੋ. ਗੁਰਮੁਖ ਸਿੰਘ ਨੇ ਪਹਿਲੇ ਵਿਖਿਆਨ ਦੇ ਵਿਸ਼ੇ ਬਾਰੇ ਸੰਕੇਤ-ਮਾਤਰ ਲਿਖਿਆ ਹੈ। ਬੁੱਧ ਧਰਮ ਦਾ ਜਿਕਰ ਕਰਦਿਆਂ ਲੇਖਕ ਲਿਖਦਾ ਹੈ :

ਜਦ ਬਊਧ ਦੇ ਕਬਾੜ ਖੁਲ੍ਹੇ ਅਰਥਾਤ ਨਿਰਬਾਣ ਪਦ ਨੂੰ ਪਹੁੰਚਾ ਤਾਂ ਆਪਣੀ ਸਿਖ੍ਯਾ ਦੇਨ ਲਗਾ-ਮੈਂ ਇਸ ਦਾ ਵਿਰਤਾਂਤ ਪਹਿਲੇ ਵਖਯਾਨ ਵਿਚਿ ਆਖਯਾ ਹੈ। (ਤੀਜਾ ਵਿਖਿਆਨ, ਪੰਨਾ 8)

## ਦੂਜਾ ਵਿਖਿਆਨ

ਪ੍ਰੋ. ਗੁਰਮੁਖ ਸਿੰਘ ਦੀ ਇਹ ਰਚਨਾ ਪੱਥਰ ਦੇ ਛਾਪੇ ਵਿਚ 1884 ਈਸਵੀ ਵਿਚ ਛਪੀ ਹੋਈ 80 ਪੰਨੇ ਦੀ ਪੁਸਤਕ ਹੈ। ਪੁਸਤਕ ਵਾਚਣ ਤੋਂ ਪਤਾ ਲੱਗਦਾ ਹੈ ਕਿ ਆਪਣੇ ਪ੍ਰਾਪਤ ਰੂਪ ਵਿਚ ਪੁਸਤਕ ਅਧੂਰੀ ਹੈ ਅਤੇ ਇਸਦੇ ਅਸਲ ਪੰਨੇ ਇਸ ਨਾਲੋਂ ਕਿਤੇ ਵਧੇਰੇ ਸਨ। ਪੁਸਤਕ ਦੇ ਅਧੂਰੇ ਹੋਣ ਦਾ ਅਨੁਮਾਨ ਤਾਂ ਉਦੋਂ ਹੀ ਲੱਗ ਜਾਂਦਾ ਹੈ ਜਦੋਂ ਅਸੀਂ ਅੱਸੀਵੇਂ ਪੰਨੇ ਉਪਰਲੇ ਪਾਠ ਦੇ ਅੰਤਲੇ ਵਾਕ ਨੂੰ ਅੱਧ-ਵਿਚਾਲੇ ਟੁੱਟ ਗਿਆ ਵੇਖਦੇ ਹਾਂ। ਇਹ ਵਾਕ ਇਉਂ ਹੈ :

ਗੁਰੂ ਅੰਗਦ ਜੀ ਨੇ ਕਦੇ ਕਿਸੇ ਪਾਸੋਂ ਸੁਨਿਆ ਭੀ ਨਹੀਂ ਸੀ
ਕਿ ਕੋਈ ਬਾਲਾ ਨਾਉਂ ਧਰ ਕੇ ਸਿਖ ਗੁਰੂ ਨਾਨਕ

ਵਾਕ ਦੀ ਅਜਿਹੀ ਸਮਾਪਤੀ ਹੀ ਆਪਣੇ ਆਪ ਵਿਚ ਇਸ ਤੱਥ ਦਾ ਅਕੱਟ ਪ੍ਰਮਾਣ ਹੈ ਕਿ ਪਾਠ ਅਧੂਰਾ ਹੈ। ਗੁੰਮ ਪੰਨੇ ਵੀ ਦੋ ਚਾਰ ਨਹੀਂ, ਸਗੋਂ ਵੱਡੀ ਗਿਣਤੀ ਵਿਚ ਹੋਣਗੇ, ਇਸ ਤੱਥ ਦਾ ਗਿਆਨ ਸਾਨੂੰ ਵਿਚਾਰਾਧੀਨ ਵਿਸ਼ੇ ਤੋਂ ਹੋ ਜਾਂਦਾ ਹੈ। ਗੁਰੂ ਅੰਗਦ ਦੇਵ ਜੀ ਦੇ ਜੀਵਨ-ਬ੍ਰਿਤਾਂਤ ਦੇ ਆਰੰਭ ਵਿਚ ਲੇਖਕ ਲਿਖਦਾ ਹੈ :

ਏਹਨਾਂ ਗੁਰਾਂ ਦਾ ਸਾਰਾ ਜੀਵਨ ਚਰਿਤ੍ਰ ਮੈਂ ਨਹੀਂ ਵਰਨਨ

> ਕਰਨਾ ਚਾਹੁੰਦਾ-ਪਰ ਦੋ ਚਾਰ ਮੁਖ ਮੁਖ ਬਾਤਾਂ ਜ਼ਿਕਰ ਕਰਨ ਵਾਲੀਆਂ ਜ਼ਰੂਰ ਹੀ ਹਨ :
> 1. ਜਨਮ ਸਾਖੀ ਏਹਿਨਾਂ ਦੇ ਸਮੇਂ ਬਣੀ ਕੇ ਨਹੀਂ
> 2. ਹਮਾਯੂਨ ਦਾ ਏਹਨਾਂ ਨੂੰ ਮਿਲਨਾ- (ਪੰਨਾ 78)

ਪਰ ਅਸੀਂ ਵੇਖਦੇ ਹਾਂ ਕਿ ਲੇਖਕ ਪੰਨਾ 80 ਤੱਕ ਅਜੇ ਪਹਿਲੀ ਗੱਲ ਦੀ ਭੂਮਿਕਾ ਹੀ ਬੰਨ੍ਹਦਾ ਹੈ ਕਿ ਪੁਸਤਕ ਦੇ ਪੱਤਰੇ ਖ਼ਤਮ ਹੋ ਜਾਂਦੇ ਹਨ। ਗੁੰਮ ਪੱਤਰਿਆਂ ਵਿਚ ਗੁਰੂ ਅੰਗਦ ਦੇਵ ਜੀ ਦੇ ਜੀਵਨ ਨਾਲ ਸੰਬੰਧਤ ਕੇਵਲ ਉਪਰੋਕਤ ਦੋਹਾਂ ਘਟਨਾਵਾਂ ਦਾ ਹੀ ਬਿਆਨ ਨਹੀਂ ਸਗੋਂ ਜਿਵੇਂ ਕਿ ਸਾਨੂੰ ਤੀਜੇ ਵਿਆਖਿਆਨ ਵਿਚੋਂ ਪਤਾ ਲੱਗਦਾ ਹੈ, ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੱਕ ਦਾ ਸਿੱਖ-ਇਤਿਹਾਸ ਇਸੇ ਭਾਸ਼ਨ ਵਿਚ ਹੀ ਬਿਆਨ ਕੀਤਾ ਗਿਆ ਸੀ। ਇਸ ਪ੍ਰਥਾਇ ਪ੍ਰੋ. ਗੁਰਮੁਖ ਸਿੰਘ ਆਪਣੇ ਤੀਜੇ ਵਿਆਖਿਆਨ ਦੇ ਆਰੰਭ ਵਿਚ ਲਿਖਦੇ ਹਨ :

> ਮੈਂ ਆਪਣੇ ਕਲ ਦੇ ਵਯਾਖਯਾਨ ਵਿਚਿ ਆਦਿ ਪਾਦਸ਼ਾਹੀ ਜੀ ਦੇ ਅਵਿਤਾਰ ਧਾਰਨ ਤੇ ਪੰਜਮੀ ਪਾਦਸ਼ਾਹੀ ਜੀ ਦੇ ਅੰਤ ਸਮੇਂ ਤੱਕ ਸੁਣਾ ਆਇਆ ਸੀ। (ਪੰਨਾ 2)

ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਅੰਗਦ ਦੇਵ ਜੀ ਦੇ ਜੀਵਨ-ਬ੍ਰਿਤਾਂਤ ਤੋਂ ਲੈ ਕੇ ਪੰਜਵੀਂ ਪਾਤਸ਼ਾਹੀ ਦੀ ਸ਼ਹੀਦੀ ਤੱਕ ਦਾ ਇਤਿਹਾਸ ਗੁੰਮ ਪਤਰਿਆਂ ਵਿਚ ਦਰਜ ਸੀ ਜਿਸ ਕਰ ਕੇ ਇਹਨਾਂ ਦੀ ਗਿਣਤੀ ਚੋਖੀ ਹੋਣ ਵਿਚ ਕਿਸੇ ਕਿਸਮ ਦੀ ਸ਼ੰਕਾ ਨਹੀਂ ਰਹਿੰਦੀ।

ਲੇਖਕ ਨੇ ਆਪਣੇ ਦੂਜੇ ਵਿਖਿਆਨ ਦਾ ਮਨੋਰਥ ਗੁਰੂ ਸਾਹਿਬਾਨ ਦੇ ਜੀਵਨ-ਚਰਿਤ੍ਰ ਦਾ ਬਿਆਨ ਕਰਨਾ ਦੱਸਿਆ ਹੈ ਪਰ ਉਸਨੇ ਮੁਕੰਮਲ ਇਤਿਹਾਸ ਅੰਕਤ ਕਰਨ ਦੀ ਥਾਂ ਗੁਰੂ-ਜੀਵਨ ਦੇ ਕੁੱਝ ਵਿਸ਼ੇਸ਼ ਪੱਖਾਂ ਦੀ ਹੀ ਵਿਆਖਿਆ ਕੀਤੀ ਹੈ। ਗੁਰੂ ਨਾਨਕ ਦੇਵ ਜੀ ਦੇ ਜੀਵਨ-ਸਮਾਚਾਰ ਅੰਕਿਤ ਕਰਨ ਤੋਂ ਪਹਿਲਾਂ ਲਿਖਿਆ ਹੈ :

> ਮੈਂ ਜਨਮ ਦੀ ਬਾਬਤ ਕਹਿ ਚੁਕਾ ਹਾਂ ਹੁਨ ਮੈਂ ਅਗੇ ਚਲਦਾ ਹਾਂ ਗੁਰੂ ਜੀ ਦੇ ਬਾਲ ਅਵਸਥਾ ਦੀ ਬਾਤ ਮੈਂ ਨਹੀਂ ਛੇੜਦਾ-ਮੈਂ ਜਨਮ ਸਾਖੀ ਨਿਰੂਪਣ ਨਹੀਂ ਕਰਨੀ। ਮੈਂ ਮੋਟੀਆਂ ਮੋਟੀਆਂ ਦੋ ਚਾਰ ਬਾਤਾਂ ਦਸਨੀਆਂ ਹਨ ਜੋ ਆਪ ਲੋਕਾ ਦੇ ਵਿਚਾਰਯੋਗ ਹਨ। (ਪੰਨਾ 52)

ਇਸੇ ਤਰ੍ਹਾਂ ਗੁਰੂ ਅੰਗਦ ਦੇਵ ਜੀ ਦਾ ਜੀਵਨ-ਇਤਿਹਾਸ ਬਿਆਨ ਕਰਨ ਤੋਂ ਪਹਿਲਾਂ ਲੇਖਕ ਫਿਰ ਦੁਹਰਾਉਂਦਾ ਹੈ :

> ਏਹਨਾ ਗੁਰਾਂ ਦਾ ਸਾਰਾ ਜੀਵਨ ਚਰਿਤ੍ਰ ਮੈਂ ਨਹੀਂ ਵਰਨਨ ਕਰਨਾ ਚਾਹੁੰਦਾ—ਪਰ ਦੋ ਚਾਰ ਮੁਖ ਮੁਖ ਬਾਤਾਂ ਜ਼ਿਕਰ ਕਰਨ ਵਾਲੀਆਂ ਜ਼ਰੂਰ ਹੀ ਹਨ— (ਪੰਨਾ 78)

ਪ੍ਰੋ. ਗੁਰਮੁਖ ਸਿੰਘ ਨੇ ਆਪਣੇ ਦੂਜੇ ਵਿਖਿਆਨ ਦੇ ਆਰੰਭ ਵਿਚ ਅਵਤਾਰ, ਪੈਗੰਬਰ, ਭਗਤ, ਗੁਰੂ, ਸਿੱਖ ਆਦਿ ਸ਼ਬਦਾਂ ਦੀ ਵਿਆਖਿਆ ਕੀਤੀ ਹੈ। ਉਹਨਾਂ ਦਾ ਮਤ ਹੈ ਕਿ ਅਵਤਾਰ ਬਾਰੇ ਪ੍ਰਚੱਲਤ ਧਾਰਨਾ ਗੁਰਮਤ ਦਰਸ਼ਨ ਦੇ ਅਨੁਰੂਪ ਨਹੀਂ, ਕਿਉਂਕਿ ਗੁਰਮਤ

ਵਿਚ ਪਰਮਾਤਮਾ ਨੂੰ 'ਅਕਾਲ ਮੂਰਤਿ' ਅਤੇ 'ਅਜੂਨੀ' ਮੰਨਿਆ ਗਿਆ ਹੈ। ਉਹਨਾਂ ਦਾ ਕਥਨ ਹੈ :

> ਅਵਤਾਰ ਸ਼ਬਦ ਤੋਂ ਲੋਕ ਅਕਸਰ ਕਰਕੇ ਏਹਿ ਸਮਝਦੇ ਹਨ ਕੇ ਪ੍ਰਮੇਸਰ ਜੋ ਅਜੂਨੀ ਅਤੇ ਅਜਨਮ ਹੈ ਕਿਸੇ ਜ਼ਰੂਰੀ ਵਿਵਹਾਰ ਦੇ ਸਿਧ ਕਰਨ ਲਈ ਆਪ ਏਸ ਪ੍ਰਿਥਵੀ ਉਤੇ ਦੇਹ ਧਾਰ ਕੇ ਕਈ ਤ੍ਰਾਂ ਦੀ ਲੀਲਾ ਕਰ ਜਾਂਦਾ ਹੈ। ਏਸ ਤ੍ਰਾਂ ਜੰਮਦਾ ਭੀ ਹੈ ਅਤੇ ਮੂਦਾ ਭੀ ਹੈ। ਏਸ ਬਾਤ ਨੂੰ ਜੇਕਰ ਪੂਰੀ ਨਿਗਾਹ ਨਾਲ ਦੇਖਿਆ ਜਾਵੇ ਤਾਂ ਜੋ ਹੇਤੂ ਆਭਾਸ ਜਾਂ ਅਸ਼ੁਧੀ ਹੋਊ ਆਪੇ ਦਿਸ ਪਊ। ਪ੍ਰਮੇਸ਼ਵਰ ਦਾ ਕਿਸੇ ਦੇ ਗ੍ਰਭ ਵਿਚ ਆਉਨਾ-ਜੰਮਨਾ-ਮਰਨਾ ਸਾਨੂੰ ਹੈਰਾਨ ਕਰਦਾ ਹੈ। ਜੇ ਏਹੋ ਜੇਹਾ ਪ੍ਰਮੇਸ਼ਵਰ ਹੈ ਤਾਂ ਸਾਨੂੰ ਏਹ ਨਹੀਂ ਆਖਨਾ ਚਾਹੀਦਾ ਕੇ ਸਤਿਨਾਮ-ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ। (ਪੰਨਾ 9)

ਉਹ ਪੈਗੰਬਰ ਸ਼ਬਦ ਦੀ ਵਿਆਖਿਆ ਕਰਦਿਆਂ ਲਿਖਦੇ ਹਨ :

> ਪੈਗੰਬਰ ਸ਼ਬਦ ਅਸਲ ਵਿਚ ਪੈਗਾਮਬਰ ਹੈ ਦੋ ਸ਼ਬਦਾਂ ਕਰਕੇ ਮਿਲਿਆ ਹੋਇਆ ਹੈ ਇਕ ਹੈ ਪੈਗਾਮ ਜਿਸਦਾ ਅਰਥ ਸੁਨੇਹਾ ਅਤੇ ਬਰ ਜਿਸ ਦਾ ਅਰਥ ਲਜਾਨ ਵਾਲਾ। ਪੈਗਾਮਬਰ ਅਰਥਾਤ ਪਗੰਬ੍ਰ ਦਾ ਅਰਥ ਸੁਨੇਹਾ ਲਜਾਨ ਵਾਲਾ ਅਥਵਾ ਪਹੁੰਚਾਉਨ ਵਾਲਾ। ਜੋ ਮਹਾਤਮਾ ਜਨ ਪਸ਼ਚਮੀ ਦੇਸਾਂ ਵਿਚ ਪ੍ਰਮੇਸਵਰ ਦੀ ਮਰਜੀ ਜਤਾਉਂਦੇ ਸੇ ਓਹਨਾ ਨੂੰ ਪਗੰਬ੍ਰ ਆਖਦੇ ਸੇ। (ਪੰਨਾ 13)

ਪੈਗੰਬਰ-ਪ੍ਰਣਾਲੀ ਇਬਰਾਹੀਮ ਦੀ ਸੰਤਾਨ ਅਥਵਾ ਯਹੂਦੀਆਂ, ਈਸਾਈਆਂ ਅਤੇ ਮਸਲਮਾਨਾਂ ਵਿਚ ਚਲੀ ਅਤੇ ਇਹਨਾਂ ਦੀ ਗਿਣਤੀ ਸੈਂਕੜਿਆਂ ਵਿਚ ਹੈ। ਅਵਤਾਰ ਅਤੇ ਪੈਗੰਬਰ ਸ਼ਬਦਾਂ ਦੇ ਅਰਥਾਂ ਵਿਚਲੇ ਅੰਤਰ ਨੂੰ ਸਪਸ਼ਟ ਕਰਦਿਆਂ ਉਹ ਲਿਖਦੇ ਹਨ :

> ਔਤਾਰ ਸ਼ਬਦ ਤੋਂ ਸਮਝ ਪੈਂਦੀ ਹੈ ਆਪ ਉਤਰ ਕੇ ਕੋਈ ਕਾਰਜ ਕਰਨਾ ਅਤੇ ਪੈਗੰਬ੍ਰ ਸ਼ਬਦ ਤੋਂ ਦੂਸ੍ਰੇ ਨੂੰ ਭੇਜ ਕੇ ਕਾਰਜ ਕਰਾਉਨਾ। ਅਵਤਾਰ ਸ਼ਬਦ ਵਿਚ ਦੂਸ੍ਰੇ ਦਾ ਬੋਧ ਨਹੀਂ ਹੁੰਦਾ ਹੈ। (ਪੰਨਾ 14)

ਲੇਖਕ ਅਨੁਸਾਰ ਇਹਨਾਂ ਸ਼ਬਦਾਂ ਵਿਚੋਂ ਪੈਗੰਬਰ ਅਤੇ ਭਗਤ ਸ਼ਬਦ ਦੇ ਅਰਥਾਂ ਵਿਚ ਕੁੱਝ ਹੱਦ ਤੱਕ ਸਾਂਝ ਅਤੇ ਕੁੱਝ ਅੰਤਰ ਵੀ ਹੈ ਪਰ ਇਹ ਦੋਵੇਂ ਸ਼ਬਦ ਅਵਤਾਰ ਸ਼ਬਦ ਨਾਲੋਂ ਭਿੰਨ ਅਰਥ ਹਨ। ਉਸ ਦੇ ਸ਼ਬਦ ਹਨ :

> ਅਵਤਾਰ ਏਕਤੱਤਾ ਨੂੰ ਸੂਚਨ ਕਰਦਾ ਹੈ ਕੇ ਆਪ ਉਤ੍ਰ ਕੇ ਕਾਰਜ ਕਰਨਾ ਅਤੇ ਪੈਗੰਬ੍ਰ ਅਤੇ ਭਗਤ ਦੋਨੋ ਜੁਦੈਗੀ ਨੂੰ ਜਤਾਉਂਦੇ ਹਨ ਕੇ ਦੂਸਰੇ ਦੀ ਰਾਹੀਂ ਕਰਨਾ। ਪੈਗੰਬ੍ਰ ਅਤੇ ਭਗਤ ਵਿਚ ਏਹਿ ਫ਼ਰਕ ਜਾਪਦਾ ਹੈ ਕੇ ਪਗੰਬ੍ਰ ਤਾਂ ਸਾਫ਼ ਸਾਫ਼ ਦਸਦਾ ਹੈ ਕੇ ਇਕ ਸਨੇਹਾ ਲਜਾਨ ਵਾਲਾ ਅਥਵਾ ਮਰਜੀ ਨੂੰ ਸੂਚਨਾ ਕਰਨ ਵਾਲਾ ਅਤੇ ਭਗਤ ਸਬਦ ਨਿਮ੍ਰਤਾ ਦਾ ਸ਼ਬਦ ਹੈ ਅਰਥਾਤ ਭਗਤੀ ਕਰਨ ਵਾਲਾ ਅਥਵਾ ਸਿਖਾਉਨ ਵਾਲਾ। (ਪੰਨਾ 14-15)

ਪੈਗੰਬਰ ਸ਼ਬਦ ਅਵਤਾਰ ਸ਼ਬਦ ਨਾਲੋਂ ਭਿੰਨ ਅਰਥ ਰੱਖਦਾ ਹੋਇਆ ਵੀ ਕਈ ਵਾਰ

ਸਮਾਨ ਅਰਥ-ਬੋਧ ਲਈ ਵਰਤਿਆ ਜਾਂਦਾ ਹੈ। ਜਦੋਂ ਪੈਗੰਬਰ ਵਿਚ ਐਨੀ ਸ਼ਕਤੀ ਮੰਨ ਲਈ ਜਾਵੇ ਕਿ ਉਸਨੂੰ ਭੇਜਣ ਵਾਲੇ ਦੇ ਬਰਾਬਰ ਮੰਨ ਲਿਆ ਜਾਵੇ ਤਾਂ ਇਹਨਾਂ ਸ਼ਬਦਾਂ ਦਾ ਅਰਥ-ਭੇਦ ਲੁਪਤ ਹੋ ਜਾਂਦਾ ਹੈ।

ਇਹਨਾਂ ਸ਼ਬਦਾਂ ਦੀ ਵਿਆਖਿਆ ਉਪਰੰਤ ਲੇਖਕ ਨੇ ਗੁਰੂ-ਸ਼ਬਦ ਦੀ ਵਿਆਖਿਆ ਕੀਤੀ ਹੈ ਅਤੇ ਸਿੱਧ ਕੀਤਾ ਹੈ ਕਿ ਅਰਥ-ਸੰਚਾਰ ਦੀ ਦ੍ਰਿਸ਼ਟੀ ਤੋਂ ਇਹ ਸ਼ਬਦ ਅਵਤਾਰ, ਪੈਗੰਬਰ ਅਤੇ ਭਗਤ ਨਾਲੋਂ ਗੁਰਮਤ ਵਿਚਾਰ ਧਾਰਾ ਦੇ ਵਧੇਰੇ ਅਨੁਕੂਲ ਹੈ। ਲੇਖਕ ਕਹਿੰਦਾ ਹੈ :

> ਅਵਤਾਰ ਵਿਚ ਪ੍ਰਮੇਸ਼ਵਰ ਦਾ ਉਤ੍ਰਨਾ (ਉਧਾਰ ਵਾਸਤੇ) ਪਾਇਯਾ ਜਾਂਦਾ ਹੈ ਪੈਗੰਬਰ ਵਿਚ ਅਪਨੇ ਆਪ ਨੂੰ ਰਬ ਦਾ ਸੂਬਾ ਅਥਵਾ ਸਕੱਤ੍ਰ ਮੁਕਰਰ ਕਰਨਾ ਪਾਯਾ ਜਾਂਦਾ ਹੈ। .........ਭਗਤ ਸ਼ਬਦ ਭੀ ਜਤਾਉਂਦਾ ਹੈ ਕਿ ਪ੍ਰਮੇਸ਼ਵਰ ਦੀ ਭਗਤੀ ਕਰਨੀ ਅਥਵਾ ਕਰਨੀ ਸਿਖਾਉਨਾ। ਏਹਨਾਂ ਸਾਰਿਆਂ ਸ਼ਬਦਾਂ ਤੋਂ ਸਪਸ਼ਟ ਤੌਰ ਤੇ ਏਹਿ ਬਾਤ ਨਹੀਂ ਮਾਲੂਮ ਹੁੰਦੀ ਕੇ ਏਹਿ ਚਾਰੇ ਹੀ ਕਿਸ ਕਾਰਜ ਵਾਸਤੇ ਹੋਏ। ਅਵਤਾਰ ਸ਼ਬਦ ਸੁਨਨ ਨਾਲ ਹੀ ਅਸੀਂ ਨਹੀਂ ਸਮਝ ਸਕਦੇ ਕੇ ਓਹ ਅਵਤਾਰ ਕਿਸੇ ਦੇ ਮਾਰਣੇ ਵਾਸਤੇ ਹੋਇਆ ਕੇ ਕਿਸੇ ਤ੍ਰਾਂ ਨੇ ਧਰਮ ਉਪਦੇਸ਼ ਕਰਨ ਵਾਸਤੇ......ਪੈਗੰਬ੍ਰ ਸ਼ਬਦ ਤੋਂ ਅਲਬਤ ਏਹਿ ਬਾਤ ਤਾਂ ਪਾਈ ਜਾਂਦੀ ਹੈ ਕਿ ਕਿਸੇ ਕੰਮ ਦਾ ਪੈਗਾਮ ਲਿਆਂਦਾ ਹੈ ਪਰ ਇਸ ਤੇ ਭੀ ਏਹਿ ਸਪਸ਼ਟ ਨਹੀਂ ਮਾਲੂਮ ਹੁੰਦਾ ਕੇ ਕਿਸ ਕਾਰਵਾਈ ਦਾ ਪੈਗਾਮ ਲਿਆਯਾ ਹੈ। ਭਗਤ ਸ਼ਬਦ ਤੋਂ ਏਹਿ ਠੀਕ ਨਹੀਂ ਪ੍ਰਤੀਤ ਹੁੰਦਾ ਕੇ ਓਸਨੇ ਕਿਸ ਬਾਤ ਦੀ ਭਗਤੀ ਸਿਖਾਉਨੀ ਹੈ। ਗੁਰੂ ਸ਼ਬਦ ਤੋਂ ਸਾਫ਼ ਸਾਫ਼ ਪਿਆ ਮਾਲੂਮ ਹੁੰਦਾ ਹੈ ਕੇ ਅਗਿਆਨ ਰੂਪੀ ਅੰਧੇਰੇ ਨੂੰ ਦੂਰ ਕਰਨਾ ਹੈ। ਇਸ ਬਾਤ ਵਿਚ ਗੁਰੂ ਸ਼ਬਦ ਹੋਰਨਾ ਸ਼ਬਦਾਂ ਤੋਂ ਸਬਕਤ ਰਖਦਾ ਹੈ। ਹੋਰ ਸ਼ਬਦ ਅਪਨੇ ਅਖਰਾਂ ਵਿਚ ਅਪਨੇ ਮਤਲਬ ਨੂੰ ਸਿਧ ਨਹੀਂ ਕਰਦੇ। (ਪੰਨਾ 19-20)

ਲੇਖਕ ਦੱਸਦਾ ਹੈ ਕਿ ਇਸ ਅਰਥ-ਭਿੰਨਤਾ ਨੂੰ ਹੋਰ ਸਪਸ਼ਟ ਕਰਨ ਲਈ ਹੀ ਗੁਰੂ ਨੂੰ ਸਤਿਗੁਰੂ ਕਿਹਾ ਜਾਂਦਾ ਹੈ ਕਿਉਂ ਜੁ "ਸਤਿਗੁਰ ਉਹ ਗੁਰੂ ਹੈ ਜੋ ਸਤਿ ਦਾ ਉਪਦੇਸ਼ ਕਰੇ।" (ਪੰਨਾ 23)

ਗੁਰੂ ਨਾਲ ਹੀ ਸੰਬੰਧਤ ਸ਼ਬਦ ਹੈ ਸਿੱਖ, ਜਿਸਦੇ ਅਰਥ ਹਨ-ਸਿਖਿਆ ਲੈਣ ਵਾਲਾ ਤਾਂ ਤੇ ਸਿੱਖ ਲਈ ਜ਼ਰੂਰੀ ਹੈ ਕਿ "ਜੋ ਗੁਰ ਸਿਖਯਾ ਦੇਂਦੇ ਹਨ ਓਸਨੂੰ ਵਿਚਾਰਨਾ ਅਰਥਾਤ ਹਮੇਸ਼ ਉਸਦੀ ਵਿਚਾਰ ਵਿਚ ਉਨਤੀ ਕਰਦੇ ਚਲਨਾ।" (ਪੰਨਾ 24)

ਗੁਰੂ ਨਾਨਕ ਦੇਵ ਜੀ ਦੇ ਜੀਵਨ-ਸਮਾਚਾਰਾਂ ਦਾ ਬਿਆਨ ਕਰਨ ਤੋਂ ਪਹਿਲਾਂ ਲੇਖਕ ਸਤਿਜੁਗ ਅਤੇ ਕਲਜੁਗ ਦੇ ਅਰਥ ਵੀ ਸਪਸ਼ਟ ਕਰਦਾ ਹੈ। ਉਸਦਾ ਮੱਤ ਹੈ ਕਿ ਸੰਸਾਰ ਵਿਚ ਐਸਾ ਕੋਈ ਸਮਾਂ ਨਹੀਂ ਆਇਆ ਜਦ ਝੂਠ ਨਾ ਬੋਲਿਆ ਗਿਆ ਹੋਵੇ ਜਾਂ ਹੋਰ ਅਪਰਾਧ ਅਤੇ ਮੰਦ-ਕਰਮ ਨਾ ਹੋਏ ਹੋਣ। ਇਸ ਕਰਕੇ ਸਤਿਜੁਗ ਅਤੇ ਕਲਜੁਗ ਨਾਲ ਨਾਲ ਹੀ ਚਲਦੇ ਹਨ। ਸਤਿਜੁਗ ਅਤੇ ਕਲਜੁਗ ਸ਼ਬਦ ਦੀ ਵਿਆਖਿਆ ਕਰਦਿਆਂ ਲੇਖਕ ਨੇ

ਲਿਖਿਆ ਹੈ :

> ਜਦ ਕਿਸੇ ਕੌਮ ਦੀ ਬ੍ਰਿਧੀ ਹੁੰਦੀ ਹੈ ਅਤੇ ਪ੍ਰਜਾ ਸੁਖੀ ਵਸਦੀ ਹੈ ਤਾਂ ਉਸ ਸਮੇਂ ਨੂੰ ਸਤਿਜੁਗ ਆਖਦੇ ਹਨ ਜਦ ਕਿਸੇ ਜਾਤੀ ਦੀ ਹਾਨੀ ਹੁੰਦੀ ਹੈ ਅਥਵਾ ਜਦ ਪ੍ਰਜਾ ਦੁਖੀ ਹੁੰਦੀ ਹੈ ਅਤੇ ਪੀੜਾਂ ਵਿਚ ਰਹਿੰਦੀ ਹੈ-ਉਪਦ੍ਰਵ ਬਹੁਤ ਹੁੰਦੇ ਹਨ ਅਤੇ ਸੁਖ ਘਟ ਮਿਲਦਾ ਹੈ ਤਾਂ ਕਲਜੁਗ ਹੁੰਦਾ ਹੈ।
>
> (ਪੰਨਾ 26)

ਜਿਹੜੇ ਪੁਰਸ਼ ਗੁਰੂ ਨਾਨਕ ਦੇ ਦੱਸੇ ਰਾਹ ਉੱਤੇ ਚੱਲ ਕੇ ਕਲਜੁੱਗ ਦੇ ਉਪਰ ਦੱਸੇ ਲੱਛਣਾਂ ਦਾ ਤਿਆਗ ਕਰ ਦਿੰਦੇ ਹਨ, ਉਹ ਹਰ ਸਮੇਂ ਸਤਿਜੁਗ ਵਿਚ ਰਹਿ ਰਹੇ ਹੁੰਦੇ ਹਨ।

ਇਉਂ ਅਵਤਾਰ, ਪੈਗੰਬਰ, ਭਗਤ, ਗੁਰੂ, ਸਿੱਖ, ਸਤਿਜੁਗ, ਕਲਜੁਗ ਆਦਿ ਸ਼ਬਦਾਂ ਦੀ ਵਿਆਖਿਆ ਕਰਨ ਉਪਰੰਤ ਪ੍ਰੋ. ਗੁਰਮੁਖ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿਚੋਂ ਉਹਨਾਂ ਘਟਨਾਵਾਂ ਬਾਰੇ ਆਪਣਾ ਦ੍ਰਿਸ਼ਟੀਕੋਣ ਪੇਸ਼ ਕੀਤਾ ਹੈ ਜਿਹਨਾਂ ਬਾਰੇ ਸਿੱਖ-ਜਗਤ ਵਿਚ ਕੁੱਝ ਭਰਮ-ਭੁਲੇਖੇ ਪਾਏ ਜਾਂਦੇ ਹਨ। ਲੇਖਕ ਨੇ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਦੀ ਤਿਥੀ ਬਾਰੇ ਨਿਰਣਾ ਕੀਤਾ ਹੈ। ਪ੍ਰਚੱਲਤ ਮਨੌਤ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਜਨਮ ਕੱਤਕ ਦੀ ਪੂਰਨਮਾਸ਼ੀ ਨੂੰ ਹੋਇਆ ਮੰਨਿਆ ਜਾਂਦਾ ਹੈ ਪਰ ਪ੍ਰੋ. ਗੁਰਮੁਖ ਸਿੰਘ 1526 ਸੰਮਤ ਦੀ ਵੈਸਾਖੀ ਨੂੰ ਅਵਤਾਰ-ਪੁਰਬ ਸਿੱਧ ਕਰਦੇ ਹਨ। ਇਸ ਸਿੱਟੇ ਉੱਤੇ ਪੁੱਜਣ ਲਈ ਲੇਖਕ ਨੇ ਗੁਰੂ ਨਾਨਕ ਦੇਵ ਜੀ ਦੇ ਜਨਮ-ਸਮੇਂ ਨਾਲ ਸੰਬੰਧਿਤ ਦੋ ਟੇਵਿਆਂ ਨੂੰ ਆਧਾਰ ਬਣਾਇਆ ਹੈ ਅਤੇ ਜੋਤਿਸ਼ ਵਿਦਿਆ ਅਤੇ ਗਣਤ ਵਿਦਿਆ ਦੀ ਸਹਾਇਤਾ ਨਾਲ ਇਹਨਾਂ ਟੇਵਿਆਂ ਦੇ ਵਿਸਤ੍ਰਿਤ ਵਿਸ਼ਲੇਸ਼ਣ ਉਪਰੰਤ ਨਿਰਣੇ ਲਏ ਹਨ। ਲੇਖਕ ਨੇ ਆਪਣੇ ਕੱਢੇ ਸਿੱਟੇ ਦੀ ਪੁਸ਼ਟੀ ਲਈ ਕਈ ਜਨਮਸਾਖੀਆਂ ਅਤੇ ਭਾਈ ਗੁਰਦਾਸ ਦੀ ਰਚਨਾ ਦਾ ਹਵਾਲਾ ਵੀ ਦਿੱਤਾ ਹੈ।

ਪ੍ਰੋ. ਗੁਰਮੁਖ ਸਿੰਘ ਨੇ ਅਗਲੀ ਵਿਚਾਰ ਗੁਰੂ ਨਾਨਕ ਦੇਵ ਜੀ ਦੁਆਰਾ ਕੀਤੀਆਂ ਉਦਾਸੀਆਂ ਬਾਰੇ ਕੀਤੀ ਹੈ। ਲੇਖਕ ਅਨੁਸਾਰ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਬਾਰੇ ਇਹ ਪੰਜ ਗੱਲਾਂ ਮੁੱਖ ਹਨ :

1. ਕੋਈ ਐਸਾ ਹਿੰਦੂ ਮਤ ਦਾ ਮੁਖ ਅਥਵਾ ਨਾਮੀ ਅਸਥਾਨ ਨਹੀਂ ਜੀ ਜਿਸ ਜਗਾ ਗੁਰੂ ਜੀ ਨਹੀਂ ਗਏ।
2. ਕੋਈ ਐਸਾ ਮੁਸਲਮਾਨਾਂ ਦਾ ਮੁਖ ਅਸਥਾਨ ਨਹੀਂ ਜਿਸ ਜਗਾ ਗੁਰੂ ਜੀ ਨਹੀਂ ਗਏ।
3. ਕੋਈ ਐਸਾ ਜੋਗੀਆਂ ਦਾ ਯਾ ਹੋਰ ਭੇਖਾਂ ਦਾ ਮੁਖ ਅਸਥਾਨ ਨਹੀਂ ਜਿਥੇ ਗੁਰੂ ਜੀ ਨਹੀਂ ਪਹੁੰਚੇ।
4. ਕੋਈ ਐਸਾ ਉਸ ਸਮੇਂ ਹਿੰਦੂ ਅਥਵਾ ਮੁਸਲਮਾਨ ਅਥਵਾ ਹੋਰ ਕਿਸੇ ਭੇਖ ਵਾਲਾ ਨਾਮੀ ਫ਼ਕੀਰ ਨਹੀਂ ਹੋਇਆ ਜਿਸਨੂੰ ਗੁਰੂ ਜੀ ਨਹੀਂ ਮਿਲੇ।
5. ਕੋਈ ਐਸਾ ਨਾਮੀ ਮੇਲਾ ਨਹੀਂ ਹੋਇਆ ਜਿਸ ਵਿਚ ਜਾ ਕੇ ਗੁਰੂ ਜੀ

ਨੇ ਉਪਦੇਸ਼ ਨਹੀਂ ਕੀਤਾ। (ਪੰਨਾ 53)

ਲੇਖਕ ਖੇਦ ਪ੍ਰਗਟ ਕਰਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੁਆਰਾ ਕੀਤੀਆਂ ਯਾਤਰਾਵਾਂ ਨੂੰ ਉਪਰੋਕਤ ਦ੍ਰਿਸ਼ਟੀ ਤੋਂ ਵੇਖਣ ਅਤੇ ਬਿਆਨ ਕਰਨ ਦੀ ਥਾਂ ਜਨਮ ਸਾਖੀਕਾਰਾਂ ਨੇ ਆਪਣੇ ਗ੍ਰੰਥਾਂ ਨੂੰ ਕਪੋਲ ਕਲਪਤਿ ਕਹਾਣੀਆਂ ਨਾਲ ਭਰ ਦਿਤਾ ਹੈ। ਅਜਿਹੀਆਂ ਸਾਖੀਆਂ ਬਾਰੇ ਲੇਖਕ ਲਿਖਦਾ ਹੈ :

> ਕਿਤੇ ਕਲਜੁਗ ਮਿਲਦਾ ਹੈ ਅਤੇ ਮੁਲਾਕਾਤ ਅਸੀ ਸਰਮ ਵਾਲੀ ਹੈ ਕੇ ਮੂੰਹੋਂ ਆਖਨੀ ਬੁਰੀ ਦਿਸਦੀ ਹੈ ਕਿਤੇ ਗੋਬਿੰਦ ਲੋਕ ਮਿਲਦੇ ਹਨ-ਕਿਤੇ ਸੋਨੇ ਦਾ ਸ਼ਹਿਰ-ਮਠਾਈ-ਦੁਕਾਨਾਂ ਆਉਂਦੀਆਂ ਹਨ-ਕਿਤੇ ਹਿਮਾਲੇ ਉਤੇ ਪੌੜੀ ਲਾ ਕੇ ਧਰੂ ਭਗਤ ਪਾਸ ਪਹੁੰਚਦੇ ਹਨ ਅਤੇ ਓਸ ਦਰਵਾਨ ਦੀ ਆਗਿਆ ਪਾ ਕੇ ਦਰਗਾਹ ਪ੍ਰਮੇਸ਼ਵਰ ਦੀ ਵਿਚ ਜਾਂਦੇ ਹਨ। ਕਿਤੇ ਹੋਰ ਨਿਕੰਮੀਆਂ ਕਹਾਨੀਆਂ ਭਰੀਆਂ ਹਨ। ਗਲ ਕੀ ਜੋ ਅਸਲੀ ਕਥਾ ਸਨ ਅਤੇ ਜੋ ਅਸਲੀ ਉਪਦੇਸ਼ ਸੇ ਸੋ ਤਾਂ ਲਿਖੇ ਨਹੀਂ ਪਰ ਮਨੋ ਕਲਪਨਾ ਬਹੁਤ ਭਰ ਛਡੀ ਹੈ। (ਪੰਨਾ 54)

ਲੇਖਕ ਮੰਨਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੀਆਂ ਜੀਵਨ-ਘਟਨਾਵਾਂ ਨੂੰ ਸਹੀ ਸਹੀ ਰੂਪ ਵਿਚ ਅੰਕਤ ਕਰ ਲੈਣਾ ਸੰਭਵ ਕਾਰਜ ਨਹੀਂ ਸੀ ਕਿਉਂਜੁ ਕੋਈ ਲਿਖਾਰੀ ਤਾਂ ਨਾਲ ਨਾਲ ਨਹੀਂ ਸੀ ਫਿਰ ਰਿਹਾ, ਜੋ ਸਾਰੇ ਵੇਰਵੇ ਲਿਖਦਾ ਰਹਿੰਦਾ। ਲੇਖਕ ਇਸ ਮੱਤ ਦਾ ਵੀ ਖੰਡਨ ਕਰਦਾ ਹੈ ਕਿ ਭਾਈ ਬਾਲਾ ਗੁਰੂ ਨਾਨਕ ਦੇਵ ਜੀ ਦਾ ਸੰਗੀ ਸੀ। ਉਹਨਾਂ ਕੇਵਲ ਭਾਈ ਮਰਦਾਨੇ ਦੇ ਹੋਣ ਬਾਰੇ ਲਿਖਿਆ ਹੈ। ਲੇਖਕ ਅਨੁਸਾਰ ਭਾਈ ਬਾਲੇ ਦੀ ਹੋਂਦ ਕਾਇਮ ਕਰਨ ਵਿਚ ਹੰਦਾਲੀਆਂ ਦਾ ਹੱਥ ਹੈ। ਇਹਨਾਂ ਜਨਮ ਸਾਖੀਆਂ ਦੀ ਰਚਨਾ ਪੂਰਬ ਨਿਸ਼ਚਿਤ ਉਦੇਸ਼ਾਂ ਦੀ ਪੂਰਤੀ ਹਿਤ ਕੀਤੀ ਗਈ। ਲੇਖਕ ਦਾ ਇਹਨਾਂ ਬਾਰੇ ਮਤ ਹੈ :

> ਕੋਈ ਜਨਮ ਸਾਖੀ ਪੂਰੀ ਨਹੀਂ ਅਤੇ ਸੱਚੀ ਨਹੀਂ ਮਗਰ ਪੈੜੇ ਮੋਖੇ ਦੀ ਬਿਲਕੁਲ ਫਜ਼ੂਲ ਹੈ। (ਪੰਨਾ 57)

ਲੇਖਕ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀਆਂ ਕੁੱਝ ਅਜਿਹੀਆਂ ਘਟਨਾਵਾਂ ਦਾ ਵੀ ਜ਼ਿਕਰ ਕੀਤਾ ਹੈ ਜਿਹਨਾਂ ਨੂੰ ਆਮ ਸ਼ਰਧਾਲੂ ਕਰਾਮਾਤ ਕਹਿ ਕੇ ਯਾਦ ਕਰਦੇ ਹਨ। ਉਸਦਾ ਮੱਤ ਹੈ ਕਿ ਗੁਰਮਤ ਅਨੁਸਾਰ ਕੋਈ ਅਣਹੋਣੀ ਘਟਨਾ, ਜਿਸ ਨਾਲ ਅਕਾਲ ਪੁਰਖ ਦੀ ਇੱਛਾ ਦੀ ਉਲੰਘਣਾ ਹੁੰਦੀ ਹੋਵੇ, ਕਹਿਰ ਮੰਨੀ ਜਾਂਦੀ ਹੈ। ਇਸ ਲਈ ਗੁਰੂ ਨਾਨਕ ਦੇਵ ਜੀ ਅਜਿਹੀਆਂ ਕਰਾਮਾਤਾਂ ਦਿਖਾਉਣ ਨੂੰ ਚੰਗਾ ਨਹੀਂ ਸਨ ਸਮਝਦੇ। ਲੇਖਕ ਅਨੁਸਾਰ ਕਰਾਮਾਤ ਨਾਉ ਉਸ ਬਾਤ ਦੇ ਕਾਰਨ ਦਾ ਹੈ :

> ਜੋ ਮਨੁਖ ਦੀ ਅਕਲ ਅਤੇ ਬਲ ਤੋਂ ਬਾਹਰ ਹੋਵੇ ਪਰ ਸ੍ਰਿਸ਼ਟੀ ਨਿਯਮ ਦੇ ਵਿਰੁੱਧ ਨਾ ਹੋਵੇ। ਭਵਿਖਯਤ ਦਾ ਆਖਨਾ ਅਕਲ ਦੇ ਬਾਹਰ ਹੁੰਦਾ ਹੈ ਅਤੇ ਇਕ ਪਹਾੜ ਨੂੰ ਹਲਾ ਦੇਣਾ ਤਾਕਤ ਦੇ ਬਾਹਰ ਹੁੰਦਾ ਹੈ ਪਰ ਏਹਿ ਦੋਨੋਂ ਬਾਤਾਂ ਸ੍ਰਿਸ਼ਟੀ ਨਿਯਮ ਦੇ ਵਿਰੁੱਧ ਨਹੀਂ। (ਪੰਨਾ 60-61)

ਲੇਖਕ ਗੁਰੂ ਨਾਨਕ ਦੇਵ ਜੀ ਵੱਲੋਂ ਉਸ ਬਿਖੜੇ ਸਮੇਂ ਦੇਸ਼-ਦੇਸ਼ਾਂਤ੍ਰਾਂ ਵਿਚ ਘੁੰਮਣ

ਰੀਠੇ ਨੂੰ ਮਿੱਠਾ ਕਰਨ, ਪੰਜੇ ਨਾਲ ਪੱਥਰ ਨੂੰ ਰੋਕਣ ਆਦਿ ਦੀਆਂ ਘਟਨਾਵਾਂ ਨੂੰ ਕਰਾਮਾਤਾਂ ਦਾ ਦਰਜਾ ਦਿੰਦਾ ਹੈ। ਇਹ ਸਾਰੀਆਂ ਘਟਨਾਵਾਂ ਲੇਖਕ ਵੱਲੋਂ ਕਰਾਮਾਤ ਦੀ ਦੱਸੀ ਪਰਿਭਾਸ਼ਾ ਉੱਤੇ ਪੂਰੀਆਂ ਉਤਰਦੀਆਂ ਹਨ।

ਲੇਖਕ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਆਪਣੇ ਵਿਚਾਰਾਂ ਦੇ ਪ੍ਰਚਾਰ ਲਈ ਵਰਤੇ ਨਾਟਕੀ ਵਿਧੀ ਦੀ ਪ੍ਰਸ਼ੰਸਾ ਕੀਤੀ ਹੈ। ਇਸ ਵਿਧੀ ਦਾ ਜ਼ਿਕਰ ਕਰਦਿਆਂ ਉਹ ਲਿਖਦਾ ਹੈ :

> ਗੁਰੂ ਸਾਹਿਬ ਜੀ ਨੇ ਜਿਸ ਜਿਸ ਤੀਰਥ ਪਰ ਜਾ ਕੇ ਸਿਖਿਆ ਦਿਤੀ ਹੈ ਉਸ ਉਸ ਥਾਓ ਉਸ ਜਗਾ ਦੇ ਪਾਖੰਡ ਅਤੇ ਕਪੋਲ ਕਲਪਨਾ ਮਤ ਦੇ ਦੂਰ ਕਰਨ ਲਈ ਉਸ ਤੇ ਉਲਟ ਬਾਤ ਕਰਕੇ ਸਿਧ ਕਰ ਦਿਖਾਇਆ ਕੇ ਜੋ ਕੁਛ ਉਸ ਜਗਾ ਹੋ ਰਿਹਾ ਸੋ ਸਚਾ ਨਹੀਂ। ਏਹਿ ਰੇਖਾ ਗਲਤ (ਕੁਲੇਂਦਸ) ਅਥਵਾ ਨਿਆ (ਮੰਤਨ) ਦੀ ਜੁਗਤੀ ਹੈ। ਜੇਕਰ ਇਸ ਬਾਤ ਦੇ ਵਿਰੁੱਧ ਦੀ ਦੂਸਰੀ ਬਾਤ ਸਚੀ ਸਿਧ ਹੋ ਜਾਵੇ ਤਾਂ ਪਹਿਲੀ ਝੂਠੀ ਹੋ ਨਿਕਲਦੀ ਹੈ। (ਪੰਨਾ 65)

ਗੁਰੂ ਅੰਗਦ ਦੇਵ ਜੀ ਦੀਆਂ ਜੀਵਨ-ਘਟਨਾਵਾਂ ਦਾ ਵਰਨਣ ਕਰਨ ਤੋਂ ਪਹਿਲਾਂ ਲੇਖਕ ਨੇ ਵੇਰਵੇ ਸਹਿਤ ਇਹਨਾਂ ਦੋ ਗੱਲਾਂ ਬਾਰੇ ਵਿਚਾਰ ਕੀਤੀ ਹੈ :

> ਇਕ ਏਹਿ ਕੇ ਇਸ ਜਗਾ ਤੋਂ ਅੱਗੇ ਚੌਥੀ ਪਾਤਸ਼ਾਹੀ ਤੱਕ ਗੁਰੂ ਪਦਵੀ ਦੀ ਗਦੀ ਬੰਸ ਵਿਚ ਨਹੀਂ ਚੱਲੀ—ਦੂਸ੍ਰਾ ਆਦਿ ਪਾਤਸ਼ਾਹੀ ਨੇ ਦੂਸ੍ਰੀ ਅਗੇ ਨਲੇਰ ਪੈਸੇ ਰਖਕੇ ਮਥਾ ਟੇਕਿਆ ਆਖਦੇ ਹਨ। (ਪੰਨਾ 67)

ਲੇਖਕ ਦਾ ਮੱਤ ਹੈ ਕਿ ਗੁਰ-ਗੱਦੀ ਕੋਈ ਦੁਨਿਆਵੀ ਪ੍ਰਾਪਤੀ ਨਹੀਂ ਸੀ ਸਗੋਂ ਅਕਾਲ ਪੁਰਖ ਵੱਲੋਂ ਗੁਰੂ ਨਾਨਕ ਦੇਵ ਜੀ ਨੂੰ ਸੌਂਪੀ ਹੋਈ ਅਮਾਨਤ ਸੀ, ਜਿਸ ਨੂੰ ਦੁਨਿਆਵੀ ਵਿਰਸੇ ਦੀ ਵਿਰਾਸਤ ਵਾਂਗ ਵਾਰਸਾਂ ਨੂੰ ਸੌਂਪਿਆ ਜਾਣਾ ਜ਼ਰੂਰੀ ਨਹੀਂ ਸੀ। ਇਹ ਗੱਦੀ ਤਾਂ ਉਸੇ ਨੂੰ ਮਿਲਣੀ ਸੀ "ਜਿਸਨੂੰ ਅਕਾਲ ਪੁਰਖ ਉਸ ਗੱਦੀ ਦੇ ਲਾਇਕ ਕਰੇ।" (ਪੰਨਾ 70)

ਲੇਖਕ ਗੁਰੂ ਨਾਨਕ ਦੇਵ ਜੀ ਵਲੋਂ ਗੁਰੂ ਅੰਗਦ ਨੂੰ ਮੱਥਾ ਟੇਕਣ ਦੇ ਮਨੋਰਥ ਇਹ ਦੱਸਦਾ ਹੈ :

1. ਸਤਿ ਧਰਮ ਦੇ ਉਪਦੇਸ਼ ਅਤੇ ਮੁਕਤੀ ਦੀ ਗਦੀ ਜੋ ਅਕਾਲ ਪੁਰਖ ਵਲੋਂ ਦੁਨੀਆਂ ਦੇ ਬਚਾਉਣ ਵਾਸਤੇ ਸ੍ਰੀ ਸਤਿਗੁਰੂ ਜੀ ਨੂੰ ਮਿਲੀ ਅਤੇ ਸਦੀਵ ਕਾਲ ਅਮਾਨਤ ਦੀ ਤ੍ਰਾਂ ਲਾਭ ਪਹੁੰਚਾਉਂਦੀ ਜਾਣੇ ਵਾਲੀ ਹੈ—ਉਸ ਗਦੀ ਦਾ ਜਿਸਨੂੰ ਧੁਰ ਦਰਗਾਹੋਂ ਹੁਕਮ ਮਿਲੇ ਅਤੇ ਜੋ ਉਸਦੇ ਲਾਇਕ ਹੋਵੇ—ਸੋ ਨਿਮਸਕਾਰ ਦੇ ਜੋਗ ਹੈ।
2. ਜਦ ਗਦੀ ਹੋ ਗਈ ਅਤੇ ਟਿਕਾ ਹੋ ਗਿਆ ਤਾਂ ਉਸੀ ਖਿਨ ਤੇ ਸ੍ਰੀ ਗੁਰੂ ਅੰਗਦ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਰੂਪ ਹੋ ਗਏ—ਤਾਂ ਤੇ ਆਪਨੇ ਸਰੂਪ ਨੂੰ ਨਿਉਂਨਾ ਕੁਛ ਐਬ ਨਹੀਂ।
3. ਦੁਨੀਆਂ ਨੂੰ ਇਹ ਦਸਨਾ ਵਾਜਬ ਸੀ ਕਿ ਇਸ ਅਮਕੜੇ ਖਿਨ ਤੋਂ ਸ੍ਰੀ ਗੁਰੂ ਅੰਗਦ ਜੀ ਸਾਡੀ ਥਾਂ ਹਨ ਅਤੇ ਗਦੀ ਦੇ ਮਾਲਕ ਹਨ।

4. ਅਪਨੀ ਔਲਾਦ ਅਤੇ ਅਪਨੇ ਸਿੱਖਾਂ ਨੂੰ ਸੁਝਾਉਨ ਲਈ ਕੇ ਸ੍ਰੀ ਗੁਰੂ ਅੰਗਦ ਜੀ ਐਸੇ ਮੁਰਾਤਬੇ ਨੂੰ ਪਹੁੰਚੇ ਹਨ ਕੇ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਭੀ ਓਸ ਮਰਾਤਬੇ ਦੀ ਤਾਜ਼ੀਮ ਕਰਦੇ ਹਨ—ਤਾਂ ਤੇ ਓਹਨਾਂ ਨੂੰ ਭੀ ਕਰਨੀ ਚਾਹੀਏ ।
5. ਜਦ ਖ਼ੁਦ ਸਤਿਗੁਰਾਂ ਤਾਜ਼ੀਮ ਕੀਤੀ ਤਾਂ ਹੋਰ ਭੀ ਸਬ ਕਰਨਗੇ ।
6. ਮਗਰ ਸਬ ਤੇ ਵਡੀ ਬਾਤ ਏਹਿ ਸੀ ਕੇ ਜੈਸੇ ਸ੍ਰੀ ਸਤਿਗੁਰੂ ਜੀ ਨਿਮੇ ਐਸੇ ਹੀ ਅਸੀਂ ਜੀਵ ਭੀ ਇਕ ਦੂਸਰੇ ਦੇ ਚਰਨਾਂ ਤੇ (ਜੋ ਸਿਖੀ ਵਿਚ ਸਾਡੇ ਰੂਪ ਹਨ) ਨਿਮੀਏ । (ਪੰਨਾ 76-77)

ਗੁਰੂ ਅੰਗਦ ਦੇਵ ਜੀ ਦੇ ਜੀਵਨ ਵਿਚੋਂ ਵੀ ਲੇਖਕ ਨੇ ਦੋ ਵਿਵਾਦਗ੍ਰਸਤ ਘਟਨਾਵਾਂ ਨੂੰ ਹੀ ਵਿਚਾਰ ਹਿਤ ਚੁਣਿਆ ਹੈ । ਪਹਿਲੀ ਇਹ ਕਿ "ਜਨਮ ਸਾਖੀ ਏਹਿਨਾਂ ਦੇ ਸਮੇਂ ਬਨੀ ਕੇ ਨਹੀਂ " ਅਤੇ ਦੂਜੀ "ਹਮਾਯੂਨ ਦਾ ਏਹਨਾਂ ਨੂੰ ਮਿਲਨਾ" (ਪੰਨਾ 78) । ਪਹਿਲੀ ਗੱਲ ਦਾ ਨਿਰਣਾ ਕਰਨ ਲਈ ਲੇਖਕ ਨੇ ਭਾਈ ਬਾਲੇ ਵਾਲੀ ਜਨਮ ਸਾਖੀ ਵਿਚੋਂ ਇਕ ਵੱਡੀ ਟੂਕ ਉਜਰਿਤ ਕੀਤੀ ਹੈ । ਇਸ ਟੂਕ ਵਿਚ ਭਾਈ ਬਾਲੇ ਵੱਲੋਂ ਗੁਰੂ ਅੰਗਦ ਦੇਵ ਜੀ ਨੂੰ ਖਡੂਰ ਸਾਹਿਬ ਜਾ ਕੇ ਮਿਲਣ, ਗੁਰੂ ਨਾਨਕ ਦੇਵ ਜੀ ਦੇ ਨਾਲ ਆਪਣੇ ਸੰਬੰਧਾਂ ਦਾ ਬਿਆਨ ਕਰਨ, ਗੁਰੂ ਅੰਗਦ ਸਾਹਿਬ ਜੀ ਦੀ ਪ੍ਰੇਰਨਾ ਉਤੇ ਰਾਇ ਭੋਇ ਦੀ ਤਲਵੰਡੀ ਆ ਕੇ ਮਹਿਤੇ ਲਾਲੂ ਬੇਦੀ ਪਾਸੋਂ ਗੁਰੂ ਨਾਨਕ ਦੇਵ ਜੀ ਦੀ ਜਨਮ ਪੱਤ੍ਰੀ ਪ੍ਰਾਪਤ ਕਰਨ ਉਪਰੰਤ ਗੁਰੂ ਅੰਗਦ ਦੇਵ ਜੀ ਦੀ ਹਜ਼ੂਰੀ ਵਿਚ ਵਾਪਸ ਪੁੱਜਣ ਦਾ ਜ਼ਿਕਰ ਕੀਤਾ ਗਿਆ ਹੈ ।

ਭਾਈ ਬਾਲੇ ਵਾਲੀ ਜਨਮ ਸਾਖੀ ਵਿਚੋਂ ਲਈ ਗਈ ਇਹ ਟੂਕ ਅੱਸੀਂਵੇਂ ਪੰਨੇ ਤੱਕ ਫੈਲੀ ਹੋਈ ਹੈ । ਇਸ ਤੋਂ ਅੱਗੇ ਇਸ ਪੁਸਤਕ ਦੇ ਪੱਤਰੇ ਗੁੰਮ ਹਨ ਅਤੇ ਇਉਂ ਦੂਜਾ ਵਿਆਖਿਆਨ ਦੇ ਆਰੰਭ ਵਿਚ ਕੀਤੀ ਗਈ ਹੈ ।

### ਤੀਜਾ ਵਿਆਖਿਆਨ

ਪ੍ਰੋ. ਗੁਰਮੁਖ ਸਿੰਘ ਦਾ ਤੀਜਾ ਵਿਆਖਿਆਨ ਵੀ ਪੱਥਰ ਦੇ ਛਾਪੇ ਵਿਚ ਛਪੀ ਦੋ ਆਕਾਰ ਦੀ ਪੁਸਤਕ ਦੇ ਰੂਪ ਵਿਚ ਮਿਲਦਾ ਹੈ । ਪ੍ਰਾਪਤ ਰੂਪ ਵਿਚ ਇਸ ਪੁਸਤਕ ਦੇ 42 ਪੰਨੇ ਹਨ । ਅੰਤਲੇ ਪੰਨੇ ਦਾ ਪਾਠ ਇਸ ਅਧੂਰੇ ਵਾਕ ਨਾਲ ਖ਼ਤਮ ਹੁੰਦਾ ਹੈ ।" ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ..........." ਇਸ ਤੋਂ ਪਤਾ ਲੱਗਦਾ ਹੈ ਕਿ ਇਸ ਪੁਸਤਕ ਦੇ ਅਗਲੇ ਕੁੱਝ ਪੰਨੇ ਪਾਟੇ ਹੋਏ ਸਨ ।

ਇਸ ਵਿਆਖਿਆਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਜਾਣਕਾਰੀ ਪ੍ਰਸਤੁਤ ਕੀਤੀ ਗਈ ਹੈ । ਵਿਆਖਿਆਨ ਦੇ ਆਰੰਭ ਵਿਚ ਲੇਖਕ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਡਿਆਈ ਕਰਨ ਲਈ ਇਸਨੂੰ ਜਹਾਜ਼, ਸੜਕ, ਆਦਿ ਨਾਲ ਉਪਮਾਉਣ ਦੀ ਰੁਚੀ ਨੂੰ ਗਲਤ ਦੱਸਿਆ ਹੈ ।

ਗੁਰੂ ਗ੍ਰੰਥ ਸਾਹਿਬ ਦੀ ਲੋੜ ਸਿੱਧ ਕਰਨ ਲਈ ਲੇਖਕ ਦੱਸਦਾ ਹੈ ਕਿ ਇਸ ਤੋਂ ਪਹਿਲਾਂ ਰਚੇ ਗਏ ਧਰਮ ਗ੍ਰੰਥ ਇਕ ਤਾਂ ਪੁਰਾਤਨ ਬੋਲੀਆਂ ਵਿਚ ਹੋਣ ਕਰਕੇ ਵਰਤਮਾਨ ਵਿਚ ਪੜ੍ਹਦੇ ਸਮਝਣੇ ਕਠਨ ਹੋ ਗਏ ਸਨ ਅਤੇ ਦੂਜੇ ਜਾਤ-ਪਾਤ ਦੇ ਪ੍ਰਭਾਵ ਅਧੀਨ ਧਰਮ-ਗ੍ਰੰਥਾਂ ਦੀ ਵੰਡ ਵੀ ਕਰ ਲਈ ਗਈ ਸੀ । ਇਸ ਵਿਚੋਂ ਹੀ ਨਵੇਂ ਧਰਮ-ਗ੍ਰੰਥ ਦੀ ਲੋੜ ਨੇ ਜਨਮ ਲਿਆ । ਲੇਖਕ ਲਿਖਦਾ ਹੈ :

ਸਿਧਿ ਹੋਇਆ ਕਿ ਕੋਈ ਐਸਾ ਧਰਮ, ਪੁਸਤਕ ਹੋ ਜੋ ਸਮਝਨ ਨੂੰ ਸੁਖਾਲਾ ਹੋ ਅਤੇ ਜਿਸਦੇ ਅਧਿਕਾਰ ਦੀ ਹੱਦ ਸਭ ਜੀਵਾਂ ਲਈ ਇਕੋ ਜੇਹੀ ਹੋ। (ਪੰਨਾ 12)

ਇਸ ਲੋੜ ਦੀ ਪੂਰਤੀ ਗੁਰੂ ਗ੍ਰੰਥ ਸਾਹਿਬ ਦੀਆਂ ਸੰਪਾਦਨਾ ਨਾਲ ਹੋਈ। ਭਾਈ ਗੁਰਦਾਸ ਨੇ ਗੁਰੂ ਗ੍ਰੰਥ ਸਾਹਿਬ ਨੂੰ ਪੰਜਵਾਂ ਵੇਦ ਆਖਿਆ ਹੈ। ਪ੍ਰੋ. ਗੁਰਮੁਖ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਗਿਣੀਆਂ ਹਨ :

1. ਇਹ ਇਕ ਜਿਲਦ ਅਤੇ ਇਕ ਪੁਸਤਕ ਹੈ—ਇਕ ਸੰਮਤੀ ਅਤੇ ਇਕ ਉਪਦੇਸ਼-ਇਕ ਮਨਸਾ ਅਤੇ ਇਕ ਤ੍ਰੀਕਾ—ਜਿਸ ਧਰਮ ਦੇ ਮੁਖ ਗ੍ਰੰਥ ਬਹੁਤ ਹੋਣ ਉਸ ਜਗਾ ਭੀ ਗੜਬੜ ਹੋ ਜਾਂਦਾ ਹੈ.......... ਧਰਮ ਦੀ ਏਕਤਾ ਨਹੀਂ ਰਹਿੰਦੀ ਅਤੇ ਜਿੱਥੇ ਏਕਤਾ ਨਾ ਰਹੇ ਓਸ ਜਗਾਂ ਧਰਮ ਨੂੰ ਹਾਨੀ ਜ਼ਰੂਰ ਪਹੁੰਚਦੀ ਹੈ।
2. ਹਰ ਇਕ ਜਾਤੀ ਹਰ ਇਕ ਫ਼ਿਰਕੇ ਨੂੰ ਅਧਿਕਾਰ ਹੈ ਕਿ ਪੜ੍ਹੇ ਸੁਣੇ।
3. ਥੋੜੇ ਕਾਲ ਵਿਚ ਗੁਰਮੁਖੀ ਸਿਖ ਕੇ ਪੜਨਾ ਹੋ ਸਕਦਾ ਹੈ।
4. ਭਾਖਾ ਐਸੀ ਹੈ ਅਸੀਂ ਸਮਝ ਸਕਦੇ ਹਾਂ।
5. ਇਕ ਅਕਾਲ ਪੁਰਖ ਦੇ ਬਿਨਾਂ ਹੋਰ ਕਿਸੀ ਚੀਜ਼ ਦਾ ਬ੍ਰਿਤਾਂਤ ਦਰਜ ਨਹੀਂ- ਜੇ ਕਿਤੇ ਕਿਸੇ ਨਾਲ ਸੰਬਾਦ ਦੇ ਸ਼ਬਦ ਹਨ—ਯਾ ਕਿਸੇ ਨੂੰ ਉਪਦੇਸ਼ ਦੇਂਦੇ ਹਨ ਤਦ ਭੀ ਉਨਹਾਂ ਦੇ ਅੱਖਰਾਂ ਵਿਚ ਅਕਾਲ ਪੁਰਖ ਦੀ ਹੀ ਆਸ਼ਾ ਹੈ—ਜੋ ਉਸਤਤੀ ਹੈ ਸੋ ਪਰਮੇਸ਼ਰ ਦੀ ਹੈ।
6. ਓਅੰ ਦੇ ਅਗੇ ਏਕਾ ਲਗਾਣੇ ਸੇ ਓਸ ਦੇ ਅਰਥਾਂ ਵਿਚ ਜੋ ਸਰਬ ਬਿਯਾਪੀ ਪ੍ਰੇਮਸਵਰ ਸੀ ਓਸ ਦੀ ਏਕਤਾ ਕਾਇਮ ਹੋ ਗਈ—ਜੋ ਹੁਨ ਕਦੇ ਨਾ ਨਸ਼ਟ ਹੋਵੇਗੀ।
7. ............ਸਬਦ ਐਸੇ ਹਨ ਕਿ ਇਨਹਾਂ ਦੇ ਸੁਨਣੇ ਕਰਕੇ ਹੀ ਪ੍ਰਮੇਸ਼ਰ ਦੀ ਅਸਲੀਤ ਦਾ ਬੋਧ ਹੋ ਜਾਂਦਾ ਹੈ।
8. .........ਸ੍ਰੀ ਗੁਰੂ ਗ੍ਰੰਥ ਸਾਹਿਬ ਕਰ ਕੇ ਨਾ ਸਿਰਫ ਧਰਮ ਦੀ ਦਰੁਸਤੀ ਹੁੰਦੀ ਹੈ, ਬਲਕਿ ਮੁਲਕੀ ਫ਼ੈਦਾ ਬੜਾ ਹੁੰਦਾ ਹੈ ਅੱਜ ਕਲ ਦੇ ਵਿਦਵਾਨਾਂ ਦਾ ਕਥਨ ਹੈ ਕਿ ਜਿਸ ਦੇਸ ਨੂੰ ਸੁਆਰਨਾ ਹੋਵੇ ਓਸ ਦੇਸ ਦੀਆਂ ਤ੍ਰੀਮਤਾਂ ਨੂੰ ਸੁਧਾਰਚਰਨ ਰਖਣ ਵਾਲੀ ਵਿਦਿਯਾ ਕਰਕੇ ਪੂਰਣ ਕਰ ਦਿਓ ........ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਤ੍ਰੀਮਤਾਂ ਦਾ ਸੁਧਾਰ ਹੁੰਦਾ ਹੈ ਇਸ ਲਈ (ਮੰਤਿਨ ਨਾਲ) ਸ੍ਰੀ ਗੁਰੂ ਗ੍ਰੰਥ ਸਾਹਿਬ ਦੇਸ਼ ਦਾ ਸੁਧਾਰ ਕਰਦੇ ਹਨ।
9. ਭਾਖਾ ਇਸ ਵਿਚ ਇਤਨੀਆਂ ਹਨ ਕਿ ਜਿਤਨੀਆਂ ਬੋਲੀਆਂ ਹਿੰਦੁਸਤਾਨ ਵਿਚ ਸਮਝੀਆਂ ਜਾਂਦੀਆਂ ਹਨ ਸਬ ਹਨ......ਇਹਿ ਧਰਮ ਪੁਸਤਕ ਨਾ ਕੇਵਲ ਧਰਮ ਅਤੇ ਦੇਸ ਦੇ ਲਾਭਦਾਇਕ ਹੈ ਬਲਕਿ ਵਿਦਯਾ ਲਈ ਬੜਾ ਲਾਭਦਾਇਕ ਹੈ—ਇਨਾਂ ਬੋਲੀਆਂ ਦੇ ਸਮਝਨੇ ਤੇ ਹਜਾਰ ਬਰਸ ਪਿੱਛੇ ਜੋ ਬੋਲੀ ਸੀ ਉਸ ਦਾ ਪਤਾ ਲਗ ਸਕਦਾ ਹੈ—ਅਤੇ ਜਿਉਂ ਜਿਉਂ ਬੋਲੀ ਵਿਚ

ਫ਼ਰਕ ਹੁੰਦਾ ਆਇਆ ਸੋ ਦਿਸ ਪੈਂਦਾ ਹੈ—ਸੋ ਸ੍ਰੀ ਗੁਰੂ ਗ੍ਰੰਥ ਵਿਚਿ ਤਾਂ ਵਿਦਯਾ ਦੀਆਂ ਭੀ ਮਣੀਆਂ ਭਰੀਆਂ ਹਨ ।

10. ਫੇਰ ਏਸ ਵਿਚਿ ਸਭਨਾਂ ਮਤਾਂ ਦੇ ਖ਼ਿਯਾਲ ਮੌਜੂਦ ਹਨ ਕਿ ਉਨਹਾਂ ਦੇ ਕੀ ਅਸੂਲ ਹਨ ।
11. ਫੇਰ ਵਿਚਿ ਸਰਬ ਬਿਆਪੀ ਪ੍ਰਮੇਸ਼ਰ ਦਾ ਸਰੂਪ ਭੀ ਹੈ ਜੈਸੇ (ਜਲ ਥਲ ਮਹੀਅਲ ਪੂਰਿਆ ਰਵਿਆ ਵਿਚਿ ਵਣਾਂ) ਅਤੇ ਇੱਕ ਵਿਅਕਤੀ ਸਰੂਪ ਭੀ ਹੈ ਜੈਸੇ ਕਰਤਾ ਪੁਰਖ ।
12. ਜੜ ਵਿਦਿਯਾ ਦੇ ਕਈ ਸਪਸ਼ਟ ਅਸੂਲ ਹਨ ਜੈਸੇ ਜ਼ਮੀਨ ਦੇ ਹੇਠ ਜੋ ਬਲਦ ਹੈ ਉਹੁ ਕੀ ਚੀਜ਼ ਹੈ । ਅਕਾਸ਼ ਪਤਾਲ ਕਿਤਨੇ ਹਨ ਇਤਿਆਦੀ—ਇਸ ਤੋਂ ਇਹ ਮਤਲਬ ਨਹੀਂ ਕਿ ਇਨ੍ਹਾਂ ਅਸੂਲਾਂ ਲਈ ਸਬਦ ਉਚਾਰਣ ਹੋਏ ਕਿਉਂਕਿ ਇਹ ਕੋਈ ਜੜ ਵਿਦਯਾ ਦੇ ਅਸੂਲਾਂ ਦਾ ਗ੍ਰੰਥ ਤਾਂ ਹੈ ਈ ਨਹੀਂ ਸਿਰਫ ਕਈ ਜੜ ਵਿਦਯਾ ਦੇ ਭੀ ਸ਼ਬਦ ਬਾਣੀ ਵਿਚ ਕਈ ਜਗਾ ਆ ਗਏ ਹਨ—ਇਹੀ ਵਾਧਾ ਹੈ ਕਿ ਜੋ ਇਤਫਾਕ ਨਾਲ ਸ਼ਬਦ ਆਏ ਸੋ ਭੀ ਅਸੂਲ ਨੂੰ ਸਾਬਤ ਕਰਦੇ ਹਨ ।
13. ਫੇਰ ਇਹਿ ਕਿ ਬਾਣੀ ਗੁਰਾਂ ਦੇ ਮੁਖਾਰਬਿੰਦ ਥੀਂ ਉਚਾਰਨ ਹੋਈ ਸੋ ਅਕਾਲ ਪੁਰਖ ਦੀ ਆਗਿਆ ਨਾਲ ਹੋਈ ਜੈਸੇ ਤਲੰਗ ਰਾਗ ਵਿਚਿ ਲਿਖਿਆ ਹੈ ਕਿ ਜੈਸੀ ਆਵੈ ਖਸਮ ਕੀ ਬਾਣੀ ਤੈਸੜਾ ਕਰੀ । (ਪੰਨਾ 14 ਤੋਂ 20)

ਪ੍ਰੋ. ਗੁਰਮੁਖ ਸਿੰਘ ਇਸ ਦੋਸ਼ ਦਾ ਖੰਡਨ ਕਰਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਰਨਾ ਬੁੱਤ ਪੂਜਾ ਬਰਾਬਰ ਹੈ । ਉਹਨਾਂ ਦੇ ਮੱਤ ਅਨੁਸਾਰ ਗੁਰੂ ਗ੍ਰੰਥ ਸਾਹਿਬ ਗੁਰੂ ਸਾਹਿਬਾਨ ਦੀ ਆਤਮਾ ਦਾ ਸਰੂਪ ਹੈ, ਇਸ ਲਈ ਇਸਦੇ ਸਤਿਕਾਰ ਨੂੰ ਬੁੱਤ ਪੂਜਾ ਨਾਲ ਤੁੱਲਣਾ ਨਹੀਂ ਦਿਤੀ ਜਾ ਸਕਦੀ । ਉਹ ਲਿਖਦੇ ਹਨ :

> ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰਾਂ ਦਾ ਆਤਮਾ ਰੂਪ ਹੈ—ਜੇ ਅਸਾਂ ਗੁਰਾਂ ਦੇ ਅੰਮ੍ਰਿਤ ਰੂਪੀ ਬਚਨ ਸੁਨਨੇ ਹੋਨ ਅਥਵਾ ਧਰਮ ਸਿਖਯਾ ਲੈਣੀ ਹੋਵੇ—ਅਥਵਾ ਕਿਸੀ ਮਜ਼ਹਬੀ ਬਾਤ ਬਾਬਤ ਗੁਰਾਂ ਦੀ ਸੰਮਤੀ ਲੈਨੀ ਹੋਵੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਹਾਸਲ ਕਰਾਂਗੇ—ਅਤੇ ਉਨਹਾਂ ਦਾ ਆਤਮਾ ਰੂਪ ਜਾਨ ਕੇ ਆਦਰ ਕਰਨਾ ਬਣਦਾ ਹੈ—ਅਤੇ ਉਨਹਾਂ ਦੀ ਜਗਾ ਜਾਨ ਕਰਕੇ ਸੀਸ ਨਿਵਾਉਣਾ ਪੈਂਦਾ ਹੈ । (ਪੰਨਾ 24)

ਲੇਖਕ ਦੱਸਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿੱਖ ਗੁਰੂ-ਸਾਹਿਬਾਨ ਤੋਂ ਬਿਨਾਂ ਭਗਤਾਂ, ਭੱਟਾਂ ਆਦਿ ਦੀ ਬਾਣੀ ਵੀ ਸ਼ਾਮਲ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾਉਣ ਲਈ ਬਾਣੀ ਦੀ ਚੋਣ ਕਰਨ ਲਈ ਇਸਦੇ ਸੰਪਾਦਕ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਵਰਤੀ ਗਈ ਕਸੌਟੀ ਦੀ ਚਰਚਾ ਕਰਦਿਆਂ ਲੇਖਕ ਲਿਖਦਾ ਹੈ :

> ਪੰਜਵੀਂ ਪਾਦਸ਼ਾਹੀ ਜੀ ਨੇ ਬਾਣੀ ਚੜ੍ਹਾਉਣ ਦੇ ਧੂਵੇ ਬੰਨੇ ਹੋਏ ਸੇ—ਜੋ ਉਨਹਾਂ ਦੇ ਅਨੁਸਾਰ ਹੋ ਸੋ ਬਾਣੀ ਚੜ੍ਹੇ—ਜੈਸੇ ਬਾਣੀ ਉਚਾਰਨੇ ਵਾਲਾ ਪੂਰਾ ਸਤਿ ਪੁਰਸ ਹੋ—ਭੱਟ ਹੋ—ਰਬਾਬੀ ਹੋ—ਮੁਸਲਮਾਨ ਦੇ ਜਾਮੇ ਵਿਚਿ

> ਹੈ—ਬ੍ਰਾਹਮਣ ਦੇ ਜਾਮੇ ਵਿਚਿ ਹੋਣ ਦੂਸਰਾ ਉਹੁ ਸਤਿਪੁਰਸ਼ ਭਗਤੀ ਅੰਗ ਵਿਚਿ ਬਾਣੀ ਉਚਾਰੇ—ਅਪਨੇ ਆਪ ਨੂੰ ਪ੍ਰਮੇਸਰ ਨਾ ਕਹੇ ਬਲਕਿ ਪ੍ਰਮੇਸਰ ਦਾ ਕੀਤਾ ਹੋਇਆ ਅਤੇ ਉਸਦਾ ਬੰਦਾ ਆਪੁਨੇ ਆਪੂ ਨੂੰ ਮੰਨੇ। (ਪੰਨਾ 42)

ਲੇਖਕ ਨੇ ਗੁਰੂ ਗ੍ਰੰਥ ਵਿਚ ਆਉਂਦੇ ਰਾਗਾਂ ਦੀ ਸੂਚੀ ਵੀ ਦਿੱਤੀ ਹੈ।

**ਲਾਸਾਨੀ ਕਰਾਮਾਤ**

'ਲਾਸਾਨੀ ਕਰਾਮਾਤ' ਪ੍ਰੋ. ਗੁਰਮੁਖ ਸਿੰਘ ਰਚਿਤ ਇਕ ਨਿਬੰਧ ਹੈ ਜੋ ਲੇਖਕ ਵਲੋਂ ਆਪ ਹੀ 1895 ਈਸਵੀਂ ਵਿਚ ਪੁਸਤਕ ਪ੍ਰਕਾਸ਼ਿਤ ਕੀਤਾ ਗਿਆ। ਪੁਸਤਕ ਦਾ ਆਮ ਮੈਟਰ 12 ਪੁਆਇੰਟ ਵਿਚ ਛਾਪਿਆ ਗਿਆ ਹੈ। ਪਰ ਸੁਰਖੀਆਂ 24 ਪੁਆਇੰਟ ਦੇ ਟਾਈਪ ਵਿਚ ਦਿੱਤੀਆਂ ਗਈਆਂ ਹਨ। ਪੁਸਤਕ ਦੇ ਕੁੱਲ 14 ਪੰਨੇ ਹਨ।

ਇਸ ਨਿਬੰਧ ਵਿਚ ਲੇਖਕ ਨੇ ਆਤਮਕ ਅਤੇ ਇਖ਼ਲਾਕੀ ਤੌਰ ਉਤੇ ਨਿਕਾਰਾ ਹੋ ਚੁੱਕੇ ਭਾਰਤੀਆਂ ਵਿਚੋਂ ਗੁਰੂ ਗੋਬਿੰਦ ਸਿੰਘ ਦੁਆਰਾ ਬਲਵਾਨ ਆਤਮਾ ਅਤੇ ਉਚ-ਇਖ਼ਲਾਕੀ ਕਦਰਾਂ ਕੀਮਤਾਂ ਦੀ ਪੈਰਵੀ ਕਰਨ ਵਾਲੇ ਖ਼ਾਲਸਾ ਪੰਥ ਦੀ ਸਿਰਜਨਾ ਕਰਨ ਨੂੰ ਗੁਰੂ ਜੀ ਦੀ ਲਾਸਾਨੀ ਕਰਾਮਾਤ ਆਖਿਆ ਹੈ।

ਲੇਖਕ ਦਾ ਵਿਚਾਰ ਹੈ ਕਿ "ਵਿਦਿਆ ਰੂਪੀ ਪ੍ਰੀਖਿਆ ਦੀ ਛਾਨਣੀ ਨਾਲ ਕਰਾਮਾਤਾਂ ਦਾ ਸੱਚ ਝੂਠ ਪਰਖਣ ਦੇ ਸਮਰੱਥ ਹੋ ਕੇ ਮਨੁੱਖ ਨੇ ਅਨੇਕਾਂ ਕਰਾਮਾਤਾਂ ਨੂੰ ਗਪੌੜ ਸਿੱਧ ਕਰ ਦਿੱਤਾ ਹੈ ਪਰ ਗੁਰੂ ਗੋਬਿੰਦ ਸਿੰਘ ਦੁਆਰਾ ਕੀਤੀ ਗਈ ਕਰਾਮਾਤ ਅਜਿਹੀ ਹੈ ਜੋ ਇਸ ਕਸਵੱਟੀ ਉਤੇ ਖਰੀ ਉੱਤਰੀ ਹੈ।"

ਪ੍ਰੋ. ਗੁਰਮੁਖ ਸਿੰਘ ਦੇ ਮੱਤ ਅਨੁਸਾਰ ਪੁਰਾਤਨ ਭਾਰਤੀ ਗੌਰਵ ਦੇ ਨਸ਼ਟ ਹੋਣ ਦਾ ਕਾਰਨ ਇਹ ਸੀ ਕਿ ਜੋਧਾ ਜਾਤੀ ਪੁਜਾਰੀ ਜਾਤੀ ਦੇ ਅਧੀਨ ਹੋ ਗਈ। ਇਸ ਸਮੇਂ ਧਾੜਵੀਆਂ ਨੇ ਹਿੰਦੁਸਤਾਨ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ। ਪੰਦਰਵੀਂ ਸਦੀ ਤੱਕ ਹਿੰਦੁਸਤਾਨ ਹਰ ਖੇਤਰ ਵਿਚ ਪੂਰੀ ਤਰ੍ਹਾਂ ਗਿਰਾਵਟ ਵਿਚ ਡਿੱਗ ਚੁੱਕਾ ਸੀ। ਇਸ ਸਮੇਂ ਹੀ ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਛੋਹੇ ਕਾਰਜ ਨੂੰ ਅਗਲੇ ਗੁਰੂ ਸਾਹਿਬਾਨ ਸਿਖਰ ਵੱਲ ਲੈ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦਾ ਪਾਹੁਲ ਛਕਾ ਕੇ ਨਵੀਂ ਕੌਮ ਸਿਰਜਨ ਦੇ ਕਾਰਜ ਨੂੰ ਸੰਪੂਰਨ ਕੀਤਾ। ਅੰਮ੍ਰਿਤ ਛਕਣ ਉਪਰੰਤ ਪ੍ਰਾਣੀ ਵਿਚ ਆਉਣ ਵਾਲੀ ਤਬਦੀਲੀ ਦਾ ਜ਼ਿਕਰ ਕਰਦਿਆਂ ਪ੍ਰੋ. ਗੁਰਮੁਖ ਸਿੰਘ ਲਿਖਦੇ ਹਨ :

> ਜਲ ਅਤੇ ਮਿੱਠੇ ਵਿਚ ਖੰਡਾਂ ਫੇਰਿਆਂ ਇਕ ਤਾਕਤ ਪੈਦਾ ਹੋ ਜਾਂਦੀ ਹੈ ਪਰ ਇਹ ਜੜ੍ਹ ਅਥਵਾ ਮਾਦੀ ਤਾਕਤ ਹੁੰਦੀ ਹੈ। ਗੁਰ-ਮੰਤ੍ਰ ਉਸ ਵਿਚ ਰੂਹਾਨੀ ਤਾਕਤ ਪਾ ਦਿੰਦਾ ਹੈ ਅਤੇ ਆਤਮਾ ਜੜ ਦੇ ਮਿਲਨੇ ਤੇ ਇਕ ਅਸਚਰਜ ਚੀਜ ਪੈਦਾ ਹੁਦੀ ਹੈ। ਫੇਰ ਆਪ ਇਸ ਅਸਚਰਜ ਵਸਤੂ ਨੂੰ ਜਦ ਕੇਸਾਂ ਅਤੇ ਸਰੀਰ ਪਰ ਵਰਤ ਕੇ ਮਨੁੱਖ ਨੂੰ ਅਮ੍ਰਿਤ ਛਕਾਉਂਦੇ ਹੋ ਤਾਂ ਉਹ ਹੋਰ ਦਾ ਹੋਰ ਹੀ ਹੋ ਜਾਂਦਾ ਹੈ। ਉਸਦੀ ਜ਼ਿੰਦਗੀ ਪਲਟ ਜਾਂਦੀ ਹੈ। ਮਾਨਸ ਦਾ ਨਮਾ ਜਨਮ ਹੋ ਜਾਂਦਾ ਹੈ। ਜੈਸੇ ਰਸੈਣ ਵਿਦਯਾ ਵਿਚ ਕਈ ਵਸਤਾਂ ਦੇ ਮਿਲਨੇ ਤੇ ਇਕ ਨਮੀ ਚੀਜ਼ ਪੈਦਾ ਹੁਦੀ ਹੈ ਐਸੇ ਹੀ ਪੌਹਲ ਨੂੰ ਛਕ ਕੇ

ਮਾਨੁਖ ਦਾ ਭੀ ਹੋਰ ਹੀ ਸਰੂਪ ਹੋ ਜਾਂਦਾ ਹੈ। ਇਸੇ ਵਾਸਤੇ ਇਸ ਦਾ ਨਾਉ ਅਮ੍ਰਿਤ ਰਖਿਆ ਹੈ ਕਿਉਂਕੇ ਇਸ ਨੂੰ ਛਕ ਕੇ ਮੁਰਦੇ ਜਿੰਦਾ ਹੋ ਜਾਂਦੇ ਹਨ।" (ਪੰਨਾ 7—8)

ਅਭਿਮਾਨੀ ਪਹਾੜੀ ਰਾਜਿਆਂ ਅਤੇ ਹੋਰ ਜਾਗੀਰਦਾਰਾਂ ਨੂੰ ਅੰਮ੍ਰਿਤ ਦੀ ਸਮਰੱਥਾ ਵਿਚ ਵਿਸ਼ਵਾਸ ਨਹੀਂ ਸੀ, ਪਰ ਸਮਾਂ ਬੀਤਣ ਨਾਲ ਸਿੱਧ ਹੋ ਗਿਆ ਕਿ ਉਹਨਾਂ ਦੇ ਸ਼ੰਕੇ ਨਿਰਮੂਲ ਸਨ। ਅੰਮ੍ਰਿਤ ਦੀ ਕਰਾਮਾਤ ਬਿਆਨ ਕਰਦਿਆਂ ਪ੍ਰੋ. ਗੁਰਮੁਖ ਸਿੰਘ ਲਿਖਦੇ ਹਨ :

ਉਹ ਮੁਰਦਾ ਲੋਕ ਜੋ ਦੁਸਮਨ ਦੇ ਪਰਛਾਵੇਂ ਆਏ ਡਰ ਕੇ ਭੱਜ ਨਿਕਲਦੇ ਸੇ, ਓਹੀ ਕੈਸੇ ਬਹਾਦਰ ਹੋ ਨਿਕਲੇ। ਓਹ ਹਿੰਦੂ ਜਾਤੀ ਜੋ ਦੁਨੀਆਂ ਵਿਚ ਮਖੌਲ ਬਨ ਗਈ ਸੀ ਅਤੇ ਹਿਕਾਰਤ ਨਾਲ ਦੇਖੀ ਜਾਂਦੀ ਸੀ, ਜਦ ਪਾਹੁਲ ਲੈ ਕੇ ਖ਼ਾਲਸੇ ਦੇ ਰੂਪ ਵਿਚ ਆਈ, ਦੁਨੀਆਂ ਦੀ ਤਾਰੀਫ਼ ਦੇ ਲੈਕ ਹੋ ਗਈ ਅਤੇ ਸਬ ਜਗਾ ਇਜ਼ਤ ਪਾਉਨ ਲਗ ਪਈ। ਜੋ ਮੁਰਦੇ ਸੇ, ਜ਼ਿੰਦਾ ਹੋਏ, ਜੋ ਚਿਥੜੇ ਗਏ ਸੇ, ਸੋ ਮਜ਼ਬੂਤ ਹੋ ਖਲੋਤੇ; ਜੋ ਨਾਚੀਜ਼ ਥੇ, ਸੋ ਸਬ ਤੋਂ ਚੰਗੀ ਚੀਜ਼ ਹੋ ਗਏ ਅਤੇ ਜੋ ਹਕੀਰ ਸੇ, ਸੋ ਸਰਦਾਰ ਅਤੇ ਕਬੀਰ ਬਨੇ। (ਪੰਨਾ 9)

ਦਸ਼ਮ ਪਾਤਸ਼ਾਹ ਨੇ ਅੰਮ੍ਰਿਤ ਛਕਾਉਣ ਵੇਲੇ ਕਿਹਾ ਸੀ :

ਚਿੜੀਆਂ ਕੋਲੋਂ ਬਾਜ ਤੁੜਾਊਂ।
ਤਬੀ ਗੁਬਿੰਦ ਸਿੰਘ ਨਾਮ ਸਦਾਉਂ। (ਪੰਨਾ 9)

ਅਤੇ

ਸਵਾ ਲਾਖ ਜਿਉਂ ਏਕ ਲੜਾਊਂ।
ਤਬੀ ਗੁਬਿੰਦ ਸਿੰਘ ਨਾਮ ਸਦਾਉਂ।

ਬੀਤੇ ਇਤਿਹਾਸ ਨੇ ਇਸ ਕਥਨ ਨੂੰ ਅੱਖਰ ਅੱਖਰ ਸੱਚਾ ਸਿੱਧ ਕਰ ਦਿੱਤਾ ਹੈ। ਲੇਖਕ ਨੇ ਇਸ ਦੀ ਪੁਸ਼ਟੀ ਵੱਜੋਂ ਸਰ ਲੈਪਲ ਗ੍ਰਿਫਨ, ਕਪਤਾਨ ਕੰਰ ਊਥਰ, ਕਰਨਲ ਮੈਲੀਸਨ ਆਦਿ ਵਿਦਵਾਨਾਂ ਦੀਆਂ ਰਾਵਾਂ ਦੇ ਨਾਲ ਨਾਲ ਪਾਇਨੀਅਰ ਅਖ਼ਬਾਰ ਦੀਆਂ ਲਿਖਤਾਂ ਵਿਚੋਂ ਵੀ ਹਵਾਲੇ ਦਿੱਤੇ ਹਨ।

ਲੇਖ ਦੇ ਅੰਤ ਵਿਚ ਲੇਖਕ ਪ੍ਰੇਰਨਾ ਕਰਦਾ ਹੈ ਕਿ ਜਿਸ ਖ਼ਾਲਸਾ ਪੰਥ ਦੀ ਸਿਰਜਨਾ ਲਈ ਗੁਰੂ ਸਾਹਿਬਾਨ ਨੇ ਅਣਗਿਣਤ ਕਸ਼ਟ ਜਰੇ ਅਤੇ ਸਿੰਘ ਭਾਈ ਆਪਣੀਆਂ ਜਾਨਾਂ ਉਤੇ ਖੇਲ ਕੇ ਉਸ ਨੂੰ ਅਤਿਅੰਤ ਸ਼ੋਭਨੀਕ ਪੱਧਰ ਉਤੇ ਲੈ ਗਏ, ਉਸ ਦੇ ਪੈਰੋਕਾਰ ਖ਼ਾਲਸਾ ਭਰਾਵਾਂ ਨੂੰ ਖ਼ਬਰਦਾਰ ਰਹਿਣਾ ਚਾਹੀਦਾ ਹੈ ਕਿ ਉਹ ਕਿਤੇ ਕੋਈ ਅਜਿਹਾ ਕੰਮ ਨਾ ਕਰ ਬੈਠਣ, ਜਿਸ ਨਾਲ ਇਸ ਧਰਮ ਨੂੰ ਕਿਸੇ ਕਿਸਮ ਦੀ ਆਂਚ ਆਵੇ।

## ਫੁਟਕਲ ਰਚਨਾਵਾਂ

ਪ੍ਰੋ. ਗੁਰਮੁਖ ਸਿੰਘ ਦੀਆਂ ਉਪਰ-ਵਰਣਿਤ ਵਾਰਤਕ ਰਚਨਾਵਾਂ ਤੋਂ ਬਿਨਾ ਉਹਨਾਂ ਦੁਆਰਾ ਰਚੀ ਗਈ ਵਾਰਤਕ ਵੀ ਮਿਲਦੀ ਹੈ, ਜੋ ਅਖ਼ਬਾਰੀ ਨਿਬੰਧਾਂ, ਭੂਮਿਕਾਵਾਂ ਆਦਿ ਦੇ ਰੂਪ ਵਿਚ ਹੈ, ਉਹਨਾਂ ਦੁਆਰਾ ਕਵਿਤਾ ਰਚੇ ਜਾਣ ਬਾਰੇ ਵੀ ਜਾਣਕਾਰੀ ਮਿਲਦੀ ਹੈ।

ਪ੍ਰੋ. ਗੁਰਮੁਖ ਸਿੰਘ ਨੇ ਸ੍ਰੀ ਗੁਰੂ ਸਿੰਘ ਸਭਾ ਲਹਿਰ ਦੇ ਪਰਚਾਰ ਲਈ ਪਹਿਲਾਂ

'ਗੁਰਮੁਖੀ' ਨਾਉਂ ਦਾ ਸਪਤਾਹਕ ਅਖ਼ਬਾਰ ਸ਼ੁਰੂ ਕੀਤਾ ਅਤੇ ਫੇਰ 'ਖ਼ਾਲਸਾ ਅਖ਼ਬਾਰ'। ਇਹਨਾਂ ਅਖ਼ਬਾਰਾਂ ਵਿਚ ਸਮੇਂ ਸਮੇਂ ਉਹਨਾਂ ਦੇ ਲੇਖ ਛਪਦੇ ਰਹਿੰਦੇ ਸਨ ਭਾਵੇਂ ਇਹਨਾਂ ਅਖ਼ਬਾਰਾਂ ਦੇ ਉਸ ਸਮੇਂ ਅੰਕਾਂ ਦੀ ਅਣਉਪਲਬਧੀ ਕਾਰਨ ਅਜਿਹੀਆਂ ਰਚਨਾਵਾਂ ਦਾ ਬਿਉਰਾ ਤਿਆਰ ਕਰ ਸਕਣਾ ਅਸੰਭਵ ਹੈ। 'ਪੰਜਾ ਸਾਹਿਬ' ਬਾਰੇ ਆਪਣਾ ਇਕ ਲੇਖ 'ਗੁਰਮੁਖੀ' ਅਖ਼ਬਾਰ ਵਿਚ ਛਪਣ ਬਾਰੇ ਸੂਚਨਾ ਦਿੰਦਿਆਂ ਪ੍ਰੋ. ਗੁਰਮੁਖ ਸਿੰਘ ਨੇ ਲਿਖਿਆ ਹੈ :

> ਮੈਂ ਏਸ ਗੁਰਦੁਆਰੇ ਦੀ ਬਾਬਤ ਪਹਿਲੇ ਗੁਰਮੁਖੀ ਅਖ਼ਬਾਰ ਵਿਚ ਛਾਪ ਚੁੱਕਾ ਹਾਂ ਏਸ ਲਈ ਬਹੁਤ ਵਿਸਥਾਰ ਨਾਲ ਨਹੀਂ ਆਖਦਾ।[7]

ਪ੍ਰੋ. ਗੁਰਮੁਖ ਸਿੰਘ ਰਚਿਤ ਇਕ ਹੋਰ ਨਿਬੰਧ 'ਮਾਨਵਰ ਸ਼ਹੀਦੀ ਅਰਥਾਤ ਕੈਸਰ ਹਿੰਦ ਦੀ ਰਣ ਵਿਚ ਨਿਮਕ ਹਲਾਲੀ ਦੀ ਸ਼ਰਤ ਪੂਰੀ ਕਰਨ ਵਿਚ ਯਸਦਾਇਕ ਮ੍ਰਿਤੂ" ਖ਼ਾਲਸਾ ਅਖ਼ਬਾਰ ਦੇ 3 ਦਸੰਬਰ, 1897 ਈਸਵੀ ਵਾਲੇ ਅੰਕ ਵਿਚ ਪ੍ਰਕਾਸ਼ਿਤ ਹੋਇਆ ਮਿਲਦਾ ਹੈ। ਇਸ ਲੇਖ ਵਿਚ ਉਹਨਾਂ ਨੇ ਸਾਰਾਗੜ੍ਹੀ ਦੇ ਸਥਾਨ ਉਤੇ ਬਹਾਦਰੀ ਨਾਲ ਲੜਦਿਆਂ ਸ਼ਹੀਦ ਹੋਣ ਵਾਲੇ ਸਿੱਖ ਫ਼ੌਜੀਆਂ ਦੀ ਵਡਿਆਈ ਕਰ ਕੇ ਇਹਨਾਂ ਦੀ ਯਾਦਗਾਰ ਕਾਇਮ ਕਰਨ ਸੰਬੰਧੀ ਕੀਤੇ ਜਾ ਰਹੇ ਸਰਕਾਰੀ ਅਤੇ ਗ਼ੈਰ-ਸਰਕਾਰੀ ਉਪਰਾਲਿਆਂ ਨੂੰ ਸੇਧ ਦੇਣ ਲਈ ਕੁੱਝ ਸੁਝਾ ਦਿਤੇ ਹਨ। ਲੇਖਕ ਅਨੁਸਾਰ ਅਜਿਹਾ ਕਰਕੇ ਜਿੱਥੇ "ਖ਼ਾਲਸੇ ਨੇ ਸਿਰਫ਼ ਜੰਗ-ਭੂਮੀ ਵਿਚ ਹੀ ਨਾਮਵਰੀ ਅਤੇ ਕੀਰਤੀ ਨਹੀਂ ਹਾਸਲ ਕੀਤੀ। ਇਸਨੇ ਜੈਸੇ ਗੁਰੂ ਜੀ ਦਾ ਹੁਕਮ ਹੈ, ਆਪਨੀ ਜੰਗੀ ਟਹਿਲ ਪੂਰੀ ਕਰ ਦਿਖਾਈ ਅਤੇ ਸਪਾਹਗਿਰੀ ਦਾ ਨਾਮ ਅਤੇ ਅਪਨੇ ਅਫ਼ਸਰਾਂ ਦੀ ਇੱਜ਼ਤ ਰੱਖ ਦਿਖਾਈ। ਸਿਰਫ਼ ਅਪਨੇ ਕਮਾਨੀਅਰ ਦੀ ਬੋਲੀ ਪਰ ਕੈਸਰ ਹਿੰਦ ਦੀ ਖ਼ਾਤ੍ਰ ਆਪਨੀਆਂ ਜਾਨਾਂ ਦੇ ਦਿੱਤੀਆਂ ਅਤੇ ਗਵਰਨਮਿੰਟ ਦੀ ਤੇਗ਼ ਦੇ ਨਾਉਂ ਨੂੰ ਕਾਇਮ ਰੱਖਨ ਲਈ ਧੀਰਜ ਅਤੇ ਹੌਸਲੇ ਨਾਲ ਆਪਨੀ ਜਗ੍ਹਾ ਪਰ ਹੀ ਖੜੇ ਵੱਡੀ ਖ਼ੁਸ਼ੀ ਨਾਲ ਅਪਨੀਆਂ ਜਾਨਾਂ ਦੇਨ ਵਿਚ ਪੂਰਾ ਫ਼ਰਜ਼ ਅਦਾ ਕਰ ਦਿੱਤਾ, ਉਥੇ "ਬ੍ਰਿਟਨ ਭਾਈਆਂ ਨੂੰ ਹਮਦਰਦੀ ਦਾ ਜੋਸ਼ ਪੈਦਾ ਹੋਇਆ, ਜਿਸ ਜੋਸ਼ ਨਾਲ ਇਨ੍ਹਾਂ ਚਾਹਿਆ ਕਿ ਓਨ੍ਹਾਂ ਸ਼ਹੀਦਾਂ ਦੀ ਉਮਦਾ ਅਤੇ ਦਾਇਮ ਯਾਦਗਾਰ ਬਣਾਈ ਜਾਵੇ। ਬ੍ਰਿਟਨ ਲੋਕਾਂ ਦਾ ਜੋਸ਼ ਅਤੇ ਹੌਸਲਾ ਇਸ ਕੰਮ ਵਿਚ ਐਸਾ ਹੈ ਜੈਸੇ ਸਕੇ ਭਰਾਵਾਂ ਦਾ ਹੁੰਦਾ ਹੈ।"

ਪ੍ਰੋ. ਗੁਰਮੁਖ ਸਿੰਘ ਨੇ ਕੁਝ ਪੁਸਤਕਾਂ ਦੀਆਂ ਭੂਮਿਕਾਵਾਂ ਵੀ ਲਿਖੀਆਂ ਹਨ। ਉਹਨਾਂ 'ਸਵਈਏ ਸ੍ਰੀ ਮੁਖ ਵਾਕ' ਨੂੰ ਇਕ ਪੁਸਤਕ ਦੇ ਰੂਪ ਵਿਚ ਸੰਪਾਦਤ ਕੀਤਾ ਅਤੇ ਇਸਦੇ ਆਰੰਭ ਵਿਚ ਗੁਰਮੁਖੀ ਸਿੱਖਣ ਦੀ ਲੋੜ ਉਤੇ ਜ਼ੋਰ ਦੇਣ ਲਈ ਭੂਮਿਕਾ ਲਿਖੀ।[8] ਇਸੇ ਪ੍ਰਕਾਰ ਉਹਨਾਂ ਨੇ ਮਿਸਟਰ ਐਮ. ਮੈਕਾਲਿਫ਼ ਦੁਆਰਾ ਸੰਪਾਦਤ "ਹਾਫ਼ਜ਼ਾਬਾਦ ਵਾਲੀ ਜਨਮਸਾਖੀ" ਦੀ ਭੂਮਿਕਾ ਵੀ ਲਿਖੀ। ਇਸ ਵਿਚ ਲੇਖਕ ਨੇ ਇਸ ਜਨਮਸਾਖੀ ਦੀ ਪ੍ਰਾਪਤੀ ਤੋਂ ਪਹਿਲਾਂ ਮਿਲਦੀਆਂ ਜਨਮਸਾਖੀਆਂ ਦਾ ਵੇਰਵਾ ਦਿੱਤਾ ਹੈ। ਉਪਰੰਤ ਇਸ ਜਨਮਸਾਖੀ ਦੇ ਖਰੜੇ ਦੇ ਮਿਲਣ ਦੀ ਕਹਾਣੀ ਅਤੇ ਇਸਦੀ ਸੰਪਾਦਨਾ ਹਿਤ ਵਰਤੀ ਗਈ ਵਿਧੀ ਬਿਆਨ ਕੀਤੀ ਹੈ। ਸੰਪਾਦਨ-ਵਿਧੀ ਦੀ ਸ਼ਲਾਘਾ ਕਰਦਿਆਂ ਲੇਖਕ ਲਿਖਦਾ ਹੈ :

> ਅੱਜ ਤੱਕ ਸਾਡੇ ਵਿਚ ਗ੍ਰੰਥਾਂ ਦੇ ਲਿਖਨ ਦਾ ਜੋ ਤਰੀਕਾ ਹੈ ਸੋ ਐਸਾ ਨਹੀਂ ਜਿਸ ਤੇ ਹਰ ਇਕ ਸ਼ਖ਼ਸ ਅਸਾਨੀ ਨਾਲ ਕਿਸੇ ਗ੍ਰੰਥ ਨੂੰ ਪੜ੍ਹ ਸਕੇ,

ਕਿਉਂਕਿ ਅੱਖਰ ਇਕ ਦੂਸਰੇ ਨਾਲ ਮਿਲੇ ਹੂਏ ਹੋਂਦੇ ਹਨ, ਜਿਸ ਸੇ ਪਾਠਕ ਨੂੰ ਏਹ ਨਹੀਂ ਮਾਲੂਮ ਹੁੰਦਾ ਕਿ ਕੇਹੜਾ ਅੱਖਰ ਅੱਗੇ ਪਿੱਛੇ ਕਰਕੇ ਪੜ੍ਹਨਾ ਹੈ। ਔਰ ਵਾਰਤਿਕ ਕਥਨ ਨੂੰ ਕਵਤਾ ਦੇ ਨਾਲ ਹੀ ਰਲਾ ਕੇ ਲਿਖ ਦੇਂਦੇ ਹੈਨ, ਔਰ ਜਿਸ ਜਗਾ ਪ੍ਰਸੰਗ ਮੁਕੇ, ਉਸ ਜਗਾ ਤੋਂ ਸਤਰ ਛੱਡਦੇ ਹੀ ਨਹੀਂ, ਪਰ ਜਿੱਥੇ ਕੋਈ ਪੂਰਨ ਬਿਸ੍ਰਾਮ ਹੋਵੇ, ਉਸ ਜਗਾ ਭੀ ਨਹੀਂ ਛਡਦੇ। ਇਸ ਬਾਤ ਦੀ ਖ਼ਬਰ ਨਹੀਂ ਕਿ ਸਤਰ ਕਿੱਥੋਂ ਲਿਖਨੀ ਪ੍ਰਾਰੰਭ ਕਰਨੀ ਅਤੇ ਕਿੱਥੇ ਛਡਨੀ ਹੈ, ਔਰ ਕਹਾਂ ਕਹਾਂ ਲਘੁ ਬਿਰਾਮ ਔਰ ਦੀਰਘ ਬਿਰਾਮ ਤਥਾ ਪ੍ਰਸ਼ਨ, ਆਸਚਰਯ ਆਦਿਕ ਚਿਨ ਦੇਨੇ ਹੈਂ। ਅੱਜ ਕੱਲ ਲਿਖਨ ਦੇ ਕਾਇਦੇ ਨਿਹਾਇਤ ਉਮਦਾ ਪੈਦਾ ਹੋਏ ਹਨ ਪਰ ਸਾਡੇ ਵਿਚ ਬਹੁਤ ਘੱਟ ਲੋਕ ਹਨ ਜੋ ਇਨ ਸੇ ਵਾਕਿਫ਼ ਹਨ। ਸੋ ਸਾਹਬ ਏਨਾਂ ਬਾਤਾਂ ਦੇ ਉਸਤਾਦ ਹੈਂ, ਇਨ੍ਹਾਂ ਨੇ ਇਸ ਜਨਮਸਾਖੀ ਨੂੰ ਨਵੀਨ ਰੀਤੀ ਸੇ ਲਿਖ ਕਰ ਛਪਵਾਯਾ ਹੈ। ਇਸਦੇ ਪੜ੍ਹਨ ਵਿਚ ਜੋ ਸੁਗਮਤਾ ਹੈ, ਸੋ ਆਪੇ ਪਈ ਦਿਸਦੀ ਹੈ। ਜਹਾਂ ਜਹਾਂ ਸ਼ਬਦ ਆਏ ਹਨ, ਸੋ ਵਾਰਤਿਕ ਨਾਲੋਂ ਬਿਲਕੁੱਲ ਜੁਦਾ ਕੀਤੇ ਗਏ ਹਨ ਅਤੇ ਐਸੀ ਰੀਤੀ ਸੇ ਲਿਖੇ ਹੈਂ ਕਿ ਆਪ ਹੀ ਵੋਹ ਵਾਰਤਿਕ ਸੇ ਜੁਦੇ ਮਾਲੂਮ ਹੋਵੈਂ।

ਪ੍ਰੋ. ਗੁਰਮੁਖ ਸਿੰਘ ਦੁਆਰਾ ਕਾਵਿ-ਰਚਨਾ ਕੀਤੇ ਜਾਣ ਬਾਰੇ ਵੀ ਹਵਾਲੇ ਮਿਲਦੇ ਹਨ ਭਾਵੇਂ ਰਚਨਾਵਾਂ ਦੀ ਅਪ੍ਰਾਪਤੀ ਕਾਰਨ ਇਸਦੇ ਆਕਾਰ-ਪ੍ਰਕਾਰ ਬਾਰੇ ਯਕੀਨ ਨਾਲ ਕੁੱਝ ਨਹੀਂ ਕਿਹਾ ਜਾ ਸਕਦਾ। ਵੰਨਗੀ ਵੱਜੋਂ ਪ੍ਰੋ. ਗੁਰਮੁਖ ਸਿੰਘ ਰਚਿਤ ਕੁਝ ਕਾਵਿ-ਪੰਕਤੀਆਂ ਹੇਠਾਂ ਲਿਖੀਆਂ ਜਾਂਦੀਆਂ ਹਨ :

### ਸਤਿਗੁਰਾਂ ਦੀ ਵਡਿਆਈ[9]

ਨਾਚੀਜਾਂ ਨੋ ਚੀਜ ਕਰ ਅਦਭੁਤ ਵਸਤੂ ਚਾਇ ਬਨਾਈ।
ਜਿਸਨੂੰ ਦੁਨੀਆਂ ਨਿੰਦਦੀ ਤਿਸਦੀ ਖ਼ਲਕਤ ਕਰੇ ਵਡਾਈ।
ਮੁਰਦੇ ਹੁੰਦੇ ਜਨਮ ਦੇ ਜਿੰਦਾ ਹੋ ਵਡ ਤਾਕਤ ਪਾਈ।
ਕੋਈ ਨਾ ਪਹੁੰਚੇ ਤਿਨਾ ਨੂੰ ਲਾਵਣ ਜੋਰ ਨਾ ਪਹੁੰਚਿਆ ਜਾਈ।
ਸਭੋ ਜਾਤਾਂ ਮੇਲੀਆਂ ਸੁੱਚੀ ਖ਼ਾਲਸ ਜਾਤ ਬਨਾਈ।
ਅੰਧੇ ਚਾਨਣ ਦੇਖਿਆ ਚਿੜੀਆਂ ਮਾਰਨ ਬਾਜ ਲਜਾਈ।
ਦਸਮ ਗੁਰੂ ਦੀ ਕਰਾਮਾਤ ਅਚਰਜ ਲੀਲਾ ਲਖੀ ਨਾ ਜਾਈ।
ਸਚੇ ਸਤਿਗੁਰ ਦੀ ਵਡਿਆਈ। ੧।

ਜਾਰਜ ਆਰਵੈੱਲ ਨੇ ਆਪਣੀਆਂ ਰਚਨਾਵਾਂ ਦੇ ਵਿਸ਼ੈ-ਵਸਤੂ ਬਾਰੇ ਕਿਹਾ ਸੀ, "ਮੈਂ ਇਸ ਲਈ ਲਿਖਦਾ ਹਾਂ ਤਾਂ ਕਿ ਕਿਸੇ ਝੂਠ ਦਾ ਪਾਜ ਖੋਲ੍ਹ ਸਕਾਂ ਤੇ ਸਮਾਜ ਨੂੰ ਇਕ ਵਿਸ਼ੇਸ਼ ਦਿਸ਼ਾ ਵਿਚ ਤੋਰ ਸਕਾਂ।"[10]

ਜਾਰਜ ਆਰਵੈੱਲ ਦਾ ਇਹ ਕਥਨ ਪ੍ਰੋ. ਗੁਰਮੁਖ ਸਿੰਘ ਦੀਆਂ ਰਚਨਾਵਾਂ ਉੱਪਰ ਵੀ ਪੂਰੀ ਤਰ੍ਹਾਂ ਲਾਗੂ ਹੁੰਦਾ ਹੈ।

## ਹਵਾਲੇ


1. Punjab Administrative Report, 1851-52, tells that Punjabi 'though of sacred origin and in the days of sikh supermacy both a courtly and a priestly language, was now rapidly falling into desuctude'. P. 184
2. 'ਪੰਜਾਬੀ ਸਾਹਿਤ ਦਾ ਇਤਿਹਾਸ' (ਭਾਗ ਦੂਜਾ), ਪੰਨਾ 455
3. ਕਿਰਪਾਲ ਸਿੰਘ ਕਸੇਲ ਅਤੇ ਪਰਮਿੰਦਰ ਸਿੰਘ, ਪੰਨਾ 438
4. 'ਪੰਜਾਬੀ ਸਾਹਿੱਤ ਦੇ ਮੂਲ ਲਛਣ ਅਤੇ ਪ੍ਰਵਿਰਤੀਆਂ' (1849-1900) ਪੰਨੇ 474-75
5. ਦੂਸਰੇ ਵਿਖਿਆਨ ਦੇ ਅੰਤ ਵਿਚ ਛਪੇ ਇਸ਼ਤਿਹਾਰ ਵਿਚ ਇਹ ਸੂਚਨਾ ਦਰਜ ਹੈ:
   "ਇਸ ਉਪਦੇਸ਼ ਵਿਚ ਓਹ ਲਿਖੇ ਹਨ ਜੋ ਵਯਾਖਯਾਨ ਭਾਈ ਗੁਰਮੁਖ ਸਿੰਘ, ਸਕੱਤ੍ਰ, ਸਿੰਘ ਸਭਾ, ਲਾਹੌਰ ਨੇ ਉਪਦੇਸ਼ਕ ਦੌਰੇ ਵਿਚ ਫਿਰਦਿਆਂ ਸੁਨਾਏ ਸੇ, ਜੋ ਸਿੰਘਾਂ ਅਤੇ ਸਿੱਖਾਂ ਦੇ ਲਾਭ ਹਿਤ ਛਾਪ ਕੇ ਪਰਗਟ ਕੀਤੇ ਗਏ ਹਨ।"
6. ਉਕਤ ਪੁਸਤਕ ਵਿਚ ਛਪਿਆ ਇਕ ਹੋਰ ਇਸ਼ਤਿਹਾਰ
7. ਦੂਜਾ ਵਿਖਿਆਨ, ਪੰਨਾ 64
8. Barrier, N. G., 'The Sikhs and their Literature'. P. 56
9. 'ਲਾਸਾਨੀ ਕਰਾਮਾਤ' ਪੁਸਤਕ ਵਿਚ ਪ੍ਰਕਾਸ਼ਿਤ
10. The Collected Essays, Journalism and Letters of George Orwell, Vol. I, P. 28
    ਡਾ. ਸੰਤ ਸਿੰਘ ਸੇਖੋਂ ਦੁਆਰਾ ਉਧਰਿਤ, ਖੋਜ ਪਤ੍ਰਿਕਾ, ਅੰਕ 21, ਪੰਨਾ 437

ਅਧਿਆਇ ਤੀਜਾ

# ਪ੍ਰੋਫੈਸਰ ਗੁਰਮੁਖ ਸਿੰਘ ਦੀ ਵਾਰਤਕ-ਕਲਾ

ਪਿਛਲੇ ਅਧਿਆਇ ਵਿਚ ਪ੍ਰੋ. ਗੁਰਮੁਖ ਸਿੰਘ ਦੀਆਂ ਰਚਨਾਵਾਂ ਬਾਰੇ ਚਰਚਾ ਕਰਦਿਆਂ ਅਸੀਂ ਦੇਖਿਆ ਹੈ ਕਿ ਉਹਨਾਂ ਦੀ ਲਗਭਗ ਸਾਰੀ ਸਾਹਿਤ ਰਚਨਾ ਵਾਰਤਕ-ਰੂਪ ਵਿਚ ਹੈ। ਪਹਿਲਾਂ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਪ੍ਰੋ. ਗੁਰਮੁਖ ਸਿੰਘ ਆਪਣੇ ਸਮੇਂ ਦੀ ਸਿੱਖ ਪੁਨਰ ਜਾਗ੍ਰਿਤੀ ਦੀ ਲਹਿਰ ਸ੍ਰੀ ਗੁਰੂ ਸਿੰਘ ਸਭਾ ਲਹਿਰ ਦੇ ਪ੍ਰਮੁੱਖ ਬੁਲਾਰੇ ਸਨ। ਉਹ ਕੇਵਲ ਪੰਜਾਬ ਵਿਚ ਹੀ ਨਹੀਂ, ਸਗੋਂ ਪੰਜਾਬ ਤੋਂ ਬਾਹਰ ਜਾ ਕੇ ਵੀ ਸਿੱਖ ਸਭਾ ਸੁਸਾਇਟੀਆਂ ਦੇ ਸੱਦੇ ਉਤੇ ਅਥਵਾ ਜੋੜ ਮੇਲਿਆਂ ਆਦਿ ਉਤੇ ਪੁੱਜ ਕੇ ਸੰਗਤਾਂ ਵਿਚ ਗੁਰਮਤ ਵਿਚਾਰਾਂ ਦਾ ਪ੍ਰਚਾਰ ਕਰਿਆ ਕਰਦੇ ਸਨ। ਇਹਨਾਂ ਇਕੱਠਾਂ ਵਿਚ ਦਿੱਤੇ ਗਏ ਆਪਣੇ ਭਾਸ਼ਣਾਂ ਨੂੰ ਹੀ ਉਹਨਾਂ ਨੇ ਪੁਸਤਕ ਰੂਪ ਵਿਚ ਸੰਗ੍ਰਹਿਤ ਕਰ ਦਿੱਤਾ। 'ਖ਼ਾਲਸਾ ਧਰਮ ਉਪਦੇਸ਼' ਨਾਉਂ ਅਧੀਨ ਪ੍ਰਕਾਸ਼ਿਤ ਦੂਜੇ ਵਿਆਖਿਆਨ ਦੇ ਅੰਤ ਵਿਚ ਛਪੇ ਇਕ ਵਿਗਿਆਪਨ ਵਿਚ ਦੱਸਿਆ ਗਿਆ ਹੈ :

> ਏਸ ਉਪਦੇਸ਼ ਵਿਚ ਓਹ ਲਿਖੇ ਹਨ ਜੋ ਵਯਾਖਯਾਨ ਭਾਈ ਗੁਰਮੁਖ ਸਿੰਘ, ਸਕੱਤ੍ਰ, ਸਿੰਘ ਸਭਾ, ਲਾਹੌਰ ਨੇ ਉਪਦੇਸ਼ਕ ਦੌਰੇ ਵਿਚ ਫਿਰਦਿਆਂ ਸੁਨਾਏ ਸੇ, ਸੋ ਸਿੰਘਾਂ ਅਤੇ ਸਿੱਖਾਂ ਦੇ ਲਾਭ ਹਿਤ ਛਾਪ ਕੇ ਪਰਗਟ ਕੀਤੇ ਗਏ ਹਨ।

ਖ਼ਾਲਸਾ ਧਰਮ ਉਪਦੇਸ਼ ਵਿਚੋਂ ਮਿਲਦੀਆਂ ਆਂਤ੍ਰਿਕ ਗੁਵਾਹੀਆਂ ਤੋਂ ਵੀ ਇਸ ਤੱਥ ਦੀ ਪੁਸ਼ਟੀ ਹੁੰਦੀ ਹੈ। ਲੇਖਕ ਵਾਰ ਵਾਰ ਆਪਣੇ ਪਿਛਲੇ ਦਿਨਾਂ ਦੇ ਭਾਸ਼ਣਾਂ ਵੱਲ ਸੰਕੇਤ ਕਰਦਾ ਹੈ। ਉਦਾਹਰਣ ਵਜੋਂ ਦੂਜੇ ਵਿਆਖਿਆਨ ਦਾ ਆਰੰਭ ਕਰਦਿਆਂ ਲਿਖਿਆ ਹੈ :

(i) ਮੈਂ ਅਪਨੇ ਕਲ ਦੇ ਵਯਾਖਯਾਨ ਵਿਚ ਪੁਰਾਣੇ ਧਰਮ ਦੀ ਬਾਬਤ ਅਤੇ ਦੂਸ੍ਰੇ ਦੇਸ਼ਾਂ ਦੇ ਉਤਪੰਨ ਹੋਏ ਧਰਮਾਂ ਦੇ ਵਿਸ਼ੇ ਵਿਚ ਕਿਹਾ ਸੀ......ਮੈਂ ਅਪਨੇ ਵਯਾਖਯਾਨ ਨੂੰ ਵੈਦਿਕ ਸਮੇਂ ਤੋਂ ਪ੍ਰਾਰੰਭ ਕੀਤਾ ਸੀ। (ਪੰਨਾ 1)

(ii) ਆਉਂਦੇ ਆਉਂਦੇ ਅਜ ਕੱਲ ਦੇ ਧਰਮ ਦਾ ਵਿਰਤਾਂਤ ਕਿਹਾ ਅਤੇ ਓਥੇ ਆ ਆ ਕੇ ਆਪ ਨੇ ਵਿਯਾਖਯਾਨ ਨੂੰ ਸਮਾਪਤ ਕੀਤਾ ਸੀ......ਅਜ ਮੈਂ ਦਸਾਂ ਗੁਰਾਂ ਦੇ ਜੀਵਨ ਚਰਿਤ੍ਰਾਂ ਦੇ ਵਿਚੋਂ ਕੁਛ ਕੁਛ ਕਹਾਂਗਾ। (ਪੰਨਾ 2)

(iii) ਹੁਣ ਆਪ ਪੂਰੀ ਤ੍ਰਾਂ ਤਵਜੋ ਰਖ ਕੇ ਦੂਸ੍ਰੇ ਵਯਾਖਯਾਨ ਨੂੰ ਸੁਣੋ। (ਪੰਨਾ 35)

(iv) ਮੈਂ ਨੇ ਜੋ ਕੁਛ ਸ੍ਰੀ ਗੁਰੂ ਮਹਾਰਾਜ ਨਾਨਕ ਦੇਵ ਜੀ ਦੇ ਜੀਵਨ ਚਰਿਤ੍ਰ ਵਿਚੋਂ ਕਹਿਨਾਂ ਸੀ ਕਹਿ ਦਿਤਾ। ਹੁਣ ਮੈਂ ਅਗੇ ਚਲਦਾ ਹਾਂ। (ਪੰਨਾ 67)

ਲੇਖਕ ਆਪਣੇ ਤੀਸਰੇ ਵਿਆਖਿਆਨ ਦਾ ਆਰੰਭ ਵੀ ਇਹਨਾਂ ਸ਼ਬਦਾਂ ਨਾਲ ਕਰਦਾ ਹੈ :

> ਮੈਂ ਅਪਨੇ ਕਲ ਦੇ ਵਯਾਖਯਾਨ ਵਿਚਿ ਆਦਿ ਪਾਤਸ਼ਾਹੀ ਜੀ ਦੇ ਅਵਿਤਾਰ ਧਾਰਨ ਤੇ ਪੰਜਵੀਂ ਪਾਦਸ਼ਾਹੀ ਜੀ ਦੇ ਅੰਤ ਸਮੇਂ ਤਕ ਸੁਣਾਇਆ ਸੀ ਅਤੇ ਇਕਰਾਰ ਕੀਤਾ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਬਤ ਵਿਸਥਾਰ ਨਾਲ ਜੁਦਾ ਬਰਨਨ ਕਰਾਂਗਾ। ਅੱਜ ਮੈਂ ਪਹਿਲਾਂ ਉਸ ਇਕਰਾਰ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਦਾ ਹਾਂ। (ਪੰਨਾ 1)

ਤੀਸਰੇ ਵਿਆਖਿਆਨ ਵਿਚ ਹੀ ਲੇਖਕ ਨੇ ਪਹਿਲੇ ਦਿਨ ਦੇ ਵਿਆਖਿਆਨ ਦਾ ਜ਼ਿਕਰ ਕਰਦਿਆਂ ਲਿਖਿਆ ਹੈ :

> ਜਦ ਬਉਧ ਦੇ ਕਬਾੜ ਖੁਲ੍ਹੇ ਅਰਥਾਤ ਨਿਰਬਾਣ ਪਦ ਨੂੰ ਪਹੁੰਚਾ ਤਾਂ ਆਪਨੀ ਸਿਖਯਾ ਦੇਨ ਲੱਗਾ—ਮੈਂ ਇਸ ਦਾ ਵਿਰਤ੍ਰਾਂਤ ਪਹਿਲੇ ਵਖਯਾਨ ਵਿਚਿ ਆਖਯਾ ਹੈ। (ਪੰਨਾ 8)

**ਸੰਬੋਧਨ**

ਇਹਨਾਂ ਲਿਖਤਾਂ ਵਿਚ ਥਾਂ ਥਾਂ ਪਾਠਕਾਂ ਨੂੰ ਕੀਤੇ ਗਏ ਸੰਬੋਧਨ ਵੀ ਇਹਨਾਂ ਦੇ ਵਿਆਖਿਆਨ ਹੋਣ ਦੀ ਪੁਸ਼ਟੀ ਕਰਦੇ ਹਨ। ਲਿਖਤ ਪੜ੍ਹਦਿਆਂ ਇਉਂ ਲੱਗਦਾ ਹੈ ਜਿਵੇਂ ਕੋਈ ਵਕਤਾ ਸਾਹਮਣੇ ਬੈਠੇ ਸਰੋਤਿਆਂ ਨਾਲ ਸੰਵਾਦ ਰਚਾ ਰਿਹਾ ਹੋਵੇ। ਦੂਜੇ ਵਿਆਖਿਆਨ ਵਿਚ ਮਿਲਦੇ ਕੁੱਝ ਸੰਬੋਧਨੀ-ਵਾਕ ਇਹ ਹਨ :

(i) ਜੇਕਰ ਆਪ ਜਰਾ ਕੁ ਹੀ ਵਿਚਾਰੋਗੇ ਤਾਂ ਆਪ ਨੂੰ ਮਾਲੂਮ ਹੋ ਜਾਊ ਕੇ ਜੋ ਮੈਂ ਕਿਹਾ ਹੈ ਕਿਥੋਂ ਤੱਕ ਸਹੀ ਹੈ। (ਪੰਨਾ 9)

(ii) ਕਈ ਆਪ ਲੋਕਾਂ ਵਿਚੋਂ ਹੁਣੇ ਹੀ ਸੋਚਨ ਲਗ ਜਾਓਗੇ ਕੇ...........। (ਪੰਨਾ 24)

(iii) ਆਪ ਲੋਕ ਮੇਰੇ ਉਪਰਲੇ ਸਾਰੇ ਕਥਨ ਨੂੰ ਸੁਣ ਚੁਕੇ ਹੋ। (ਪੰਨਾ 32)

(iv) ਆਪ ਲੋਕ ਉਪਰਲੀਆਂ ਬਾਤਾਂ ਸੁਨਕੇ ਜ਼ਰੂਰ ਥਕ ਗਏ ਹੋਵੋਗੇ। (ਪੰਨਾ 35)

(v) ਪਰ ਖਾਲਸਾ ਜੀ ! ਮੈਨੂੰ ਸਾਰੀਆਂ ਬਾਤਾਂ ਛਡ ਕੇ ਇਕ ਬਾਤ ਦੀ ਵਡੀ ਹੈਰਾਨਗੀ ਲਗ ਰਹੀ ਹੈ। (ਪੰਨਾ 50)

(vi) ਸੋ ਹੇ ਖਾਲਸਾ ਜੀ ! ਏਹਿ ਬੜੀ ਭਾਰੀ ਭਵਿਖਯਤ ਹੈ। (ਪੰਨਾ 63)

ਲੇਖਕ ਦੀ ਸ਼ੈਲੀ ਵਿਚਲਾ ਇਹ ਸੰਬੋਧਨੀ ਤੱਤ ਉਸ ਦੀਆਂ ਦੂਜੀਆਂ ਰਚਨਾਵਾਂ ਵਿਚ ਵੀ ਵਿਦਮਾਨ ਹੈ। ਤੀਸਰੇ ਵਿਆਖਿਆਨ ਦਾ ਆਰੰਭ ਹੀ ਇਕ ਸੰਬੋਧਨੀ—ਬੋਲੋ 'ਹੇ ਖ਼ਾਲਸਾ ਜੀ ਵਾਹਿਗੁਰੂ ਬੋਲਣਾ' ਨਾਲ ਕੀਤਾ ਗਿਆ ਹੈ। ਇਸ ਵਿਆਖਿਆਨ ਵਿਚ ਹੇਠ ਲਿਖੇ ਅਨੁਸਾਰ ਸੰਬੋਧਨੀ ਵਾਕਾਂ ਦੀ ਵਰਤੋਂ ਹੋਈ ਮਿਲਦੀ ਹੈ :

(i) ਆਪਨੇ ਸੁਣਿਆ ਹੋਊ ਕਿ ਅਕਸਰ ਸਾਡੇ ਭਰਾ ਗ੍ਰੰਥ ਸਾਹਿਬ ਜੀ ਨੂੰ ਜ਼ਹਾਜ਼ ਦੀ ਉਪਮਾ ਦਿੰਦੇ ਹਨ। (ਪੰਨਾ 1)

(ii) ਸੋ ਹੇ ਖ਼ਾਲਸਾ ਜੀ ! ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਜਹਾਜ਼ ਯਾ ਸੜਕ ਦੀ ਕਦੇ ਬੀ ਉਪਮਾ ਨਾ ਦੇਵਾਂਗਾ। (ਪੰਨਾ 3)

(iii) ਸੋ ਹੇ ਭਰਾਵੋ ! ਜਿਸ ਤ੍ਰਹਿ ਆਪ ਵਿਚਾਰੋ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ, ਜਿਸ

ਵਿਚਿ ਇਕ ਅਕਾਲਪੁਰਖ ਦੀ ਮਹਿਮਾ ਹੈ, ਨਿਮਸਕਾਰ ਕਰਨੀ ਦੋਸ ਨਹੀਂ।
(ਪੰਨਾ 30)

(iv) ਜੇਕਰ ਆਪ ਸਾਹਿਬ ਆਗਿਆ ਦੇਵੇ ਤਾਂ ਠਾਕਰਾਂ ਬਾਬਤ ਦੁਬਾਰਾ ਕੁਛ ਆਖਾਂ । (ਪੰਨਾ 34)

(v) ਤਾਂ ਤੇ ਆਪ ਸਾਹਿਬਾਂ ਨੇ ਜਾਨ ਲਿਆ ਹੈ ਕਿ ਖ਼ਾਲਸਾ ਧਰਮ ਦੇ ਅਸੂਲ ਮੂਜਬ ਜੜ ਪਦਾਰਥ ਅਗੇ ਮਥਾ ਟੇਕਨਾ ਠੀਕ ਨਹੀਂ । (ਪੰਨਾ 39)

'ਲਾਸਾਨੀ ਕਰਾਮਾਤ' ਲੇਖ ਦਾ ਆਰੰਭ ਵੀ ਸਿੱਧਾ ਹੀ ਸਰੋਤਿਆਂ ਨੂੰ ਸੰਬੋਧਨ ਕਰਨ ਨਾਲ ਇਉਂ ਹੁੰਦਾ ਹੈ :

ਖ਼ਾਲਸਾ ਜੀ ! ਆਪ ਜਾਨਦੇ ਹੋ ਕਿ ਦੁਨੀਆਂ ਵਿਚ ਕੋਈ ਐਸਾ ਫ਼ਿਰਕਾ ਜਾਂ ਮਤ ਨਹੀਂ ਜਿਸ ਵਿਚ ਕਰਾਮਾਤਾਂ ਨਾਂ ਮੰਨੀਆਂ ਗਈਆਂ ਹੋਨ ।

**ਵਿਚਾਰਾਂ ਦਾ ਦੁਹਰਾਉ**

ਭਾਸ਼ਨ ਰੂਪ ਵਿਚ ਪ੍ਰਗਟਾਏ ਵਿਚਾਰਾਂ ਨੂੰ ਲਿਖਤ-ਰੂਪ ਦੇਣ ਕਾਰਨ ਹੀ ਇਹਨਾਂ ਵਿਚ ਵਿਚਾਰਾਂ ਦੇ ਦੁਹਰਾਉ ਦਾ ਦੋਸ਼ ਆ ਗਿਆ ਹੈ । ਬੇਸ਼ੱਕ ਭਾਸ਼ਨਕਾਰ ਨੇ ਪੁਰਾਤਨ ਧਰਮ ਤੋਂ ਸਿੱਖ ਗੁਰੂ ਸਾਹਿਬਾਨ ਦੇ ਸਮੇਂ ਤੱਕ ਹੋਏ ਦਾਰਸ਼ਨਿਕ ਵਿਕਾਸ ਨੂੰ ਬਿਆਨ ਕਰਨ ਲਈ ਆਪਣੇ ਵਿਚਾਰ ਲੜੀਬੱਧ ਰੂਪ ਵਿਚ ਅਭਿਵਿਅਕਤ ਕੀਤੇ ਹਨ, ਪਰ ਕਿਧਰੇ ਕਿਧਰੇ ਜਦੋਂ ਪ੍ਰਸੰਗਵੱਸ ਕਿਸੇ ਪਹਿਲੀ ਘਟਨਾ ਦਾ ਜ਼ਿਕਰ ਕਰਨਾ ਪਿਆ ਹੈ ਤਾਂ ਇਹ ਦੋਸ਼ ਉਤਪੰਨ ਹੋਇਆ ਹੈ । 'ਬਉਧ' ਅਵਿਤਾਰ ਦਾ ਜ਼ਿਕਰ ਕਰਦਿਆਂ ਪ੍ਰੋ. ਗੁਰਮੁਖ ਸਿੰਘ ਨੇ ਆਪਣੇ ਦੂਜੇ ਭਾਸ਼ਨ ਵਿਚ ਕਿਹਾ ਹੈ :

ਬਉਧ ਨੂੰ ਭੀ ਵਿਸ਼ਨੂ ਦਾ ਅਵਤਾਰ ਮੰਨਦੇ ਹਨ ਪਰ ਏਸ ਤਰਾਂ ਨਾਲ ਕੇ ਉਸਨੇ ਰਾਕਸਾਂ ਨੂੰ ਝੁਠਲਾਉਨ ਵਾਸਤੇ ਵੇਦਾਂ ਦੀ ਨਿੰਦਯਾ ਕੀਤੀ । ਏਸੇ ਕਰਕੇ ਗਇਆ ਜੀ ਵਿਚ ਇਕ ਮੂਰਤੀ ਹੈ, ਜਿਸਦੀ ਪਿਠ ਦਾ ਦਰਸ਼ਨ ਹੁੰਦਾ ਹੈ । ਆਖਦੇ ਹਨ ਕੇ ਏਹ ਮੂਰਤੀ ਵਿਸ਼ਨੂੰ ਦੀ ਹੈ ਜਿਸਨੇ ਬਉਧ ਰੂਪ ਵਿਚ ਹੋ ਕੇ ਵੇਦਾਂ ਦੀ ਨਿੰਦਯਾ ਕੀਤੀ । (ਪੰਨਾ 4)

ਉਪਰੋਕਤ ਵਿਚਾਰ ਨੂੰ ਹੀ ਤੀਜੇ ਵਿਆਖਿਆਨ ਵਿਚ ਇਹਨਾਂ ਸ਼ਬਦਾਂ ਵਿਚ ਦੁਹਰਾਇਆ ਗਿਆ ਹੈ :

ਵੇਦ ਦੇ ਪੱਖੀਆਂ ਨੇਂ ਬਉਧੀਆਂ ਨੌਂ ਰਾਕਸ਼ ਕਰਕੇ ਵਰਨਣ ਕੀਤਾ ਹੈ ਅਤੇ ਬਉਧ ਨੂੰ ਭੀ ਰਾਕਸ਼ । ਅੱਜ ਤੱਕ ਗਇਆ ਜੀ ਇੱਕ ਵਿਸਨੂੰ ਦੀ ਮੂਰਤੀ ਦੀ ਪਿੱਠ ਦਾ ਦਰਸ਼ਨ ਕਰਾਉਂਦੇ ਹਨ ਕਿ ਵਿਸਨੂੰ ਨੇ ਇਕ ਸਮੇਂ (ਬਉਧ ਅਵਿਤਾਰ ਹੋ ਕੇ) ਵੇਦਾਂ ਦੀ ਨਿੰਦਾ ਕੀਤੀ ਅਤੇ ਇਸ ਕਰਕੇ ਮੂਹ ਦਾ ਦਰਸ਼ਨ ਨਹੀਂ ਹੁੰਦਾ । (ਪੰਨਾ 8)

ਵਿਚਾਰਾਂ ਦੇ ਦੁਹਰਾਉ ਦੀ ਇਕ ਹੋਰ ਉਦਾਹਰਨ ਲੇਖਕ ਵੱਲੋਂ ਕਿਸੇ ਰਚਨਾ ਅਤੇ ਉਸਦੇ ਰਚੈਤਾ ਦੇ ਆਪਸੀ ਸੰਬੰਧਾਂ ਬਾਰੇ ਪ੍ਰਗਟਾਏ ਵਿਚਾਰਾਂ ਵਿਚੋਂ ਭੀ ਮਿਲਦੀ ਹੈ । ਪ੍ਰੋ. ਗੁਰਮੁਖ ਸਿੰਘ ਦਾ ਮਤ ਹੈ ਕਿ ਕਿਸੇ ਲੇਖਕ ਦੀ ਲਿਖਤ ਉਸ ਦਾ ਆਤਮਾ-ਰੂਪ ਹੁੰਦੀ ਹੈ ।

ਉਹ ਆਪਣੇ ਇਸ ਵਿਚਾਰ ਦੀ ਅਭਿਵਿਅਕਤੀ, ਇਕ ਦ੍ਰਿਸ਼ਟਾਂਤ ਦੇ ਕੇ, ਇਉਂ ਕਰਦੇ ਹਨ :

> ਇਕ ਕੁਤਬਖਾਨੇ ਵਿਚ ਬਹੁਤ ਸਾਰੇ ਪੁਸਤਕ ਸੇ ਇਕ ਪਾਸੇ ਕੋਈ ਅਰਸਤੂ ਦਾ—ਕੋਈ ਅਫਲਾਤੂ ਦਾ, ਕੋਈ ਸੁਕਰਾਤ ਦਾ, ਕੋਈ ਸੇਖਸਪੀਅਰ ਦਾ ਕੋਈ ਐਡੀਸਨ ਆਦੀ ਦਾ ਕਹਿਆ ਹੋਇਆ ਅਤੇ ਦੂਸਰੇ ਪਾਸੇ ਕੋਈ ਵਯਾਸ ਜੀ ਦਾ, ਕੋਈ ਯਾਗਲਵਕ ਦਾ—ਕੋਈ ਮੰਨੂ ਜੀ ਦਾ—ਕੋਈ ਸੰਕਰਾ-ਆਚਾਰਜ ਦਾ—ਕੋਈ ਭਾਈ ਗੁਰਦਾਸ ਜੀ ਦਾ—ਕੋਈ ਭਾਈ ਸੰਤੋਖ ਸਿੰਘ ਦਾ ਰਚਿਆ ਹੋਇਆ। ਦੋ ਸ਼ਖਸ ਉਸ ਕੁਤਬਖਾਨੇ ਵਿਚ ਗਏ ਅਤੇ ਜਿਸ ਜਿਸ ਪਾਸੇ ਦੀ ਖ਼ਬਰ ਸੀ ਇਕ ਇਕ ਦੋਹਾ ਵਿਚੋਂ ਉਸ ਪਾਸੇ ਹੋ ਗਿਆ। ਜਦ ਪੁਸਤਕਾਂ ਦਾ ਸੈਲ ਕਰ ਚੁਕੇ ਤਾਂ ਮੁੜ ਬਾਹਰ ਆ ਕੇ ਅਕੱਠੇ ਹੋਏ ਅਤੇ ਇਕ ਦੂਸਰੇ ਨੂੰ ਪੁਛਣ ਲਗੇ ਦੋਹਨਾਂ ਵੇਲਾ ਕਿਸ ਤਰਾਂ ਗੁਜਾਰਿਆ। ਇਕ ਨੇ ਕਿਹਾ ਕੇ ਪਾ ਘੰਟਾ ਸੁਕਰਾਤ ਨਾਲ ਬਾਤਾਂ ਕੀਤੀਆਂ-ਅਧਾ ਘੰਟਾ ਅਫਲਾਤੂ ਨਾਲ-ਘੰਟਾ ਕੁ ਭਰ ਸੇਖਸਪੀਅਰ ਨਾਲ ਗੁਜਾਰਿਆ। ਦੂਸਰੇ ਕਹਿਆ ਮੈਂ ਭੀ ਅਧੀ ਘੜੀ ਮੰਨੂ ਜੀ ਨਾਲ ਬਚਨ ਬਿਲਾਸ ਕੀਤੇ ਤੇ ਘੜੀ ਨੂੰ ਜਾਗਵਲਕ ਨਾਲ-ਦੋ ਤਿੰਨ ਘੜੀਆਂ ਭਾਈ ਸੰਤੋਖ ਸਿੰਘ ਦੇ ਮਿਠੇ ਬਚਨ ਸੁਣੇ। ਇਕ ਹੋਰ ਤੀਸਰਾ ਸੁਨਦਾ ਸੀ ਓਸ ਕਿਹਾ ਏਹ ਕੀ ਬਾਤਾਂ ਕਰਦੇ ਹਨ ਜੋ ਸ਼ਖਸ ਅਜ ਕਲ ਹੈਨ ਹੀ ਨਹੀਂ ਓਹਨਾ ਦੇ ਨਾਉਂ ਲੈਂਦੇ ਹਨ। ਓਸ ਨੇ ਆਖ਼ਰ ਪੁਛਿਆ ਤਾਂ ਓਹਨਾਂ ਕਿਹਾ ਭਾਈ ਓਹਨਾਂ ਦੇ ਰਚੇ ਗ੍ਰੰਥ ਜੋ ਪੜੇ ਸੋ ਮਾਨੋ ਓਹਨਾਂ ਦੇ ਬਚਨ ਸੁਣੇ। (ਦੂਜਾ ਵਿਖਿਆਨ, ਪੰਨਾ 34)

ਇਹੋ ਵਿਚਾਰ ਤੀਜੇ ਵਿਆਖਿਆਨ ਵਿਚ ਇਹਨਾਂ ਸ਼ਬਦਾਂ ਵਿਚ ਦੁਹਰਾਇਆ ਮਿਲਦਾ ਹੈ :

> ਜਦ ਕਿਸੇ ਨੇ ਬਾਲਮੀਕ ਨਾਲ ਯਾ ਯਾਗਵਲਕ ਨਾਲ ਬਾਤ ਚੀਤ ਕਰਨੀ ਹੋਵੇ ਯਾ ਉਹਨਾਂ ਦੀ ਸੰਮਤੀ ਦੇਖਨੀ ਹੋਵੇ ਪੁਸਤਕ ਦੇਖੇ ਤਾਂ ਮਾਨੋਂ ਓਹਨਾ ਨਾਲ ਹੀ ਬਾਤਾਂ ਹੋਈਆਂ——-ਉਹਨਾਂ ਦੇ ਵਾਕ ਉਹਨਾ ਦੇ ਗ੍ਰੰਥਾਂ ਵਿਚਿ ਹਨ ਅਤੇ ਵਾਕਯ ਆਤਮਾ ਰੂਪ ਹਨ। (ਪੰਨਾ 22)

ਲੇਖਕ ਦੁਆਰਾ ਆਪਣੇ ਭਾਸ਼ਨਾਂ ਨੂੰ ਪੁਸਤਕ-ਰੂਪ ਦਿੰਦਿਆਂ ਥੋੜੀ ਜਿਹੀ ਸੰਪਾਦਕੀ-ਚੋਕਸੀ ਵਰਤਨ ਨਾਲ ਇਸ ਊਣਤਾਈ ਤੋਂ ਬਚਿਆ ਜਾ ਸਕਦਾ ਸੀ।

ਇਹਨਾਂ ਲਿਖਤਾਂ ਵਿਚ ਕਿਧਰੇ ਕਿਧਰੇ ਨਿਰਾਰਥਕ ਸ਼ਬਦ ਵੀ ਵਰਤੇ ਮਿਲਦੇ ਹਨ। ਉਦਾਹਰਣ ਲਈ ਹੇਠ ਲਿਖੇ ਵਾਕ ਦੇਖੇ ਜਾ ਸਕਦੇ ਹਨ :

(i) ਮੇਰੀ ਏਹਿ ਇਛਿਯਾ ਨਹੀਂ ਕੇ ਮੈਂ ਸ਼ਬਦਾਂ ਦੇ ਧਾਤੂ ਹਾਤੂ ਨਕਾਲਾਂ

(ਦੂਜਾ ਵਿਖਿਆਨ, ਪੰਨਾ 3)

(ii) ਕਲਪਨਾ ਕਰੋ ਕੇ ਇਕ ਦੋ ਬਰਸ ਗਲਤੀ ਫਲਤੀ ਵਿਚ ਗਏ।

(ਦੂਜਾ ਵਿਖਿਆਨ, ਪੰਨਾ 40)

(iii) ਏਹਿ ਲਬਾਸ ਇਕ ਤਰਾਂ ਦਾ ਨਹੀਂ ਸੀ ਸਬ ਤ੍ਰਾਂ ਦਾ ਰਖ ਰੁਖ ਕੇ ਅਛੀ ਤ੍ਰਾਂ ਜਾਚਨਾ ਕਰ ਕੇ————— (ਦੂਜਾ ਵਿਖਿਆਨ, ਪੰਨਾ 66)

ਭਾਸ਼ਣ ਅਥਵਾ ਵਾਰਤਾਲਾਪ ਦੌਰਾਨ ਤਾਂ ਅਜਿਹੇ ਨਿਰਾਰਥਕ ਸ਼ਬਦ ਸਹਿਜ-ਸੁਭਾ ਹੀ ਵਰਤੇ ਜਾਂਦੇ ਹਨ ਪਰ ਲਿਖਿਤ ਵਿਚ ਇਹਨਾਂ ਦੀ ਵਰਤੋਂ ਔਗੁਣ ਮੰਨੀ ਜਾਂਦੀ ਹੈ। ਲੇਖਕ ਦੁਆਰਾ ਸੰਪਾਦਕੀ-ਸਾਵਧਾਨੀ ਵਰਤਕੇ ਇਸ ਔਗੁਣ ਤੋਂ ਮੁਕਤ ਹੋਇਆ ਜਾ ਸਕਦਾ ਸੀ।

## ਭਾਵ ਪ੍ਰਕਾਸ਼ਨੀ ਸ਼ੈਲੀ

ਪ੍ਰੋ. ਗੁਰਮੁਖ ਸਿੰਘ ਰਚਿਤ ਵਾਰਤਕ ਵਿਚਲੇ ਇਹ ਦੋਸ਼ ਲੇਖਕ ਦੀ ਸ਼ਖ਼ਸੀਅਤ ਵਿਚ ਲੇਖਕ ਨਾਲੋਂ ਭਾਸ਼ਣਕਾਰ ਹੋਣ ਦੇ ਲੱਛਣ ਭਾਰੂ ਹੋਣ ਕਾਰਨ ਉਤਪੰਨ ਹੋਏ ਹਨ। ਜੋ ਕੁੱਝ ਉਹਨਾਂ ਦੀ ਸ਼ਖ਼ਸੀਅਤ ਵਿਚ ਸੀ ਉਹ ਸੁਭਾਵਕ ਹੀ ਉਹਨਾਂ ਦੀ ਲਿਖਣ ਸ਼ੈਲੀ ਦਾ ਹਿੱਸਾ ਬਣ ਕੇ ਇਸਨੂੰ ਨਿਵੇਕਲਾ ਅਤੇ ਵਿਲੱਖਣ ਰੰਗ ਦੇਣ ਦਾ ਕਾਰਨ ਬਣਿਆ ਹੈ। ਇਸ ਲਿਖਣ-ਸ਼ੈਲੀ ਨੂੰ ਅਸੀਂ, 'ਭਾਵ ਪ੍ਰਕਾਸ਼ਨੀ ਸ਼ੈਲੀ'[1] ਕਹਿ ਸਕਦੇ ਹਾਂ। ਅਜਿਹੀ ਸ਼ੈਲੀ ਵਿਚ ਕਿਸੇ ਸਿਧਾਂਤ ਦੇ ਪ੍ਰਤੀਪਾਦਨ ਦੀ ਥਾਂ ਭਾਵ ਨੂੰ ਸਪਸ਼ਟ ਕਰ ਕੇ ਅਰਥ-ਬੋਧ ਕਰਵਾਉਣ ਨੂੰ ਮੁੱਖ ਰੱਖਿਆ ਜਾਂਦਾ ਹੈ। ਪ੍ਰੋ. ਗੁਰਮੁਖ ਸਿੰਘ ਦੀ ਇਸ ਸ਼ੈਲੀ ਦੇ ਕੁੱਝ ਨਿਵੇਕਲੇ ਲੱਛਣ ਇਸ ਪ੍ਰਕਾਰ ਹਨ :

### ਪਗ-ਟਿੱਪਣੀਆਂ ਦੀ ਵਰਤੋਂ

ਇਹ ਗੱਲ ਵੀ ਨਹੀਂ ਕਿ ਲੇਖਕ ਨੇ ਆਪਣੇ ਭਾਸ਼ਣਾਂ ਨੂੰ ਹੀ ਸ਼ਬਦ-ਬ-ਸ਼ਬਦ ਅੱਖਰਬੱਧ ਕਰ ਦਿੱਤਾ ਹੋਵੇ। ਉਸ ਵੱਲੋਂ ਆਪਣੇ ਭਾਸ਼ਣਾਂ ਨੂੰ ਪੁਸਤਕ ਰੂਪ ਦਿੰਦਿਆਂ ਇਹਨਾਂ ਦੀ ਯਥਾ-ਯੋਗ ਸੰਪਾਦਨਾ ਕੀਤੀ ਪ੍ਰਤੀਤ ਹੁੰਦੀ ਹੈ। ਸੰਪਦਨਾ-ਵਿਧੀ ਵਿਚੋਂ ਉਸਨੇ ਪਗ-ਟਿਪਣੀਆਂ ਲਿਖਣ ਦਾ ਢੰਗ ਅਪਣਾਇਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਜਿਹੜੇ ਗੁਰ-ਵਿਅਕਤੀਆਂ ਦੀ ਬਾਣੀ ਸ਼ਾਮਲ ਹੈ, ਲੇਖਕ ਉਹਨਾਂ ਦੀ ਗਿਣਤੀ ਕਰਦਿਆਂ ਲਿਖਦਾ ਹੈ :

> ਇਸ ਵਿਚ ਸੱਤਾਂ ਗੁਰਾਂ ਦੀ ਬਾਣੀ ਹੈ ਆਦਿ-ਦੋਇਮ-ਤੀਸਰੀ-ਚੌਥੀ-ਪੰਜਮੀ-ਨੌਮੀਂ-ਦਸਮੀਂ- (ਤੀਜਾ ਵਿਖਿਆਨ, ਪੰਨਾ 39)

ਫੇਰ ਪੂਰਨ ਜਾਣਕਾਰੀ ਦੇਣ ਲਈ ਇਹ ਪਗ-ਟਿੱਪਣੀ ਅੰਕਤ ਕੀਤੀ ਹੈ :

> ਛੇਮੀ ਪਾਦਿਸਾਹੀ ਧੁਨੀਆਂ ਲਖਾਈਆਂ ਤਾਂ ਅੱਠਾਂ ਗੁਰਾਂ ਦੀ ਹੋ ਜਾਂਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਬਾਣੀ ਦੀ ਤਰਤੀਬ ਦੱਸਦਿਆਂ ਲੇਖਕ ਲਿਖਦਾ ਹੈ :

> ਅਸਵਾਰੇ ਸਾਹਿਬ ਜੀ ਦੀ ਬਾਣੀ ਇਸ ਤ੍ਰਹਿ ਹੈ ਆਮ ਤੌਰ ਤੇ ਇਹੀ ਰਾਗਾਂ ਦੇ ਇਕਸਾਰ ਵੰਡੀ ਹੋਈ ਹੈ ਅਤੇ ਇਸ ਤ੍ਰਹਿ ਰੱਖੀ ਹੈ :
>
> (1) ਜਪੁਜੀ ਸਾਹਿਬ (2) ਸੋਦਰ ਰਾਗ (3) ਸੋ ਪੁਰਖ (4) ਸੋਹਿਲਾ-ਆਗੇ ਰਾਗ............ (ਤੀਜਾ ਵਿਖਿਆਨ, ਪੰਨਾ 40)

ਹੇਠਾਂ ਪਗ-ਟਿੱਪਣੀ ਵਿਚ ਜਪੁਜੀ ਬਾਰੇ ਲਿਖਿਆ ਹੈ :

> ਇਹਿ ਉਪਾਸ਼ਨਾ ਭਾਗ ਹੈ।

ਲੇਖਕ ਦੁਆਰਾ ਪਗ-ਟੱਪਣੀਆਂ ਦੀ ਵਰਤੋਂ ਆਪਣੇ ਮੂਲ-ਕਥਨ ਦੀ ਸਪਸ਼ਟਤਾ ਅਥਵਾ ਵਿਆਖਿਆ ਹਿਤ ਕੀਤੀ ਗਈ ਹੈ। ਇਸ ਤੱਥ ਦੀ ਪੁਸ਼ਟੀ ਪ੍ਰੋ. ਗੁਰਮੁਖ ਸਿੰਘ ਰਚਿਤ ਨਿਬੰਧ 'ਮਾਨਵਰ ਸ਼ਹੀਦੀ'[8] ਤੋਂ ਸਹਿਜੇ ਹੀ ਹੋ ਜਾਂਦੀ ਹੈ। ਇਸ ਲੇਖ ਵਿਚ ਅੰਗਰੇਜ਼ੀ ਸੈਨਾਂ ਦੀ 36 ਸਿੱਖ ਪਲਟਨ ਦੇ 21 ਸਿੱਖ ਸੈਨਿਕਾਂ ਵੱਲੋਂ 12 ਸਤੰਬਰ, 1897 ਈਸਵੀ ਦੇ ਦਿਨ ਸਾਰਾਗੜ੍ਹੀ ਦੇ ਸਥਾਨ ਉੱਤੇ ਹਜ਼ਾਰਾਂ ਅਫ਼ਰੀਦੀਆਂ ਨਾਲ ਵੀਰਤਾ ਨਾਲ ਲੜਦਿਆਂ ਆਪਣੀ ਜਾਨ ਉੱਤੇ ਖੇਡਣ ਅਤੇ ਉਹਨਾਂ ਦੀ ਅਦੁੱਤੀ ਕੁਰਬਾਨੀ ਦੀ ਮਾਨਤਾ ਵੱਜੋਂ ਅੰਗਰੇਜ਼ੀ ਸਰਕਾਰ ਵੱਲੋਂ ਉਹਨਾਂ ਦੀ ਯਾਦਗਾਰ ਕਾਇਮ ਕਰਨ ਸੰਬੰਧੀ ਕੀਤੇ ਜਾ ਰਹੇ ਉਪਰਾਲਿਆਂ ਦਾ ਜ਼ਿਕਰ ਕੀਤਾ ਗਿਆ ਹੈ। ਆਪਣੇ ਵਿਸ਼ੇ ਦੀ ਭੂਮਿਕਾ ਬੰਨ੍ਹਦਿਆਂ ਲੇਖਕ ਨੇ ਲਿਖਿਆ ਹੈ :

> ਖਾਲਸੇ ਲਈ ਰਣ ਵਿਚ ਜੰਗ ਦਾ ਸਮਾਂ ਐਸਾ ਸੋਹਣਾ ਬਨਦਾ ਹੈ ਜੈਸਾ ਬਾਰਸ਼ ਵਿਚ ਰਾਗ, ਰੰਗ, ਕ੍ਰੀੜਾ ਆਦੀ ਮਿਲਕੇ ਸਮਾਂ ਬੰਨ੍ਹਦੇ ਹਨ।

ਆਪਣੇ ਇਸ ਕਥਨ ਦੀ ਵਿਆਖਿਆ ਕਰਨ ਲਈ ਲੇਖਕ ਨੇ ਪਗ-ਟਿਪਣੀ ਦਰਜ ਕੀਤੀ ਹੈ :

> ਇਹ ਸਮਾਂ ਇਸ ਤਰ੍ਹਾਂ ਬੱਝਦਾ ਹੈ :
> 1. ਲੜਾਈ ਵਿਚ ਧੂੰਏਂ ਦੇ ਬੱਦਲ, ਬਾਰਸ਼ ਦੇ ਬੱਦਲ
> 2. ਤੋਪਾਂ ਦੀ ਗਰਜ, ਬੱਦਲਾਂ ਦੀ ਗਰਜ
> 3. ਬੰਦੂਕਾਂ ਦੀ ਬਾੜ, ਮੀਂਹ ਦੀ ਵਾਛੜ

ਇਸੇ ਲੇਖ ਵਿਚ ਹੀ ਲੇਖਕ ਅੱਗੇ ਜਾ ਕੇ ਲਿਖਦਾ ਹੈ :

> ਖਾਲਸੇ ਨੇ ਸਰਹੱਦੀ ਜੰਗ ਵਿਚ ਸਾਰਾਗੜ੍ਹੀ ਆਦੀ ਸਥਾਨਾਂ ਪਰ ਜੋ ਸ਼ਹੀਦੀ ਪਾਈ ਹੈ ਸੋ ਪਿਛਲੇ ਸਮੇਂ ਯੂਨਾਨ ਦੇਸ਼ ਦੇ ਸਪਾਰਟਾ ਲੋਕਾਂ ਦੀ ਸੂਰਬੀਰਤਾ ਦੀ ਯਾਦ ਕਰਾਉਂਦੀ ਹੈ ਜਿਸ ਨਾਲ ਉਹਨਾਂ ਦੇ ਬਹਾਦਰਾਂ ਦੀ ਟੋਲੀ ਥਾਪੀਲੀ ਗਲੇ ਪਰ ਸ਼ਹੀਦ ਹੋਈ ਸੀ।

ਉਪਰੋਕਤ ਕਥਨ ਦੀ ਸਪਸ਼ਟਤਾ ਹਿਤ ਲੇਖਕ ਨੇ ਦੋ ਪਗ-ਟਿੱਪਣੀਆਂ ਦਰਜ ਕੀਤੀਆਂ ਹਨ। ਪਹਿਲੀ ਪਗ-ਟਿੱਪਣੀ ਵਿਚ ਸ਼ਹੀਦ ਸ਼ਬਦ ਦੀ ਵਿਆਖਿਆ ਇਉਂ ਕੀਤੀ ਗਈ ਹੈ :

> ਸ਼ਹੀਦ ਦੋ ਤਰ੍ਹਾਂ ਦੇ ਹੁੰਦੇ ਹਨ :
> 1. ਜੋ ਸਿੰਘ ਅਕਾਲ ਪੁਰਖ ਅਤੇ ਗੁਰੂਆਂ ਦੀ ਖਾਤ੍ਰ ਅਪਨੀ ਜਾਨ ਕੁਰਬਾਨ ਕਰਨ।
> 2. ਜੋ ਸਿੰਘ ਮਾਲਿਕ ਅਰਥਾਤ ਰਾਜਾ ਅਤੇ ਮੁਲਕ ਦੀ ਖਾਤ੍ਰ ਜਾਨਾਂ ਦੇਨ।
>
> ਪਹਿਲਿਆਂ ਦਾ ਦਰਜਾ ਅੱਵਲ ਅਤੇ ਇਨ੍ਹਾਂ ਦੀ ਪਦਵੀ ਸੱਭ ਤੋਂ ਉਚੀ, ਇਸ ਲਈ ਇਹ ਅਕਾਲੀ, ਧਰਮੀ, ਕੀਰਤਮਾਨ, ਮਹਾਸ਼੍ਰੇਸ਼ਟ, ਅਤੀ ਉੱਚ, ਅਤੀ ਉਤਕ੍ਰਿਸ਼ਟ, ਬਲੰਦੁਲਮਕਾਨ, ਆਲੀਜਾਹ, ਸ਼ਹੀਦ ਸਦਾਉਂਦੇ ਹਨ।
>
> ਦੂਸਰੇ ਹੇਠਲੇ ਦਰਜੇ ਰਹਿੰਦੇ ਹਨ ਅਤੇ ਨਿਮਕ ਹਲਾਲ, ਹਿਤੈਸ਼ੀ, ਮਾਨਵਾਰ, ਸ਼੍ਰੇਸ਼ਟ ਆਦੀ ਸ਼ਹੀਦ ਅਖਵਾਉਂਦੇ ਹਨ।

ਇਸ ਹੀ ਵਾਕ ਨਾਲ ਸੰਬੰਧਤ ਦੂਜੀ ਪਗ-ਟਿੱਪਣੀ ਵਿਚ ਲੇਖਕ ਨੇ ਸਪਾਰਟਾ ਲੋਕਾਂ

ਅਤੇ ਯੂਨਾਨੀਆਂ ਦੇ ਆਪਸੀ ਜੁੱਧ ਦਾ ਹਾਲ ਵਿਸਥਾਰ ਨਾਲ ਬਿਆਨ ਕਰਕੇ ਆਪਣੇ ਕਥਨ ਨੂੰ ਸਪਸ਼ਟ ਕੀਤਾ ਹੈ ।

**ਵਿਚਾਰ-ਲੜੀ ਵਿਚ ਠਹਿਰਾਉ**

ਪ੍ਰੋ. ਗੁਰਮੁਖ ਸਿੰਘ ਦੀ ਵਾਰਤਕ-ਸ਼ੈਲੀ ਦਾ ਇਹ ਗੁਣ ਹੈ ਕਿ ਉਹ ਆਪਣੀ ਵਿਚਾਰ-ਲੜੀ ਨੂੰ ਨਿਰੰਤਰ ਜਾਰੀ ਨਹੀਂ ਰੱਖਦੇ ਸਗੋਂ ਥੋੜ੍ਹੇ ਥੋੜ੍ਹੇ ਅੰਤਰਾਲ ਉੱਤੇ ਠਹਿਰਾਉ ਦਿੰਦੇ ਹਨ । ਉਹ ਅਜਿਹਾ ਠਹਿਰਾਉ ਆਪਣੇ ਵਿਚਾਰਾਂ ਨੂੰ ਪ੍ਰਸ਼ਨ-ਉੱਤਰ ਰੂਪ ਦੇ ਕੇ ਉਤਪੰਨ ਕਰਦੇ ਹਨ । ਉਹ ਪ੍ਰਗਟਾਏ ਜਾ ਰਹੇ ਵਿਸ਼ੇ ਬਾਰੇ ਪ੍ਰਸ਼ਨ ਪੁੱਛ ਕੇ ਆਪ ਹੀ ਉਸਦਾ ਉੱਤਰ ਦਿੰਦੇ ਹਨ । ਇਹ ਗੱਲ ਸਮਝਾਉਣ ਲਈ ਕਿ ਬੁੱਤ-ਪੂਜਾ ਅਤੇ ਗੁਰੂ ਗ੍ਰੰਥ ਸਾਹਿਬ ਦਾ ਆਦਰ-ਮਾਨ ਇਕ ਸਮਾਨ ਨਹੀਂ ਹਨ, ਲੇਖਕ ਨੇ ਪ੍ਰਸ਼ਨ-ਉੱਤਰ ਵਿਧੀ ਦੀ ਵਰਤੋਂ ਇਉਂ ਕੀਤੀ ਹੈ :

> ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਉਸੀ ਤ੍ਰਾਂ ਆਦਰ ਕਰਦੇ ਹਾਂ ਜਿਵੇਂ ਠਾਕਰਾਂ ਵਾਲੇ ਬੁੱਤਾਂ ਦਾ ਕਰਦੇ ਹਨ ਬਲਕਿ ਉਨਹਾਂ ਤੋਂ ਵਧ ਕੇ -ਫੇਰ ਬੁਤ ਪ੍ਰਸਤੀ ਹੋਈ ? ਨਹੀਂ ਬੁੱਤ ਪ੍ਰਸਤੀ ਆਦਰ ਕਰਨ ਦਾ ਨਾਉਂ ਨਹੀਂ ।
>
> (ਤੀਜਾ ਵਿਖਿਆਨ, ਪੰਨਾ 21)

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਤਿਲਗ ਰਾਗ ਵਿਚ ਉਚਾਰਨ ਕੀਤੇ ਸ਼ਬਦ "ਜੈਸੀ ਮੈਂ ਆਵੈ ਖਸਮ ਕੀ ਬਾਣੀ..............." ਦੀ ਵਿਆਖਿਆ ਕਰਦਿਆਂ ਪ੍ਰੋਫੈਸਰ ਗੁਰਮੁਖ ਸਿੰਘ ਲਿਖਦੇ ਹਨ :

> ਸੋ ਆਪ ਦੇਖੀਏ ਕੇ ਜੋ ਕੁਛ ਮੁਗਲਾਂ ਨੇ ਹਿੰਦੁਸਤਾਨ ਵਿਚ ਕੀਤਾ ਉਹ ਦੇਸੀਆਂ ਨੂੰ ਕਦੇ ਭੁਲ ਜਾਵੇਗਾ-ਗੁਰੂ ਸਾਹਿਬ ਨੇ ਮੁਗਲਾਂ ਦੀ ਸਖ਼ਤੀ ਨਿਰੂਪਣ ਕੀਤੀ ਸੀ ਸੋ ਉਸ ਸਮੇਂ ਦਾ ਬੋਲ ਸਾਨੂੰ ਕਦੇ ਨਹੀਂ ਭੁਲਨਾ । ਦੂਸ੍ਰੀ ਬਾਤ-ਕੌਨ ਅਠਤਰੇ ਆਉਨ ਅਤੇ ਸਤਾਨਵੇਂ ਜਾਨ ? ਕੇਹੜਾ ਅਠਤ੍ਰਾ ਅਤੇ ਕੇਹੜਾ ਸਤਾਨਵਾ ?

ਪਰ ਇਹ ਜ਼ਰੂਰੀ ਨਹੀਂ ਕਿ ਲੇਖਕ ਅਜਿਹਾ ਠਹਿਰਾਉ ਲਿਆਉਣ ਲਈ ਹਰ ਵਾਰ ਪ੍ਰਸ਼ਨ-ਉਤਰ ਵਿਧੀ ਦੀ ਹੀ ਵਰਤੋਂ ਕਰੇ, ਸਗੋਂ ਉਹ ਕਈ ਵਾਰ ਅਜਿਹਾ ਕਾਰਜ ਹੁੰਗਾਰਾ-ਸੂਚਕ ਸ਼ਬਦਾਂ ਬਹੁਤ ਅੱਛਾ, ਠੀਕ ਹੈ ਆਦਿ ਦੀ ਵਰਤੋਂ ਨਾਲ ਵੀ ਕਰ ਲੈਂਦਾ ਹੈ । ਦ੍ਰਿਸ਼ਟਾਂਤ ਵੱਜੋਂ ਲੇਖਕ ਦੇ ਤੀਜੇ ਵਿਆਖਿਆਨ ਦਾ ਇਹ ਅੰਸ਼ ਦੇਖਿਆ ਜਾ ਸਕਦਾ ਹੈ :

> ਇੱਕ ਠਾਕਰ ਪੂਜਕ ਝਟ ਕਹਿ ਦੇਵੇਗਾ ਕਿ ਠਾਕਰਾਂ ਵਿਚਿ ਬੀ ਏਹੀ ਗਲ ਘਟਦੀ ਹੈ ਕਿ ਪੱਥਰ ਨੂੰ ਨਹੀਂ ਨਿਮਸਕਾਰ ਕਰੀਦੀ, ਬਲਕਿ ਉਸ ਵਿਚਿ ਜੋ ਪ੍ਰਮੇਸਰ ਦੀ ਭਾਵਨਾ ਮੌਜੂਦ ਹੈ ਉਸ ਨੂੰ ਨੀਵੀਂਦਾ ਹੈ-ਬਹੁਤ ਅੱਛਾ-ਠਾਕਰ ਪੂਜਕ ਇਕ ਪੱਥਰ ਯਾ ਇਕ ਪੱਥਰ ਦੀ ਮੂਰਤੀ ਨੂੰ ਅੱਗੇ ਰੱਖਦਾ ਹੈ ਅਤੇ ਉਸ ਵਿਚਿ ਪ੍ਰਮੇਸਰ ਦੀ ਭਾਵਨਾ ਕਰਦਾ ਹੈ-ਉਸ ਪੱਥਰ ਨੂੰ ਪ੍ਰਮੇਸਰ ਮੰਨਦਾ ਹੈ-ਜੇਕਰ ਉਹ ਆਖੇ ਕਿ ਉਹ ਪੱਥਰ ਅੱਗੇ ਝੁਕਦਾ ਨਹੀਂ ਬਲਕਿ ਉਸ ਵਿਚਿ ਜੋ ਪ੍ਰਮੇਸ੍ਰਰ ਦੀ ਭਾਵਨਾ ਹੁੰਦੀ ਹੈ

ਹੈ ਉਸ ਅਗੇ ਝੁਕਦਾ ਹੈ-ਠੀਕ ਹੈ-ਪਰ ਇਹ ਕਿਸ ਵਿਚਿ ਹੁੰਦੀ ਹੈ ਪੱਥਰ ਵਿਚਿ ਕਿ ਪੂਜਕ ਵਿਚਿ-ਹੁੰਦੀ ਹੈ ।

**ਦ੍ਰਿਸ਼ਟਾਂਤ**

ਲੇਖਕ ਨੇ ਆਪਣੇ ਵਿਚਾਰਾਂ ਦਾ ਸਹੀ ਅਰਥ-ਬੋਧ ਕਰਵਾਉਣ ਲਈ ਇਤਿਹਾਸ-ਮਿਥਿਹਾਸ ਸਮਕਾਲੀ ਰਾਜ-ਪ੍ਰਬੰਧ, ਵਰਤੋਂ-ਵਿਹਾਰ ਆਦਿ ਵਿਚੋਂ ਢੁਕਵੇਂ ਦ੍ਰਿਸ਼ਟਾਂਤ ਦਿੱਤੇ ਹਨ । ਉਦਾਹਰਨ ਵੱਜੋਂ ਲੇਖਕ ਦਾ ਮਤ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਗੁਰੂ ਸਾਹਿਬਾਨ ਦਾ ਆਤਮਾ-ਰੂਪ ਹਨ, ਦੇਹ ਰੂਪ ਨਹੀਂ ਜਿਸ ਤਰ੍ਹਾਂ ਕਿ ਆਮ ਧਾਰਨਾ ਪਾਈ ਜਾਂਦੀ ਹੈ । ਉਹ ਆਪਣੀ ਵਿਚਾਰ- ਧਾਰਾ ਨੂੰ ਸਪਸ਼ਟ ਕਰਨ ਹਿਤ ਪਹਿਲਾਂ ਤਾਂ ਇਸ ਬਾਰੇ ਵਿਦਵਾਨ ਪੁਰਸ਼ਾਂ ਵਿਚ ਪ੍ਰਚੱਲਤ ਧਾਰਨਾ ਦਾ ਇਉਂ ਉਲੇਖ ਕਰਦਾ ਹੈ :

> "ਆਮ ਦਸਤੂਰ ਹੈ ਕਿ ਜੋ ਗ੍ਰੰਥ ਕਰਤਾ ਹੋਵੇ ਉਸ ਗ੍ਰੰਥ ਨੂੰ ਉਸ ਦੇ ਨਾਉਂ ਪਰ ਪੁਕਾਰਦੇ ਹਨ .........ਕੋਈ ਸ਼ਖਸ ਕਿਸੇ ਨੂੰ ਆਖ ਸਕਦਾ ਹੈ ਕਿ ਮੈਨੂੰ ਬਾਲਮੀਕ ਯਾ ਯਾਗਵਲਕਯਾ ਲੀਲਾਵਤੀ ਦੀ ਲੋੜ ਹੈ......ਪਰ ਗ੍ਰੰਥ ਦਾ ਨਾਉ ਨਹੀਂ ਲਈਦਾ ਗ੍ਰੰਥ ਕਰਤਾ ਦਾ ਨਾਉਂ ਲੈਂਦੇ ਹਨ—ਕਾਰਨ ਇਹਿ ਹੈ ਕਿ ਗ੍ਰੰਥ ਕਰਤਾ ਦੇ ਮਗਰੋਂ ਜੇਕਰ ਉਸ ਨੂੰ ਦੇਖਣਾ ਹੋਵੇ ਤਾਂ ਉਸ ਦਾ ਗ੍ਰੰਥ ਦੇਖ ਲੇਵੇ । ਜਦ ਕਿਸੇ ਨੇ ਬਾਲਮੀਕ ਨਾਲ ਯਾ ਯਾਗਲਵਕ ਨਾਲ ਬਾਤਚੀਤ ਕਰਨੀ ਹਵੇ ਯਾ ਉਨਹਾਂ ਦੀ ਸੋਮਤੀ ਦੇਖਨੀ ਹੋਵੇ ਪੁਸਤਕ ਦੇਖੇ ਤਾਂ ਮਾਨੋ ਉਨਹਾਂ ਨਾਲ ਹੀ ਬਾਤਾਂ ਹੋਈਆਂ... ਤਾਂ ਤੇ ਉਹ ਗ੍ਰੰਥ ਆਤਮਾ ਰੂਪ ਕਰਕੇ ਜਾਣੀਦੇ ਹਨ "।
>
> (ਤੀਜਾ ਵਿਖਿਆਨ, ਪੰਨਾ 22)

ਫਿਰ ਆਮ ਸਾਧਾਰਨ ਜੀਵਨ ਵਿਚੋਂ ਚਿੱਠੀ ਦਾ ਪ੍ਰਮਾਣ ਦਿੱਤਾ ਹੈ :

> "ਇਕ ਮਨੁੱਖ ਆਪਨੀ ਚਿੱਠੀ ਦੂਸਰੇ ਨੂੰ ਭੇਜਦਾ ਹੈ ਓਹਿ ਚਿੱਠੀ ਓਸ ਪਹਿਲੇ ਸ਼ਖਸ਼ ਦੀ ਜਗ਼ਾ ਜਾਂਦੀ ਹੈ ਕਿ ਉਹ ਖੁਦ ਜਾ ਕੇ ਜੋ ਕੁਛ ਆਖਨਾ ਚਾਹੁੰਦਾ ਹੈ ਚਿੱਠੀ ਦੇ ਆਸਰੇ ਆਖਦਾ ਹੈ ਤਾਂ ਚਿੱਠੀ ਓਸ ਦੇ ਮਨ ਦੇ ਮਨੋਰਥ ਆਖ ਦੇਊ ।" (ਉਹੀ, ਪੰਨਾ 23)

ਉਪਰੰਤ ਇਸ ਕਥਨ ਦੀ ਪੁਸ਼ਟੀ ਲਈ ਤੀਸਰੇ ਪ੍ਰਮਾਣ ਸ਼ਾਹੀ ਹੁਕਮਨਾਮਿਆਂ ਦਾ ਜ਼ਿਕਰ ਕਰਦਿਆਂ ਲਿਖਿਆ ਹੈ :

> ਪਾਦਿਸ਼ਾਹੀ ਮੁਰਾਸਲੇ ਆਉਂਦੇ ਹਨ, ਮਾਨੋ ਪਾਦਿਸ਼ਾਹੀ ਦੀ ਜਗਾ ਉਹਿ ਹੁੰਦੇ ਹਨ ਜਿਥੇ ਕਿਤੇ ਪਾਦਿਸ਼ਾਹੀ ਯਾ ਰਾਜੇ ਯਾ ਅਫਸਰਾਂ ਜਾਨਾ ਹੋਵੇ ਆਪਨਾ ਮੁਰਾਸਲਾ ਭੇਜ ਕਰ ਕੇ ਬਾਤ ਚੀਤ ਕਰਦਾ ਹੈ ਉਹੁ ਮੁਰਾਸਲਾ ਉਸੀ ਦਾ ਆਤਮਾ ਰੂਪ ਸਮਝਿਆ ਜਾਂਦਾ ਹੈ । (ਉਹੀ, ਪੰਨਾ 23)

ਉਪਰੋਕਤ ਪ੍ਰਮਾਣ ਦੇਣ ਤੋਂ ਪਿਛੋਂ ਲੇਖਕ ਸਾਰੀ ਵਿਚਾਰ ਦਾ ਨਿਚੋੜ ਇਨ੍ਹਾਂ ਸ਼ਬਦਾਂ ਵਿਚ ਦਿੰਦਾ ਹੈ :

> ਪੁਸਤਕਾਂ ਪੁਸਤਕ ਕਰਤਾ ਦਾ ਆਤਮਾ ਰੂਪ ਹੁੰਦਾ ਹੈ ਏਸ ਕਰ ਕੇ ਜੇੜ੍ਹਾ ਆਦਰ ਪੁਸਤਕ ਕਰਤਾ ਦਾ ਹੁੰਦਾ ਹੈ ਉਤਨਾ ਹੀ ਪੁਸਤਕ ਦਾ ।
>
> (ਉਹੀ, ਪੰਨਾ 24)

ਅਗਿਆਨੀ ਦੁਨਿਆਵੀ ਜੀਵਾਂ ਦੇ ਉਧਾਰ ਲਈ ਪਰਮਾਤਮਾ ਵੱਲੋਂ ਆਪਣੇ ਪ੍ਰਤੀਨਿਧ ਵੱਜੋਂ ਭੇਜੇ ਜਾਣ ਵਾਲੇ ਮਹਾਂਪੁਰਖ ਦੇ ਸੰਕਲਪ ਨੂੰ ਪ੍ਰੋ. ਗੁਰਮੁਖ ਸਿੰਘ ਨੇ ਬਰਤਾਨੀਆਂ ਦੀ ਮਹਾਰਾਣੀ ਵੱਲੋਂ ਕਿਸੇ ਵਿਸ਼ਵਾਸ ਪਾਤਰ ਵਿਅਕਤੀ ਨੂੰ ਹਿੰਦੁਸਤਾਨ ਦਾ ਗਵਰਨਰ ਜਨਰਲ ਨਿਯੁਕਤ ਕੀਤੇ ਜਾਣ ਦਾ ਦ੍ਰਿਸ਼ਟਾਂਤ ਦੇ ਕੇ ਸਪਸ਼ਟ ਕੀਤਾ ਹੈ। ਉਹ ਲਿਖਦੇ ਹਨ :

> ਤਾਂ ਤੇ ਮਨੁੱਖਾਂ ਨੂੰ ਰਾਹ ਪਾਉਣ ਲਈ ਓਹਨਾਂ ਜਿਹਾ ਹੀ ਇਕ ਮਨੁਖ ਆਵੇ ਜੋ ਓਹਨਾਂ ਨੂੰ ਸਿਖਾਵੇ। ਮਨੁਖ ਆਉਨ ਦਾ ਮਤਲਬ ਏਹਿ ਕੇ ਓਹ ਇਕ ਦੇਹਧਾਰੀ ਨੂੰ ਚੁਨ ਲੈਂਦਾ ਹੈ ਅਤੇ ਅਪਨੀ ਸਤਾ ਓਸ ਵਿਚ ਦੇ ਕੇ ਓਸ ਦੀ ਰਾਹੀਂ ਹੋਰਨਾਂ ਨੂੰ ਰਸਤੇ ਚਲਾਉਂਦਾ ਹੈ। ਇਸ ਦਾ ਦ੍ਰਿਸ਼ਟਾਂਤ ਬ੍ਰਿਟਿਸ਼ (ਗਵਰਨਮਿੰਟ) ਰਾਜ ਦੇ ਇੰਤਜ਼ਾਮ ਵਿਖੇ ਦੇਖਿਯਾ ਜਾਂਦਾ ਹੈ। ਬਾਦਸ਼ਾਹ-ਜ਼ਾਦੀ ਕੇਸਰਹਿੰਦ ਕਿਸੇ ਅਛੇ ਅਤੇ ਭਲੇ ਪੁਰਸ਼ ਨੂੰ ਚੁਨ ਕੇ ਗਵਰਨਰ ਜਨਰਲ ਬਨਾ ਕੇ ਭੇਜ ਦਿੰਦੀ ਹੈ ਕੇ ਓਸਦੇ ਹੁਕਮ ਅਨੁਸਾਰ ਰਈਅਤ ਨੂੰ ਚਲਾਵੇ। (ਦੂਜਾ ਵਿਖਿਆਨ, ਪਨਾ 10)

**ਟੂਕਾਂ ਦੀ ਵਰਤੋਂ**

ਲੇਖਕ ਆਪਣੇ ਕਥਨਾਂ ਦੀ ਪੁਸ਼ਟੀ ਲਈ ਗੁਰਬਾਣੀ ਦੀਆਂ ਪੰਕਤੀਆਂ ਅਤੇ ਹੋਰਨਾਂ ਵਿਦਵਾਨਾ ਦੇ ਕਥਨਾਂ ਨੂੰ ਉਧਰਿਤ ਕਰਦਾ ਹੈ। ਉਹ ਆਪਣੀ ਇਸ ਰਾਇ ਕਿ ਪਰਮਾਤਮਾ ਅਜੂਨੀ ਹੈ, ਉਹ ਜੰਮਣ-ਮਰਨ ਤੋਂ ਉੱਪਰ ਹੈ, ਇਸ ਲਈ ਸੰਸਾਰ ਵਿਚ ਜਨਮ ਲੈਣ ਵਾਲੇ ਕਿਸ ਵਿਅਕਤੀ ਨੂੰ ਉਸਦਾ ਰੂਪ ਅਥਵਾ ਅਵਤਾਰ ਮੰਨਣਾ ਯੋਗ ਨਹੀਂ, ਦੀ ਪੁਸ਼ਟੀ ਲਈ ਗੁਰਬਾਣੀ ਦੀ ਇਸ ਪੰਕਤੀ ਦੀ ਗਵਾਹੀ ਦਿੰਦਾ ਹੈ :

> ਸੋ ਮੁਖ ਜਲੋ ਜਿਤੁ ਕਹਹਿ ਠਾਕੁਰੁ ਜੋਨੀ।

ਭਗਤ ਸ਼ਬਦ ਦੀ ਵਿਆਖਿਆ ਕਰਦਿਆਂ ਵੀ ਪ੍ਰੋ. ਗੁਰਮੁਖ ਸਿੰਘ ਆਪਣੇ ਵਿਚਾਰਾਂ ਦੀ ਪ੍ਰੋੜ੍ਹਤਾ ਹਿਤ ਭਾਈ ਗੁਰਦਾਸ ਦੀ ਰਚਨਾ ਵਿਚੋਂ ਇਕ ਪੰਕਤੀ ਦੀ ਵਰਤੋਂ ਕਰਦਿਆਂ ਲਿਖਦੇ ਹਨ :

> ਭਗਤ ਸਬਦ ਵਿਚ ਪੂਰਾ ਤਿਆਗ ਹੁੰਦਾ ਹੈ ਚਾਹੇ ਰਾਜਾ ਹੋਵੇ ਚਾਹੇ ਕੰਗਾਲ। ਜੈਸੇ ਭਾਈ ਗੁਰਦਾਸ ਦੀ ਵਾਰ ਵਿਚ ਆਉਂਦਾ ਹੈ-ਭਗਤ ਵਡਾ ਰਾਜਾ ਜਨਕ ਹੈ ਰਹਿੰਦਾ ਮਾਯਾ ਵਿਚ ਉਦਾਸੀ।
>
> (ਦੂਜਾ ਵਿਖਿਆਨ, ਪੰਨਾ 13)

ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਨਿਮਸਕਾਰ ਕਰਨ ਦੀ ਪ੍ਰੇਰਨਾ ਦੇਣ ਲਈ ਗੁਰੂ ਗੋਬਿੰਦ ਸਿੰਘ ਦੇ ਫ਼ੁਰਮਾਨ ਨੂੰ ਉਧਰਿਤ ਕਰਦਿਆਂ ਲਿਖਦੇ ਹਨ :

> ਦਸਮ ਗੁਰੂ ਜੀ ਦਾ ਵਾਕ ਹੈ-ਥਾਪ ਚਲਿਓ ਜੋ ਜਗਤ ਮੈ ਤਿਨੇ ਨਿਵਾਵੋ ਸੀਸ— (ਤੀਜਾ ਵਿਖਿਆਨ, ਪੰਨਾ 24)

ਸਿੱਖ ਕੌਣ ਹੁੰਦਾ ਹੈ ? ਇਸ ਪ੍ਰਸ਼ਨ ਦਾ ਉਤਰ-ਕਿ ਸਿੱਖ ਉਹ ਹੈ ਜੋ ਹਮੇਸ਼ਾ ਕੁੱਝ ਸਿਖਣ ਲਈ ਤਤਪਰ ਰਹੇ-ਦੇ ਕੇ ਪ੍ਰੋ. ਗੁਰਮੁਖ ਸਿੰਘ ਨੇ ਸਿੱਖ ਦੇ ਅਜਿਹੇ ਸੁਭਾਉ ਦੀ ਚੰਗਿਆਈ ਦਰਸਾਉਣ ਲਈ ਅਰਸਤੂ ਅਤੇ ਹੈਮਿਲਟਨ ਦੇ ਕਥਨ ਉਧਰਿਤ ਕੀਤੇ ਹਨ। ਉਹ ਲਿਖਦੇ ਹਨ :

> ਸਿਖ ਸ਼ਬਦ ਏਹਿ ਜਤਾਉਂਦਾ ਹੈ ਕੇ ਓਹ ਹਮੇਸ ਸਿਖਯਾ ਲੈਨ ਦੇ ਕਾਬਲ ਹੈ-ਹਮੇਸ ਹੀ ਸਤਿਗੁਰਾਂ ਪਾਸੋਂ ਕੁਛ ਨਾ ਕੁਛ ਸਿਖਦਾ ਹੈ ਅਤੇ ਉਸਦੀ ਇਸ ਵਿਸ਼ੇ ਵਿਚ ਉਨਤੀ ਅੰਤ ਨੂੰ ਨਹੀਂ ਪੁੱਜੀ। ਮੋਟੀ ਜੇਹੀ ਅਖਾਉਤ ਹੈ ਕੇ ਜੋ ਚੀਜ ਅੰਤ ਨੂੰ ਪਹੁੰਚੇ ਓਸ ਦਾ ਮੁੜ ਨਾਸ ਹੋ ਜਾਂਦਾ ਹੈ ਅਥਵਾ ਨੁਕਸਾਨ-ਪਰ ਜੋ ਚੀਜ ਹਮੇਸ ਉਨਤੀ ਦੀ ਅਵਸਥਾ ਵਿਚ ਰਹੇ ਸੋ ਬਹੁਤ ਅਛੀ ਹੁੰਦੀ ਹੈ। ਅਰਸਤੂ ਯੂਨਾਨੀ ਆਚਾਰਜ ਦਾ ਏਹੋ ਮਤ ਹੈ ਕੇ ਦਰਮਿਆਨੀ ਅਵਸਥਾ ਚੰਗੀ ਹੁੰਦੀ ਹੈ ਪਰ ਕਿਸੇ ਬਾਤ ਦਾ ਅੰਤ ਨੂੰ ਪਹੁੰਚਨਾ ਮਾੜਾ ਹੁੰਦਾ ਹੈ। ਹੈਮਿਲਟਨ ਸਾਹਿਬ ਇਕ ਭਾਰੇ ਦਾਰਸ਼ਨਕ ਦਾ ਕਥਨ ਹੈ ਕੇ ਚੰਗਾ ਅਤੇ ਉਤਮ ਦਾਰਸ਼ਨਕ ਓਹ ਹੈ ਜੋ ਹਮੇਸ਼ ਕਿਸੇ ਵਿਸੇ ਵਿਚ ਉਨਤੀ ਕਰਦਾ ਚਲੇ ਅਤੇ ਕਿਤੇ ਆ ਕੇ ਅਟਕ ਨਾ ਜਾਵੇ ਕੇ ਬਸ ਜੋ ਕਰਨਾ ਸੀ ਸੋ ਹੋ ਚੁਕਾ।
>
> (ਦੂਜਾ ਵਿਖਿਆਨ, ਪੰਨਾ 23)

ਇਸ ਤਰ੍ਹਾਂ ਹੀ 'ਲਾਸਾਨੀ ਕਰਾਮਾਤ' ਲੇਖ ਵਿਚ ਪ੍ਰੋ. ਗੁਰਮੁਖ ਸਿਘ ਖ਼ਾਲਸਾ ਪੰਥ ਦੀ ਸਿਰਜਨਾ-ਜਿਸ ਪਿੱਛੋਂ ਮੁਰਦਾ ਹੋ ਚੁੱਕੀ ਭਾਰਤੀ ਕੌਮ ਜ਼ਾਲਮ ਅਤੇ ਜਾਬਰ ਨਾਲ ਲੋਹਾ ਲੈਣ ਦੇ ਸਮਰੱਥ ਹੋਈ-ਨੂੰ ਕਰਾਮਾਤ ਦੱਸ ਕੇ ਵਰਤਮਾਨ ਸਮੇਂ ਵਿਚ ਵੀ ਇਸ ਸਪਿਰਟ ਦੇ ਜਾਰੀ ਰਹਿਣ ਦੀ ਗਵਾਹੀ ਵੱਜੋਂ ਸਰ ਲੈਪਿਲ ਗ੍ਰਿਫਨ, ਕਰਨਲ ਮੈਲੀਸਨ, ਕੈਪਟਨ ਕਰੇਊਬਰ ਦੀਆਂ ਲਿਖਤਾਂ ਵਿਚੋਂ ਹਵਾਲੇ ਦੇਣ ਦੇ ਨਾਲ ਨਾਲ ਇਸ ਵਿਸ਼ੇ ਬਾਰੇ ਪਾਏਨੀਅਰ ਅਖ਼ਬਾਰ ਦੇ ਕਾਲਮਾਂ ਵਿਚ ਪ੍ਰਗਟਾਏ ਗਏ ਵਿਚਾਰਾਂ ਨੂੰ ਵੀ ਹਵਾਲੇ ਵੱਜੋਂ ਪੇਸ਼ ਕਰਦੇ ਹਨ।

**ਵਿਅੰਗ**

ਦਰਸ਼ਨ ਅਤੇ ਧਰਮ ਨਾਲ ਸੰਬੰਧਤ ਗੰਭੀਰ ਵਿਸ਼ੇ ਨੂੰ ਆਪਣੇ ਕਲੇਵਰ ਵਿਚ ਲੈਣ ਦੇ ਬਾਵਜੂਦ ਪ੍ਰੋ. ਗਰਮੁਖ ਸਿੰਘ ਰਚਿਤ ਵਾਰਤਕ ਨੀਰਸ ਅਤੇ ਉਕਾਊ ਨਹੀਂ ਬਣੀ ਕਿਉਂਕਿ ਇਕ ਤਾਂ ਲੇਖਕ ਆਪ ਆਪਣੇ ਵਿਸ਼ੇ ਬਾਰੇ ਪੂਰਨ ਭਾਂਤ ਸਪਸ਼ਟ ਹੈ ਅਤੇ ਦੂਜਾ ਉਸ ਪਾਸ ਮਾਨਵ-ਹਿਤੈਸ਼ੀ ਵਿਚਾਰਾਂ ਦੀ ਕਸਵੱਟੀ ਹੈ, ਜਿਸ ਉਪਰ ਲਾ ਕੇ ਹੀ ਉਹ ਹਰ ਵਿਚਾਰ ਦੇ ਮਹੱਤਵ ਨੂੰ ਆਂਕਦਾ ਹੈ। ਉਹ ਆਪਣੀ ਸੋਚ ਵਿਚ ਲਕੀਰ ਦਾ ਫ਼ਕੀਰ ਨਹੀਂ, ਸਗੋਂ ਹਰ ਵਿਚਾਰ ਨੂੰ ਡੂੰਘੀ ਘੋਖ-ਪੜਤਾਲ ਉਪਰੰਤ ਹੀ ਗ੍ਰਹਿਣ ਕਰਦਾ ਹੈ ਅਤੇ ਜਿਹੜੇ ਵਿਚਾਰ ਉਸਦੀ ਕਸਵੱਟੀ ਉਤੇ ਪੂਰੇ ਨਹੀਂ ਉਤਰਦੇ, ਉਹਨਾਂ ਨੂੰ ਨਿਡਰਤਾ ਨਾਲ ਨਿਕਾਰਦਾ ਅਤੇ ਵਿਅੰਗ ਦਾ ਨਿਸ਼ਾਨਾ ਬਣਾਉਂਦਾ ਹੈ। ਪੁਰਾਣਕ ਵਿਚਾਰ ਧਾਰਾ ਅਨੁਸਾਰ ਚੌਵੀ ਅਵਤਾਰ ਮੰਨੇ ਗਏ ਹਨ, ਜਿਹਨਾਂ ਬਾਰੇ ਕਿਹਾ ਜਾਂਦਾ ਹੈ ਕਿ ਉਹਨਾਂ ਆਪਣੇ ਆਪਣੇ ਸਮੇਂ ਮਹਾਨ ਕਰਤੱਵ ਕੀਤੇ। ਇਹਨਾਂ ਅਵਤਾਰਾਂ ਵਿਚ ਇਕ ਮੱਛ ਅਵਤਾਰ ਹੋਇਆ ਹੈ। ਦੱਸਦੇ ਹਨ ਕਿ ਜਦੋਂ ਰਾਕਸ਼ ਬ੍ਰਾਹਮਣਾਂ ਪਾਸੋਂ ਵੇਦਾਂ ਨੂੰ ਖੋਹ ਕੇ ਲੈ ਜਾ ਰਹੇ ਸਨ ਤਾਂ ਵਿਸ਼ਨੂੰ ਨੇ ਮੱਛੀ ਵਿਚੋਂ ਨਿਕਲ ਕੇ ਵੇਦ ਛੁਡਾਏ। ਵਰਤਮਾਨ ਵਿਗਿਆਨਿਕ ਯੁਗ ਵਿਚ ਕਪੋਲ-ਕਲਪਨਾ ਪ੍ਰਤੀਤ ਹੁੰਦੀ ਕਥਾ ਬਾਰੇ ਵਿਅੰਗ ਕਰਦਾ ਹੋਇਆ ਲੇਖਕ ਲਿਖਦਾ ਹੈ :

> ਮਛ ਅਵਤਾਰ ਇਸ ਵਾਸਤੇ ਹੋਇਆ ਕੇ ਬੇਦਾਂ ਨੂੰ ਰਾਕਸ ਲੋਕ ਸਮੁੰਦਰ ਵਿਚ ਲੈ ਵੜੇ ਸੇ ਪਰ ਏਹ ਖ਼ਬਰ ਨਹੀਂ ਕੇ ਅਪਨੀ ਕਛ ਵਿਚ

ਮਾਰ ਕੇ ਅਥਵਾ ਕਿਸੇ ਲੋਹੇ ਦੇ ਸੰਦੂਕ ਵਿਚ ਪਾ ਕੇ ।

(ਦੂਜਾ ਵਿਖਿਆਨ, ਪੰਨਾ 4)

ਅਵਤਾਰਵਾਦ ਦਾ ਖੰਡਨ ਕਰਦਿਆਂ ਉਹ ਲਿਖਦੇ ਹਨ :

ਪ੍ਰਮੇਸਰ ਏਹਿ ਨਹੀਂ ਦਮ ਮਾਰ ਸਕਦਾ ਕੇ ਮੈਂ ਜੰਮਦਾ ਮਰਦਾ ਨਹੀਂ । ਇਸ ਹਿਸਾਬ ਤਾਂ ਉਹ ਚੌਵੀ ਵਾਰੀ ਮਰ ਜੰਮ ਚੁੱਕਾ ਹੈ । ਪਰ ਜਦ ਓਹ ਗ੍ਰਭ ਵਿਚ ਆਉਂਦਾ ਹੋਊ ਤਦ ਓਸ ਦੀ ਜਗਾ ਕੌਨ ਕੰਮ ਦੇਂਦਾ ਹੋਊ ? ਕਿਓਂ ਕੇ ਓਹ ਤਾਂ ਵਿਕ ਵਿਡ ਦੇ ਹਿੱਸੇ ਵਿਚ ਆ ਪਿਆ, ਬਾਕੀ ਸ੍ਰਿਸਟੀ ਕੌਨ ਸੰਭਾਲਦਾ ਹੋਊ ? ਖਬਰ ਨਹੀਂ, ਤੋਫਾਨ ਤਦ ਹੀ ਆਉਂਦੇ ਹਨ ਜਦ ਪ੍ਰਮੇਸ਼ਵਰ ਅਪਨੀ ਜਾਗਾ ਛਡ ਕੇ ਕਿਸੇ ਦੇ ਵਿਡ ਵਿਚ ਜਾ ਬੈਠਦਾ ਹੈ ।

(ਦੂਜਾ ਵਿਖਿਆਨ, ਪੰਨਾ 10)

ਸਾਧ ਸੰਗਤ ਦੇ ਭੋਲੇਪਣ ਦਾ ਲਾਭ ਉਠਾ ਕੇ ਗੁਰਦੁਆਰਿਆਂ ਵਿਚ ਗੁਰਬਾਣੀ ਅਤੇ ਗੁਰ-ਇਤਿਹਾਸ ਦੇ ਪਰਚਾਰ ਨੂੰ ਉਤਸ਼ਾਹਿਤ ਕਰਨ ਦੀ ਥਾਂ ਚੜ੍ਹਾਵੇ ਨੂੰ ਮੁਖ ਰੱਖਣ ਦੀ ਰੁਚੀ ਦਾ ਉਪਹਾਸ ਉਡਾਉਂਦਿਆਂ ਪ੍ਰੋ. ਗੁਰਮੁਖ ਸਿੰਘ ਲਿਖਦੇ ਹਨ :

ਜੋ ਲੋਕ ਗੁਰਦੁਆਰਿਆਂ ਵਿਚ ਉਤਸਵ ਕਰਦੇ ਹਨ ਸੋ ਤਾਂ ਮੁਖ ਆਮਦਨ ਨੂੰ ਰਖਦੇ ਹਨ, ਜਿਸ ਕੰਮ ਤੇ ਦੋ ਪੈਸੇ ਆਉਨ ਓਹ ਕੰਮ ਕਰਨਾ । ਬਾਕੀ ਰਹੀ ਹੋਰ ਸੰਗਤ, ਸੋ ਸੰਗਤ ਵਿਚਾਰੀ ਗਊ ਰੂਪ ਹੈ ਜਿਸ ਤਰਫ ਚਾਹੇ ਲੈ ਜਾਓ ਜਿਸ ਦਿਨ ਚਾਹੋ ਚੋ ਲਵੋ ।

(ਦੂਜਾ ਵਿਖਿਆਨ, ਪੰਨਾ 50)

ਇਸ ਤਰ੍ਹਾਂ ਲਿਖਣ-ਸ਼ੈਲੀ ਵਿਚਲੀਆਂ ਉਪਰ-ਵਰਣਿਤ ਕਲਾ-ਜੁਗਤਾਂ ਕਾਰਨ ਲਿਖਤ ਵਿਚਲੇ ਵਿਸ਼ੇ ਦੀ ਇਕਸਾਰਤਾ ਟੁੱਟ ਕੇ ਰੋਚਿਕਤਾ ਉਤਪੰਨ ਹੁੰਦੀ ਹੈ ਅਤੇ ਲੇਖਕ ਦਾ ਬਿਆਨ ਵਧੇਰੇ ਸਪਸ਼ਟ ਅਤੇ ਸ਼ਕਤੀਸ਼ਾਲੀ ਬਣਦਾ ਹੈ ।

ਪ੍ਰੋ. ਗੁਰਮੁਖ ਸਿੰਘ ਦੁਆਰਾ ਆਪਣੀ ਵਾਰਤਕ ਰਚਨਾ ਵਿਚ ਇਹ ਸਾਰੀਆਂ ਕਲਾ-ਜੁਗਤਾਂ ਵਰਤਣ ਨਾਲ ਉਨ੍ਹਾਂ ਦੀ ਵਾਰਤਕ-ਸ਼ੈਲੀ ਵਿਚ ਅਜਿਹੇ ਲੱਛਣ ਉਤਪੰਨ ਹੋਏ ਹਨ ਜੋ ਉਹਨਾਂ ਨੂੰ ਹੋਰਨਾਂ ਵਾਰਤਕ ਲੇਖਕਾਂ ਨਾਲੋਂ ਨਿਖੇੜਨ ਦਾ ਕਾਰਨ ਬਣੇ ਹਨ । ਕਿਸੇ ਹੋਰ ਰਚਨਾ ਵਿਚ ਅਜਿਹੀ ਵਾਰਤਕ-ਸ਼ੈਲੀ ਦਿਖਾਈ ਨਹੀਂ ਦਿੰਦੀ । ਵਿਦਵਾਨਾਂ ਅਨੁਸਾਰ ਕਿਸੇ ਉੱਤਮ-ਸ਼ੈਲੀਕਾਰ ਵਿਚ ਦੋ ਗੁਣ ਹੋਣੇ ਚਾਹੀਦੇ ਹਨ-ਉਸਦਾ ਬੌਧਿਕ-ਪੱਧਰ ਉਚਾ ਹੋਵੇ ਅਤੇ ਉਸਨੂੰ ਭਾਸ਼ਾ ਉੱਪਰ ਪੂਰਨ ਵਸ਼ੀਕਾਰ ਪ੍ਰਾਪਤ ਹੋਵੇ । ਸਾਨੂੰ ਪ੍ਰੋ. ਗੁਰਮੁਖ ਸਿੰਘ ਦੇ ਵਿਅਕਤਿਤਵ ਵਿਚ ਇਹਨਾਂ ਦੋਵਾਂ ਗੁਣਾਂ ਦਾ ਸੁਮੇਲ ਦਿਖਾਈ ਦਿੰਦਾ ਹੈ । ਆਪਣੀ ਇਸ ਵਿਲੱਖਣ ਅਤੇ ਉਤਕ੍ਰਿਸ਼ਟ ਵਾਰਤਕ ਸ਼ੈਲੀ ਦੁਆਰਾ ਉਹਨਾਂ ਨੇ ਅਪਣੇ ਦਾਰਸ਼ਨਿਕ ਅਤੇ ਧਾਰਮਕ-ਸ਼ਰਧਾ ਨਾਲ ਸੰਬੰਧਤ ਵਿਵਾਦਪੂਰਨ ਵਿਚਾਰਾਂ ਨੂੰ ਯੋਗਤਾ ਨਾਲ ਪ੍ਰਗਟਾਇਆ ਹੀ ਨਹੀਂ ਸਗੋਂ ਸਿੱਖ ਸਮਾਜ ਦੀ ਬਹੁਗਿਣਤੀ ਨੂੰ ਆਪਣੇ ਵਿਚਾਰਾਂ ਨਾਲ ਸਹਿਮਤ ਕਰਨ ਵਿਚ ਸਫਲ ਵੀ ਹੋਏ ।

### ਭਾਸ਼ਾ

ਪ੍ਰੋ. ਗੁਰਮੁਖ ਸਿੰਘ ਦੁਆਰਾ ਰਚਿਤ ਵਾਰਤਕ ਦੀ ਭਾਸ਼ਾ ਦੇ ਵਸਤੂ ਪਰਕ ਅਧਿਐਨ ਤੋਂ ਲੇਖਕ ਦੀ ਭਾਸ਼ਾਈ-ਅਮੀਰੀ ਦਾ ਬੋਧ ਹੁੰਦਾ ਹੈ । ਲੇਖਕ ਪਾਸ ਕੇਵਲ ਵਿਸ਼ਾਲ

ਸ਼ਬਦ-ਭੰਡਾਰ ਹੀ ਨਹੀਂ, ਸਗੋਂ ਉਸਨੂੰ ਇਹ ਵੀ ਸੂਝ ਹੈ ਕਿ ਕਿਹੜਾ ਸ਼ਬਦ ਕਿਹੋ ਜਿਹੀ ਵਾਕ-ਬਣਤਰ ਅਤੇ ਕਿਹੜੇ ਪ੍ਰਸੰਗ ਵਿਚ ਵਧੇਰੇ ਢੁੱਕਵਾਂ ਹੋਵੇਗਾ। ਉਸਦੀ ਅਜਿਹੀ ਸੁਚੇਤ ਸ਼ਬਦ-ਚੋਣ ਕਾਰਨ ਇਹਨਾਂ ਰਚਨਾਵਾਂ ਵਿਚ ਇਕ ਸ਼ਬਦ-ਸਮੂਹ ਜਾਂ ਵਾਂਕਸ਼ ਅਥਵਾ ਸਮਾਨ ਅਨੁਪ੍ਰਾਸ ਯੁਕਤ ਧੁਨੀਆਂ ਦੀ ਵਰਤੋਂ ਕੀਤੀ ਮਿਲਦੀ ਹੈ ਜਿਸ ਤੋਂ ਅਨੁਮਾਨ ਲੱਗਦਾ ਹੈ ਕਿ ਵਾਰਤਕਕਾਰ ਭਾਸ਼ਾ ਦੀ ਅਜਿਹੀ ਵਰਤੋਂ ਕਾਰਨ ਉਤਪੰਨ ਹੋਣ ਵਾਲੇ ਜਾਦੂਈ-ਪ੍ਰਾਪਤ ਤੋਂ ਪ੍ਰੇਰਿਤ ਹੈ।

ਸਮਾਨ ਅਨੁਪ੍ਰਾਸੀ ਧੁਨੀਆਂ ਦੀ ਵਰਤੋਂ ਹੇਠ ਲਿਖੇ ਵਾਕਾਂ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ :

(i) ਸਾਡੇ ਸਤਿਗੁਰਾਂ ਜੋ ਸਤਿਗੁਰੂ ਅਤੇ ਸਿਖ ਸ਼ਬਦ ਵਰਤੇ ਸੋ ਸਮਝ ਸੋਚ ਕੇ ਵਰਤੇ ਕੇ ਜਿਨਾਂ ਵਿਚ ਹਰ ਤ੍ਰਾਂ ਦੇ ਭੁਛਨ ਹੀ ਪਾਏ ਜਾਨ ਪਰ ਦੂਸਨ ਕੋਈ ਨਾ ਨਿਕਲੇ। (ਦੂਜਾ ਵਿਖਿਆਨ, ਪੰਨਾ 24)

(ii) ਉਡਨ-ਕਟੋਲਾ ਸੰਸਾਰ ਰੂਪੀ ਸਾਗਰ ਨਾਲ ਛੁਹੰਦਾ ਹੀ ਨਹੀਂ। (ਤੀਜਾ ਵਿਖਿਆਨ, ਪੰਨਾ 2)

(iii) ਐਸੀ ਉਤਮ ਅਤੇ ਅਧਿਭੁਤ ਅੰਮ੍ਰਿਤ ਰੂਪੀ ਬਸਤ ਨੂੰ ਅਸੀਂ ਉਨਹਾਂ ਚੀਜਾਂ ਦਾ ਕਿਸ ਤਰਾਂ ਪ੍ਰਮਾਣ ਦੇਈਏ। (ਤੀਜਾ ਵਿਖਿਆਨ, ਪੰਨਾ 3)

ਇਕੋ ਵਾਕੰਸ਼ ਨੂੰ ਵਾਰ ਵਾਰ ਦੁਹਰਾਉਣ ਨਾਲ ਵੀ ਕਾਵਿਕ ਰੰਗ ਉਤਪੰਨ ਹੁੰਦਾ ਹੈ। ਪ੍ਰੋ. ਗੁਰਮੁਖ ਸਿੰਘ ਦੀਆਂ ਲਿਖਤਾਂ ਵਿਚ ਇਸ ਦੀਆਂ ਉਦਾਹਰਨਾਂ ਵੀ ਮਿਲਦੀਆਂ ਹਨ। ਗੁਰੂ ਨਾਨਕ ਦੇਵ ਜੀ ਦੇ ਪੰਜਾਬ ਵਿਚ ਪ੍ਰਗਟ ਹੋਣ ਦਾ ਜ਼ਿਕਰ ਕਰਦਿਆਂ ਉਹ ਲਿਖਦੇ ਹਨ :

> ਏਹ ਉਹੀ ਦੇਸ ਹੈ, ਜਿਸ ਵਿਚ ਆਰਯ ਸਮੇਂ ਵਿਚ ਵੇਦ ਦਾ ਉਚਾਰਣ ਹੋਇਆ ਸੀ-ਏਹਿ ਓਹੀ ਦੇਸ ਹੈ ਜਿਸ ਵਿਚ ਆਰਯ ਲੋਕਾਂ ਦੇ ਬੜੇ ਬੜੇ ਰਿਖੀ ਮੁਨੀ ਹੋਏ-ਏਹਿ ਓਹੀ ਦੇਸ ਹੈ ਜਿਸ ਜਗਾ ਵਿਚ ਅਪਨਾ ਜ਼ੋਰ ਜਮਾ ਕੇ ਅਰਯ ਲੋਕਾਂ ਸਾਰੇ ਆਰਯਵਰਤ ਉਤੇ ਅਪਨਾ ਕਬਜ਼ਾ ਕੀਤਾ-ਏਹਿ ਓਹੀ-ਦੇਸ ਹੈ ਜਿਸ ਵਿਚ ਯੁਨਾਨੀ ਬਾਦਸ਼ਾਹ ਸਕੰਦਰ ਦੇ ਰਾਜ ਦੀ ਅਵਧੀ ਹੋਈ-ਏਹਿ ਓਹੀ ਦੇਸ ਹੈ ਜਿਸ ਵਿਚ ਗੁਰੂ ਗੋਰਖ ਨਾਥ ਜੀ ਅਤੇ ਹੋਰ ਕਈ ਮਹਾਤਮਾ ਹੋਏ-ਏਹਿ ਓਹੀ ਦੇਸ ਹੈ ਜਿਸ ਵਿਚ ਪਹਿਲੇ ਪਹਿਲ ਇਸਲਾਮ ਵਾਲਿਆਂ ਆ ਕੇ ਇਕ ਪ੍ਰਮੇਸਵਰ ਦਾ ਢੰਢੋਰਾ ਦਿਤਾ-ਏਹਿ ਓਹੀ ਦੇਸ ਹੈ ਜਿਸ ਵਿਚ ਅੰਤਮ ਭਗਤ ਅਤੇ ਕਲ ਦੇ ਤਾਰਨ ਵਾਲੇ ਸਾਡੇ ਸ੍ਰੀ ਸਤਿਗੁਰੂ ਜੀ ਆ ਪ੍ਰਗਟੇ। ਧੰਨ ਹੈ ਏਹਿ ਦੇਸ ਅਤੇ ਧੰਨ ਹੈ ਇਸ ਦੇਸ ਦੀ ਭੂਮੀ ਅਤੇ ਧਨ ਹੈ ਖਾਸ ਕਰਕੇ ਓਹ ਟੁਕੜਾ ਜਿਸ ਵਿਚ ਅਕਾਲ ਪੁਰਖ ਦੀ ਜੋਤ ਪ੍ਰਗਟੀ। (ਦੂਜਾ ਵਿਖਿਆਨ, ਪੰਨਾ 25)

ਗੁਰੂ ਨਾਨਕ ਦੇਵ ਜੀ ਦੇ ਜਨਮ ਸਦਕਾ ਵਾਪਰਨ ਵਾਲੀ ਤਬਦੀਲੀ ਦਾ ਜ਼ਿਕਰ ਕਰਦਿਆਂ ਪ੍ਰੋ. ਗੁਰਮੁਖ ਸਿੰਘ ਕਿੰਨੇ ਹੀ ਵਾਕ 'ਜਿਸ ਵੇਲੇ' ਸ਼ਬਦਾਂ ਨਾਲ ਸ਼ੁਰੂ ਕਰਦੇ ਲਿਖਦੇ ਹਨ :-

> ਸਾਨੂੰ ਓਹ ਵੇਲਾ ਸਪਸ਼ਟ ਅਤੇ ਸਹੀ ਤੌਰ ਤੇ ਮਾਲੂਮ ਨਹੀਂ ਜਿਸ ਸੁਭ ਵੇਲੇ ਅਤੇ ਖਿਣ ਵਿਚ ਕਲਜੁਗ ਦਾ ਰਾਜ ਬਦਲ ਕੇ ਸਤਿਜੁਗ ਦਾ ਪਹਿਰ ਹੋ ਗਿਆ। ਜਿਸ ਵੇਲੇ ਸਤਿਨਾਮ ਦੇ ਮੰਤ੍ਰ ਅਗੇ ਕੂੜੇ ਨਾਉ ਛਿਪ ਗਯੇ-ਜਿਸ ਵੇਲੇ ਬਨਾਉਟੀ ਧਰਮ ਦੀ ਜੜ ਉਖੜੀ ਅਤੇ ਖ਼ਾਲਸ ਧਰਮ ਦਾ ਬੀ ਪੈ ਗਿਆ। ਜਿਸ ਵੇਲੇ ਹੌਮੇ ਅਤੇ ਹੰਕਾਰ ਮਾਰਗ ਹਰਕੇ ਨਿਮ੍ਰਤਾ ਅਤੇ ਭਗਤੀ ਮਾਰਗ ਚਲਿਆ-ਜਿਸ ਵੇਲੇ ਸਰਾਕਤ ਟੁਟ ਕੇ ਏਕਤ੍ਰਤਾ ਸਥਾਪਨ ਹੋਈ। ਜਿਸ ਘੜੀ ਕਰੋੜਾਂ ਪਦਮਾਂ ਜੀਆਂ ਦੇ ਉਧਾਰ ਦਾ ਨਸੀਬਾ ਜਾਗਿਆ-ਜਿਸ ਵੇਲੇ ਅਗਿਆਨ ਦੀ ਧੁੰਧ ਮਿਟੀ ਅਤੇ ਸਤਿ ਧਰਮ ਅਤੇ ਗਯਾਨ ਦਾ ਚਾਨਣ ਹੋਇਆ।

ਕਿਧਰੇ ਕਿਧਰੇ ਲੇਖਕ ਆਪਣੀ ਗੱਲ ਕਹਿੰਦਿਆਂ ਸਬਦ-ਜੁੱਟ ਵੀ ਬਨਾਉਂਦਾ ਹੈ। ਇਹ ਸ਼ਬਦ ਇਕ ਦੂਜੇ ਦੇ ਉਲਟ ਅਰਥਾਂ ਵਾਲੇ ਵੀ ਹੋ ਸਕਦੇ ਹਨ ਅਤੇ ਅਨੁਪ੍ਰਾਸ ਆਧਾਰਿਤ ਵੀ। ਅਜਿਹੇ ਸ਼ਬਦ-ਜੁੱਟਾਂ ਦੀ ਉਦਾਹਰਨ ਦੇਖੋ :

> ਅਕਾਲ ਪੁਰਖ ਇਕ ਅਦੁਤੀ-ਬਿਨਾ ਹਿਸ਼ੇਦਾਰ ਸ਼ਰੀਕ-ਬਿਨਾ ਦੋਸਤ ਮਿਤ੍ਰ-ਬਿਨਾ ਲੋਭ ਲਾਲਚ-ਬਿਨਾ ਮਰਨ ਜੀਵਨ-ਬਿਨਾ ਘਟਾ ਵਧਾ ਅਤੇ ਬਿਨਾ ਬਦਲ-ਸਦਲ-ਬਿਨਾ ਹਾਰ ਮਾਰ-ਇਤਆਦੀ। (ਦੂਜਾ ਵਿਖਿਆਨ, ਪੰਨਾ 33)

ਇਕ ਹੋਰ ਥਾਂ ਅਜਿਹੇ ਸਬਦ-ਜੁੱਟ ਬਨਾਉਂਦਿਆਂ ਉਹ ਲਿਖਦੇ ਹਨ :

> ਚਾਹੇ ਵੱਡਾ ਚਾਹੇ ਛੋਟਾ-ਚਾਹੇ ਔਤਾਰ ਚਾਹੇ ਪੈਗੰਬਰ, ਚਾਹੇ ਭਗਤ ਚਾਹੇ ਗੁਰੂ-ਚਾਹੇ ਸਿਖ ਚਾਹੇ ਕੋਈ-

ਸਬਦਾਵਲੀ ਦੇ ਪੱਖੋਂ ਇਹ ਰਚਨਾਵਾਂ ਬੜੀਆਂ ਅਮੀਰ ਹਨ। ਕਾਰਨ ਇਹ ਹੈ ਕਿ ਲੇਖਕ ਪੰਜਾਬੀ ਦੇ ਨਾਲ ਨਾਲ ਅੰਗਰੇਜ਼ੀ, ਉਰਦੂ, ਹਿੰਦੀ ਆਦਿ ਭਾਸ਼ਾਵਾਂ ਦਾ ਵੀ ਜਾਣੂ ਹੈ। ਉਸਨੂੰ ਆਪਣੇ ਵਿਚਾਰ ਨੂੰ ਸਹੀ ਸਹੀ ਅਰਥਾਂ ਵਿਚ ਪ੍ਰਗਟਾਉਣ ਵਾਲਾ ਸਬਦ ਜਿਸ ਵੀ ਭਾਸ਼ਾ ਵਿਚੋਂ ਮਿਲਦਾ ਹੈ, ਉਹ ਉਸਦੀ ਵਰਤੋਂ ਕਰ ਲੈਂਦਾ ਹੈ। ਗੈਰ-ਪੰਜਾਬੀ ਭਾਸ਼ਾਵਾਂ ਵਿਚੋਂ ਲੈ ਕੇ ਵਰਤੇ ਇਹ ਸ਼ਬਦ ਅਜਿਹੇ ਨਹੀਂ ਜੋ ਪੰਜਾਬੀ ਪਾਠਕਾਂ ਲਈ ਔਖੇ ਅਤੇ ਅਣਜਾਣੇ ਹੋਣ, ਸਗੋਂ ਪੰਜਾਬੀਆਂ ਦੀ ਬੋਲਚਾਲ ਦਾ ਹਿੱਸਾ ਬਣ ਚੁੱਕੇ ਹੋਣ ਕਾਰਨ ਕੇਨਾ ਨੂੰ ਓਪਰੇ ਨਹੀਂ ਭਾਸਦੇ। ਇਹ ਸ਼ਬਦ ਤਤਸਮ ਰੂਪ ਵਿਚ ਵੀ ਵਰਤੇ ਮਿਲਦੇ ਹਨ ਅਤੇ ਤਦਭਵ ਰੂਪ ਵਿਚ ਵੀ। ਪ੍ਰੋ. ਗੁਰਮੁਖ ਸਿੰਘ ਦੀਆਂ ਰਚਨਾਵਾਂ ਵਿਚ ਵਰਤੇ ਗਏ ਅੰਗਰੇਜ਼ੀ ਦੇ ਸ਼ਬਦ ਹਨ : ਬ੍ਰਿਟਿਸ਼ ਗਵਰਨਮਿੰਟ, ਗਵਰਨਰ ਜਨਰਲ, ਫਰੀਕਾਲਾਜੀ ਆਦਿਕ। ਉਰਦੂ-ਫਾਰਸੀ ਸ਼ਬਦਾਵਲੀ ਨਾਲ ਸੰਬੰਧਤ ਸ਼ਬਦ ਹਨ : ਸਬੱਬ, ਮੂਜਬ, ਖਲਕਤ, ਇਤਰਾਜ਼, ਹਸਬਦਾਲ, ਹਰਗਿਜ਼, ਗੈਰਹਾਜ਼ਰੀ, ਮਗਰ, ਵਾਕਫੀ, ਤਲਕ, ਸਲਤਨਤ, ਹਿਫਾਜ਼ਤ ਆਦਿਕ। ਇਸ ਤਰ੍ਹਾਂ ਹੀ ਅਟੀਸੁਅਰਜ, ਥੀਂ, ਤ੍ਰਿਆਗਨ, ਅਭਿਪ੍ਰਾਯ, ਪਠਤ ਆਦਿ ਬ੍ਰਿਜ-ਭਾਸ਼ਾ ਦੇ ਪ੍ਰਭਾਵ ਵਾਲੇ ਸ਼ਬਦ ਹਨ।

ਇਹਨਾਂ ਰਚਨਾਵਾਂ ਵਿਚਲੇ ਸ਼ਬਦ-ਜੋੜ ਵਯਾਖਯਾਨ, ਵਿਦਯਾ, ਪੂਜਾ, ਸ਼ਾਸਤ੍ਰ, ਦੂਸਰੇ, ਚਾਹੀਯੇ, ਦੇਖੀਯੇ, ਦੁਖਦਾਯਕ ਆਦਿਕ ਪੁਰਾਤਨ ਰੂਪ ਵਾਲੇ ਹੀ ਨਹੀਂ ਸਗੋਂ ਸ਼ਬਦ-ਜੋੜਾਂ ਦੀ ਅਨੇਕਤਾ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ। ਉਦਾਹਰਨ ਵਜੋਂ ਪੈਗੰਬਰ/ਪੈਗੰਬ੍ਰ/ਪੈਕੰਬ੍ਰ,

ਵਿਚਿ/ਵਿਚ, ਨਿਮਰਤਾ/ਨਿਮ੍ਰਤਾ ਆਦਿਕ । ਕਿਸੇ ਅਖਰ ਦੇ ਪੈਰ ਵਿਚ ਵਰਤੇ ਜਾਣ ਵਾਲੇ ਅੱਖਰ ਲਈ ਵੀ ਲੇਖਕ ਨੇ ਪੁਰਾਤਨ ਲਿਖਤਾਂ ਦਾ ਅਨੁਸਰਨ ਕੀਤਾ ਹੈ । ਅੱਜ ਕੱਲ ਬੇਸ਼ੱਕ ਹ, ਰ ਆਦਿ ਦੀ ਹੀ ਪੈਰ-ਅੱਖਰ ਵੱਜੋਂ ਵਰਤੋਂ ਹੁੰਦੀ ਹੈ ਪਰ ਪੁਰਾਤਨ ਲਿਖਤਾਂ ਵਿਚ ਹੋਰ ਵੀ ਕਈ ਅੱਖਰਾਂ ਨੂੰ ਪੈਰ ਵਿਚ ਪਾ ਕੇ ਵਰਤਿਆ ਜਾਂਦਾ ਰਿਹਾ ਹੈ । ਪ੍ਰੋ. ਗੁਰਮੁਖ ਸਿੰਘ ਦੁਆਰਾ ਪੈਰ-ਅੱਖਰ ਪਾ ਕੇ ਲਿਖੇ ਅਜਿਹੇ ਸ਼ਬਦ ਹਨ : ਅੰਮ੍ਰਿਤ ਸ੍ਰਿ ਸ੍ਰਿ. ਸ੍ਰਬਤ, ਸ੍ਵਾਲ, ਕਿਸਤ੍ਰਾਂ, ਦ੍ਰਿਸ਼ਟਾਂਤ, ਪ੍ਰਮਿਸ੍ਹ, ਪ੍ਰਕਾਸ਼, ਵਾਸਤੇ, ਆਦਿ । ਪੁਰਾਤਨ ਵਾਰਤਕ ਦੇ ਪ੍ਰਭਾਵ ਕਾਰਨ ਇਹਨਾਂ ਰਚਨਾਵਾਂ ਵਿਚ ਵੀ ਸ਼ਬਦ ਜੋੜਾਂ ਵਿਚ ਲਗ-ਮਾਤ੍ਰ ਦੀ ਬੇਲੋੜੀ ਵਰਤੋਂ ਹੋਈ ਮਿਲਦੀ ਹੈ । ਪੁਰਾਤਨ ਵਾਰਤਕ ਵਿਚ ਇਹ ਲੱਛਣ ਗੁਰਬਾਣੀ ਤੋਂ ਆਇਆ । ਗੁਰਬਾਣੀ ਵਿਚ ਤਾਂ, ਬਿਨਾਂ ਸ਼ੱਕ, ਕਿਸੇ ਅੱਖਰ ਦੇ ਨਾਲ ਸਿਹਾਰੀ, ਔਂਕੜ ਆਦਿ ਦੀ ਵਰਤੋਂ ਉਨ੍ਹਾਂ ਦੇ ਅਰਥ-ਭੇਦ ਦਾ ਕਾਰਨ ਬਣੀ ਹੈ ਪਰ ਹੋਰ ਵਾਰਤਕ ਰਚਨਾਵਾਂ ਵਾਂਗ ਇਹਨਾਂ ਲਿਖਤਾਂ ਵਿਚ ਵੀ ਇਹਨਾਂ ਦਾ ਕੋਈ ਅਰਥ ਜਾਂ ਮਨੋਰਥ ਨਹੀਂ ਹੈ । ਅਜਿਹੇ ਸ਼ਬਦ ਜੋੜ ਹਨ : ਏਹਿ, ਵਿਚਿ, ਸੋਹਿ, ਆਦਿ । ਪੁਰਾਤਨਤਾ ਦਾ ਪ੍ਰਭਾਵ ਪ੍ਰੋ. ਗੁਰਮੁਖ ਸਿੰਘ ਦੀ ਲਿਖਣ-ਸ਼ੈਲੀ ਵਿਚ ਉਦੋਂ ਵੀ ਪ੍ਰਗਟ ਹੁੰਦਾ ਹੈ ਜਦੋਂ ਉਹ ਪੁਰਾਤਨ-ਵਾਰਤਕਾਰਾਂ ਦੀ ਰੀਸੋ ਰੀਸ ਅਦੇਤ ਹੀ ਆਣ ਕਰ ਕਰਕੇ ਆਦਿ ਸ਼ਬਦਾਂ ਦੀ ਅਣਲੋੜੀਂਦੀ ਵਰਤੋਂ ਕਰ ਜਾਂਦੇ ਹਨ । ਉਸਦੇ ਅਜਿਹੇ ਕੁੱਝ ਵਾਕ ਹਨ :

(i) ਉਡਨ ਕਟੋਲਾ ਸੰਸਾਰ ਰੂਪੀ ਸਾਗਰ ਤੇ ਮਾਇਆ ਰੂਪੀ ਅਤੇ ਲੋਭ-ਮੋਹਿ-ਹੰਕਾਰ ਆਦਿ ਲਹਿਰੋਂ ਤੇ ਅਲਹਿਦਾ ਹੋ ਕਰਕੇ ਚੱਲਦਾ ਹੈ ।
(ਤੀਜਾ ਵਿਖਿਆਨ, ਪੰਨਾ 2)

(ii) ਫਤੇ ਬੁਲਾ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਮਥਾ ਟੇਕ ਦੇਈਏ ।
(ਉਹੀ, ਪੰਨਾ 24)

(iii) ਸ਼ਬਦਾਂ ਨੂੰ ਕਿਸੀ ਤਰ੍ਹਾਂ ਦੇ ਅਖਰਾਂ ਵਿਚ ਲਿਖ ਕਰਕੇ ਦਸੀਦਾ ਹੈ ।
(ਉਹੀ, ਪੰਨਾ 25)

(iv) ਜੇਕਰ ਉਹ ਖੜਾ ਹੀ ਸ੍ਰਬਤ ਨੂੰ ਸ੍ਰੀ ਵਾਹਿਗੁਰੂ ਜੀ ਕੀ ਫਤੇ ਬੁਲਾ ਕਰਕੇ ਸੰਗਤ ਵਿਚਿ ਬੈਠੇ ਤਾਂ ਦੋਸ ਨਹੀਂ । (ਉਹੀ, ਪੰਨਾ 38)

ਇਹਨਾਂ ਰਚਨਾਵਾਂ ਵਿਚ ਭਾਸ਼ਾਈ-ਸੋਹਜ ਵੀ ਬਹੁਤਾ ਦ੍ਰਿਸ਼ਟੀਗੋਚਰ ਨਹੀਂ ਹੁੰਦਾ । ਲੇਖਕ ਵਾਰਤਕ-ਰਚਨਾ ਵਿਚ ਪੈਰਾ-ਵੰਡ ਦੀ ਮਹੱਤਾ ਤੋਂ ਅਣਜਾਣ ਪ੍ਰਤੀਤ ਹੁੰਦਾ ਹੈ । ਕਿਧਰੇ ਕਿਧਰੇ ਤਾਂ ਉਸ ਦਾ ਲਿਖਿਆ ਇਕੋ ਪੈਰਾ ਕਈ ਕਈ ਪੰਨਿਆਂ ਉਤੇ ਫੈਲਿਆ ਹੋਇਆ ਹੈ ਜਿਸ ਵਿਚ ਕਈ ਵਿਭਿੰਨ ਵਿਚਾਰਾਂ ਨੂੰ ਇਕੋ ਥਾਂ ਰਲਗੱਡ ਕਰ ਦਿੱਤਾ ਗਿਆ ਹੈ ਅਤੇ ਕਿਧਰੇ ਇਕੋ ਵਿਚਾਰ-ਲੜੀ ਨੂੰ ਬਿਨਾਂ ਲੋੜ ਤੋਂ ਹੀ ਇਕ ਤੋਂ ਵਧੇਰੇ ਪੈਰਿਆਂ ਵਿਚ ਵਿਭਾਜਤ ਕਰ ਦਿੱਤਾ ਗਿਆ ਹੈ ।

ਪ੍ਰੋ. ਗੁਰਮੁਖ ਸਿੰਘ ਦੀਆਂ ਇਹਨਾਂ ਵਾਰਤਕ ਰਚਨਾਵਾਂ ਵਿਚ ਉਪਰ-ਵਰਣਿਤ ਭਾਸ਼ਾਈ ਦੋਸ਼ਾਂ ਦਾ ਆ ਜਾਣਾ ਸੁਭਾਵਿਕ ਸੀ ਕਿਉਂ ਜੁ ਇਸ ਸਮੇਂ ਤੱਕ ਆਧੁਨਿਕ ਪੰਜਾਬੀ ਵਾਰਤਕ ਦਾ ਰੂਪ ਨਹੀਂ ਸੀ ਬੱਝਾ ਅਤੇ ਪ੍ਰੋ. ਗੁਰਮੁਖ ਸਿੰਘ ਦੀਆਂ ਲਿਖਤਾਂ ਇਸ ਪਾਸੇ

ਵੱਲ ਮੁਢਲੇ ਯਤਨ ਦੇ ਰੂਪ ਵਿਚ ਹਨ। ਸੱਚ ਤਾਂ ਇਹ ਹੈ ਕਿ ਇਹ ਰਚਨਾਵਾਂ ਹੀ ਆਧੁਨਿਕ ਪੰਜਾਬੀ ਵਾਰਤਕ ਦੀ ਰਚਨਾ ਲਈ ਆਧਾਰ ਬਣੀਆਂ ਹਨ।

## ਹਵਾਲੇ

1. ਡਾ. ਰਤਨ ਸਿੰਘ ਜੱਗੀ, 'ਭਾਈ ਮਨੀ ਸਿੰਘ : ਜੀਵਨੀ ਅਤੇ ਰਚਨਾ', 'ਪੰਨਾ 80
2. ਪ੍ਰੋ. ਗੁਰਮੁਖ ਸਿੰਘ ਰਚਿਤ ਇਹ ਲੇਖ 3 ਦਸੰਬਰ 1892 ਈਸਵੀ ਦੇ 'ਖ਼ਾਲਸਾ ਅਖ਼ਬਾਰ' ਵਿਚ ਪ੍ਰਕਾਸ਼ਿਤ ਹੋਇਆ ਸੀ।

ਅਧਿਆਇ ਚੌਥਾ

# ਪੱਤਰਕਾਰ ਪ੍ਰੋਫੈਸਰ ਗੁਰਮੁਖ ਸਿੰਘ

ਭਾਰਤ ਵਿਚ ਪੱਤਰਕਾਰੀ ਦੇ ਜਨਮ ਦੀ ਕਹਾਣੀ ਬੇਸ਼ੱਕ ਅਠਾਰਵੀਂ ਸਦੀ ਦੇ ਅੰਤਲੇ ਦਹਾਕੇ ਨਾਲ ਜਾ ਜੁੜਦੀ ਹੈ, ਪਰ ਪੰਜਾਬੀ ਵਿਚ ਇਸਦਾ ਆਰੰਭ ਉਨ੍ਹੀਵੀਂ ਸਦੀ ਦੇ ਉੱਤਰਾਰਧ ਵਿਚ ਹੋਇਆ। ਗੁਰਮੁਖੀ ਅੱਖਰਾਂ ਵਿਚ ਪਹਿਲਾ ਅਖ਼ਬਾਰ "ਅਖ਼ਬਾਰ ਸ੍ਰੀ ਦਰਬਾਰ ਸਾਹਿਬ" ਪਹਿਲੀ ਮਾਰਚ, 1866 ਈਸਵੀ ਨੂੰ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਹੋਇਆ, ਪਰ ਇਸ ਦੀ ਭਾਸ਼ਾ ਹਿੰਦੀ ਹੋਣ ਕਾਰਨ ਇਸਨੂੰ ਪੰਜਾਬੀ ਪੱਤਰਾਂ ਵਿਚ ਨਹੀਂ ਗਿਣਿਆ ਜਾਂਦਾ। ਇਸ ਤੋਂ ਪਿੱਛੋਂ "ਸੁਕਾਵਯ ਸੰਬੋਧਨੀ" (1875 ਈਸਵੀ) ਅਤੇ "ਅਖਬਾਰ ਕਾਵਯ-ਚੰਦ੍ਰੋਦਯ" (1876 ਈਸਵੀ) ਪ੍ਰਕਾਸ਼ਿਤ ਹੋਣੇ ਸ਼ੁਰੂ ਹੋਏ, ਪਰ ਇਹਨਾਂ ਦੀ ਭਾਸ਼ਾ ਵੀ ਪੰਜਾਬੀ ਘੱਟ ਅਤੇ ਹਿੰਦੀ ਵਧੇਰੇ ਸੀ।

ਪੰਜਾਬੀ ਪੱਤਰਕਾਰੀ ਦਾ ਅਸਲ ਆਰੰਭ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਹੋਇਆ। ਜਿਵੇਂ ਅਸੀਂ ਪਿਛਲੇ ਪੰਨਿਆਂ ਵਿਚ ਜ਼ਿਕਰ ਕਰ ਆਏ ਹਾਂ, ਸਿੱਖ ਭਾਈਚਾਰੇ ਵਿਚੋਂ ਵਹਿਮ-ਭਰਮ ਅਤੇ ਅਨਮੱਤੀ ਪ੍ਰਭਾਵਾਂ ਕਾਰਨ ਪੈਦਾ ਹੋਈਆਂ ਹੋਰ ਕੁਰੀਤੀਆਂ ਦੂਰ ਕਰ ਕੇ ਇਸਨੂੰ ਗੁਰਮਤ ਵਿਚਾਰ ਧਾਰਾ ਦੇ ਅਨੁਰੂਪ ਉਸਾਰਨ ਦੇ ਮਨੋਰਥ ਲਈ ਸ੍ਰੀ ਗੁਰੂ ਸਿੰਘ ਸਭਾ ਨਾਉਂ ਦੀ ਜਥੇਬੰਦੀ ਦੀ ਸਥਾਪਨਾ 1873 ਈਸਵੀ ਵਿਚ ਸ੍ਰੀ ਅੰਮ੍ਰਿਤਸਰ ਵਿਖੇ ਕੀਤੀ ਗਈ ਸੀ। ਪਰ ਇਹ ਜਥੇਬੰਦੀ ਆਪਣੇ ਮਨੋਰਥਾਂ ਦੀ ਪ੍ਰਾਪਤੀ ਲਈ ਸਰਗਰਮੀ ਨਾਲ ਕੁਝ ਨਾ ਕਰ ਸਕੀ। ਫਲ ਸਰੂਪ ਪ੍ਰੋ. ਗੁਰਮੁਖ ਸਿੰਘ, ਭਾਈ ਹਰਸਾ ਸਿੰਘ ਅਤੇ ਉਹਨਾਂ ਦੇ ਸਹਿਯੋਗੀਆਂ ਦੇ ਉਪਰਾਲੇ ਨਾਲ 1879 ਈਸਵੀ ਵਿਚ ਲਾਹੌਰ ਵਿਖੇ "ਧਰਮ ਅਤੇ ਵਿਦਯਾ ਪ੍ਰਚਾਰਨੀ ਸ੍ਰੀ ਗੁਰੂ ਸਿੰਘ ਸਭਾ" ਦੀ ਸਥਾਪਨਾ ਕੀਤੀ ਗਈ ਜਿਸਨੇ ਆਪਣੇ ਮਨੋਰਥਾਂ ਵਿਚ ਪੰਜਾਬੀ ਜ਼ੁਬਾਨ ਦੀ ਵ੍ਰਿਧੀ ਲਈ ਇਸ ਭਾਸ਼ਾ ਵਿਚ ਅਖ਼ਬਾਰ ਰਸਾਲੇ ਜਾਰੀ ਕਰਨ ਦੀ ਮਦ ਵੀ ਸ਼ਾਮਲ ਕਰ ਲਈ ਅਤੇ ਇਸ ਨੂੰ ਅਮਲ ਵਿਚ ਲਿਆਉਣ ਲਈ ਠੋਸ ਯਤਨ ਕੀਤੇ। ਸਿੰਘ ਸਭਾ ਲਾਹੌਰ ਦੇ ਮੋਢੀਆਂ ਵਿਚ ਸ਼ਾਮਲ ਕੁੱਝ ਕੁ ਪੜ੍ਹੇ ਲਿਖੇ ਵਿਅਕਤੀਆਂ ਵਿਚੋਂ ਹੋਣ ਕਾਰਨ ਪ੍ਰੋ. ਗੁਰਮੁਖ ਸਿੰਘ ਨੇ ਧਰਮ ਅਤੇ ਵਿਦਿਆ ਦੇ ਪਰਚਾਰ ਹਿਤ ਮਹੱਤਵ ਪੂਰਨ ਯੋਗਦਾਨ ਪਾਇਆ। ਪੱਤਰਕਾਰੀ ਦੇ ਖੇਤਰ ਵਿਚ ਉਹਨਾਂ ਦੀ ਦੇਣ ਦਾ ਜ਼ਿਕਰ ਕਰਦਿਆਂ ਪ੍ਰੋ. ਪਰਮਿੰਦਰ ਸਿੰਘ ਲਿਖਦੇ ਹਨ : "ਪ੍ਰੋ. ਗੁਰਮੁਖ ਸਿੰਘ ਨੂੰ ਅਸੀਂ ਪੰਜਾਬੀ ਦਾ ਮੋਢੀ ਪੱਤਰਕਾਰ ਆਖ ਸਕਦੇ ਹਾਂ, ਜਿਸਨੇ ਸੁਚੇਤ ਹੋ ਕੇ ਪਹਿਲੀ ਵਾਰ ਪੱਤਰਕਾਰੀ ਨੂੰ ਪਰਚਾਰ ਤੇ ਸੁਧਾਰ ਦਾ ਇਕ ਸ਼ਕਤੀਸ਼ਾਲੀ ਮਾਧਿਅਮ ਸਮਝ ਕੇ ਅਖ਼ਬਾਰਾਂ ਦਾ ਇਕ ਜਾਲ ਵਿਛਾ ਦਿਤਾ।"[1]

ਪ੍ਰੋ. ਗੁਰਮੁਖ ਸਿੰਘ ਦੁਆਰਾ 1880 ਈਸਵੀ ਵਿਚ ਸ਼ੁਰੂ ਕੀਤੇ ਗੁਰਮੁਖੀ ਅਖਬਾਰ ਨੂੰ

ਹੀ ਹੁਣ ਤੱਕ, ਬੇਸ਼ੱਕ, ਪੰਜਾਬੀ ਦਾ ਪਹਿਲਾ ਅਖ਼ਬਾਰ ਅਤੇ ਪ੍ਰੋ. ਗੁਰਮੁਖ ਸਿੰਘ ਨੂੰ ਪੰਜਾਬੀ ਪੱਤਰਕਾਰੀ ਦਾ ਸੰਸਥਾਪਕ ਮੰਨਿਆ ਜਾਂਦਾ ਰਿਹਾ ਹੈ, ਪਰ ਨਵੇਂ ਤੱਥਾਂ ਦੀ ਉਪਲਬਧੀ ਉਪਰੰਤ ਪੰਜਾਬੀ ਦਾ ਪਹਿਲਾ ਅਖ਼ਬਾਰ ਹੋਣ ਦਾ ਮਾਣ 'ਅਕਾਲ ਪ੍ਰਕਾਸ਼' ਨੂੰ ਅਤੇ ਮੋਢੀ ਪੱਤਰਕਾਰ ਇਸ ਦੇ ਸੰਪਾਦਕ ਭਾਈ ਪ੍ਰਤਾਪ ਸਿੰਘ ਗਿਆਨੀ ਨੂੰ ਪ੍ਰਾਪਤ ਹੈ । ਇਸ ਨਵੇਂ ਪੰਜਾਬੀ ਪੱਤਰ ਬਾਰੇ ਸੂਚਨਾ ਮਾਸਿਕ "ਪੰਜਾਬੀ ਭੈਣ" ਫ਼ਿਰੋਜ਼ਪੁਰ ਦੇ ਜੂਨ, 1916 ਈਸਵੀ ਅੰਕ ਵਿਚੋਂ ਪ੍ਰਾਪਤ ਹੋਈ ਹੈ । ਕਿਉਂਕਿ ਹੋਰ ਵੀ ਸ੍ਰੋਤ ਤੋਂ ਇਸ ਨਵੀਂ ਜਾਣਕਾਰੀ ਦੀ ਪੁਸ਼ਟੀ ਨਹੀਂ ਹੁੰਦੀ, ਇਸ ਲਈ 'ਪੰਜਾਬੀ ਭੈਣ' ਦੇ ਸੰਪਾਦਕ ਵੱਲੋਂ ਕੀਤੇ ਗਏ ਇਸ ਇੰਨਕਸ਼ਾਫ਼ ਨੂੰ ਇਕ ਸੁਣੀ-ਸੁਣਾਈ ਗੱਲ ਜਾਂ ਕਿਆਸ ਅਰਾਈ ਕਹਿ ਕੇ ਰੱਦ ਕੀਤਾ ਜਾ ਸਕਦਾ ਸੀ, ਪਰ ਸੰਪਾਦਕ ਦੇ ਇਸ ਦਾਅਵੇ[a], ਕਿ 1876 ਈਸਵੀ ਵਿਚ ਭਾਈ ਪ੍ਰਤਾਪ ਸਿੰਘ ਗਿਆਨੀ ਦੀ ਸੰਪਾਦਨਾਂ ਹੇਠ ਸ਼ੁਰੂ ਹੋਏ 'ਅਕਾਲ-ਪ੍ਰਕਾਸ਼' ਦਾ ਪ੍ਰਥਮ ਅੰਕ ਉਸਨੇ ਆਪ ਭਾਈ ਦਿੱਤ ਸਿੰਘ ਲਾਇਬ੍ਰੇਰੀ, ਸਿੱਖ ਕੰਨਿਆ ਮਹਾਂਵਿਦਿਆਲਾ, ਫ਼ਿਰੋਜ਼ਪੁਰ ਸ਼ਹਿਰ ਵਿਚ ਵੇਖਿਆ ਹੈ, ਦੀ ਰੋਸ਼ਨੀ ਵਿਚ ਇਸ ਕਥਨ ਦੇ ਸੱਚ ਹੋਣ ਵਿਚ ਕੋਈ ਸੰਦੇਹ ਨਹੀਂ ਰਹਿੰਦਾ । ਡਾ. ਬਲਬੀਰ ਸਿੰਘ ਵੀ ਇਸ ਤਥ ਦੀ ਪੁਸ਼ਟੀ ਕਰਦੇ ਹਨ ।[2a]

ਸਿੰਘ ਸਭਾ, ਲਾਹੌਰ ਦੀ ਸਰਪ੍ਰਸਤੀ ਅਧੀਨ ਪੱਤਰਕਾਰੀ ਦੇ ਖੇਤਰ ਵਿਚ ਪ੍ਰੋ. ਗੁਰਮੁਖ ਸਿੰਘ ਦੀ ਕਾਰਗੁਜ਼ਾਰੀ ਦਾ ਜ਼ਿਕਰ ਕਰਦਿਆਂ ਡਾ. ਗੰਡਾ ਸਿੰਘ ਲਿਖਦੇ ਹਨ, "ਲਾਹੌਰ ਨੌਕਰੀ ਦੇ ਦੌਰਾਨ ਉਹਨਾਂ (ਪ੍ਰੋ. ਗੁਰਮੁਖ ਸਿੰਘ) ਨੇ ਪੰਜਾਬੀ ਪੱਤਰਕਾਰੀ ਦੀ ਬੁਨਿਆਦ ਰਖੀ ਅਤੇ ਇਕ ਤੋਂ ਬਾਦ ਦੂਜਾ, ਗੁਰਮੁਖੀ ਅਖ਼ਬਾਰ (1880), ਵਿਦਿਅਕ (1880) ਖ਼ਾਲਸਾ (1885), ਸੁਧਾਰਕ (1886) ਅਤੇ ਖਾਲਸਾ ਗਜ਼ਟ (1886) ਪੱਤਰ ਜਾਰੀ ਕੀਤੇ ।"[3]

ਪ੍ਰੋ. ਗੁਰਮੁਖ ਸਿੰਘ ਦੁਆਰਾ ਸਮੇਂ ਸਮੇਂ ਸੰਪਾਦਿਤ ਕੀਤੇ ਗਏ ਪੱਤਰਾਂ ਬਾਰੇ ਪ੍ਰਾਪਤ ਜਾਣਕਾਰੀ ਇਸ ਪ੍ਰਕਾਰ ਹੈ :

### ਗੁਰਮੁਖੀ ਅਖ਼ਬਾਰ

ਸਿੰਘ ਸਭਾ, ਲਹਿਰ ਦੇ ਮਨੋਰਥਾਂ ਦੇ ਪ੍ਰਚਾਰ ਹਿਤ ਪ੍ਰੋ. ਗੁਰਮੁਖ ਸਿੰਘ ਦੀ ਸੰਪਾਦਨਾ ਹੇਠ 'ਗੁਰਮੁਖੀ ਅਖ਼ਬਾਰ' ਦਾ ਪਹਿਲਾ ਅੰਕ 10 ਨਵੰਬਰ, 1880 ਈਸਵੀ ਨੂੰ ਜਾਰੀ ਹੋਇਆ । ਪੱਤਰ ਦਾ ਉਦੇਸ਼ ਦੱਸਣ ਲਈ ਇਸ ਦਾ ਪੂਰਾ ਨਾਉਂ 'ਧਰਮ ਅਤੇ ਵਿਦਯਾ ਪ੍ਰਚਾਰਕ ਗੁਰਮੁਖੀ ਅਖ਼ਬਾਰ' ਲਿਖਿਆ ਜਾਂਦਾ ਸੀ ।

20 × 30/8 ਦੇ ਆਕਾਰ ਵਾਲਾ ਇਹ ਅਖ਼ਬਾਰ ਹਰ ਬੁੱਧਵਾਰ ਨੂੰ ਪ੍ਰਕਾਸ਼ਤ ਹੁੰਦਾ ਸੀ । ਇਸਦੇ ਅੱਠ ਤੋਂ ਬਾਰਾਂ ਤੱਕ ਪੰਨੇ ਹੁੰਦੇ ਸਨ ਅਤੇ ਇਸਨੂੰ ਲਿੱਥੋ ਉਤੇ ਛਾਪਿਆ ਜਾਂਦਾ ਸੀ । ਇਸ ਵਿਚ ਸੰਪਾਦਕੀ ਅਤੇ ਖ਼ਬਰਾਂ ਦੇ ਨਾਲ ਨਾਲ ਸਿੱਖ ਧਰਮ ਅਤੇ ਸਮਾਜ-ਸੁਧਾਰ ਸੰਬੰਧੀ ਲੇਖ, ਸਿੰਘ ਸਭਾਵਾਂ ਦੀਆਂ ਕਾਰਵਾਈਆਂ ਦੀਆ ਰਿਪੋਰਟਾਂ, ਪਾਠਕਾਂ ਦੇ ਖ਼ਤ ਆਦਿ ਵੀ ਛਾਪੇ ਜਾਂਦੇ ਸਨ ।

ਇਸ ਪੱਤਰ ਵਿਚ ਪ੍ਰੋ. ਗੁਰਮੁਖ ਸਿੰਘ ਦੀ ਸ਼ੈਲੀ ਉੱਤਮ ਅਤੇ ਲਿਖਣ-ਢੰਗ ਬੜਾ ਸੁੱਚਜਾ ਅਤੇ ਖਿੱਚ ਭਰਪੂਰ ਸੀ ।[4] ਭਾਈ ਗੁਰਮੁਖ ਸਿੰਘ ਦੀ ਵਾਰਤਕ ਬੜੀ ਰਸੀਲੀ ਅਤੇ ਜਚਵੀਂ ਹੁੰਦੀ ਸੀ ।[5] ਪ੍ਰੋ. ਗੁਰਮੁਖ ਸਿੰਘ ਅਪਣੀਆਂ ਲਿਖਤਾਂ ਵਿਚ ਸਿੱਖ-ਧਰਮ ਨੂੰ ਢਾਹ ਲਾਉਣ ਵਾਲੇ ਕਾਰਨਾਂ ਉਤੇ ਉਂਗਲ ਧਰ ਕੇ ਇਹਨਾਂ ਨੂੰ ਦੂਰ ਕਰਨ ਦੀ ਪ੍ਰੇਰਨਾ ਦਿੰਦੇ

ਸਨ । ਉਦਾਹਰਨ ਵੱਜੋਂ ਗੁਰਮੁਖੀ ਅਖ਼ਬਾਰ ਦੇ 16 ਜੂਨ, 1883 ਈਸਵੀ ਦੇ ਅੰਕ ਵਿਚ ਉਹਨਾਂ ਲਿਖਿਆ :

> ਜੋ ਲੋਕ ਆਪਣੀ ਮਾਨ ਪ੍ਰਤਿਸ਼ਟਾ ਚਾਹੁੰਦੇ ਹਨ, ਉਹ ਚਾਹੇ ਇੱਲ ਦਾ ਨਾਂ ਕੁੱਕੜ ਭੀ ਨਾ ਜਾਨਦੇ ਹੋਣ, ਓਹ ਬੇਇਤਫ਼ਾਕੀ ਦੀ ਜੜ ਹੁੰਦੇ ਹਨ, ਅਪਨਾ ਸਿਰ ਜੁਦਾ ਕੱਢ ਕੱਢ ਦਸਦੇ ਹਨ ਅਤੇ ਦੂਸਰਿਆਂ ਨਾਲ ਬਰਾਬਰ ਹੋ ਕੇ ਬਹਿਣਾ ਨਹੀਂ ਚਾਹੁੰਦੇ, ਏਸੇ ਬੇਇਤਫ਼ਾਕੀ ਨੇ ਸਾਡੇ ਲੋਕਾਂ ਦਾ ਨਾਸ ਕੀਤਾ ਹੈ ।

ਧਾਰਮਕ ਅਤੇ ਸਮਾਜਕ ਜਾਗ੍ਰਿਤੀ ਦੀ ਅੰਗੜਾਈ ਲੈ ਰਹੇ ਸਿੱਖ-ਸਮੂਹ ਨੇ 'ਗੁਰਮੁਖੀ' ਅਖ਼ਬਾਰ ਨੂੰ ਭਰਪੂਰ ਹੁੰਗਾਰਾ ਦਿੱਤਾ । ਇਸ ਅਖ਼ਬਾਰ ਦੇ ਜ਼ੋਰਦਾਰ ਪ੍ਰਭਾਵ ਦਾ ਅਨੁਮਾਨ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ ਪੰਜਾਬ ਵਿਚ ਕੁੱਝ ਹੀ ਸਾਲਾਂ ਦੌਰਾਨ ਅਨੇਕ ਸਿੰਘ ਸਭਾਵਾਂ ਹੋਂਦ ਵਿਚ ਆ ਗਈਆਂ ।

'ਗੁਰਮੁਖੀ' ਅਖ਼ਬਾਰ ਲਗਭਗ ਤਿੰਨ ਸਾਲ ਲਈ ਪ੍ਰੋ. ਗੁਰਮੁਖ ਸਿੰਘ ਦੀ ਸੰਪਾਦਨਾ ਹੇਠ ਛਪਦਾ ਰਿਹਾ, ਪਰ 1883 ਈਸਵੀ ਵਿਚ ਸਿੰਘ ਸਭਾਵਾਂ ਵਿਚ ਤਾਲਮੇਲ ਸਥਾਪਤ ਕਰਨ ਲਈ ਖ਼ਾਲਸਾ ਦੀਵਾਨ, ਅੰਮ੍ਰਿਤਸਰ ਦੀ ਸਥਾਪਨਾ ਹੋਣ ਉਪਰੰਤ ਇਸਨੂੰ ਦੀਵਾਨ ਦੇ ਬੁਲਾਰੇ ਵੱਜੋਂ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਕੀਤਾ ਜਾਣ ਲੱਗ ਪਿਆ ਅਤੇ ਪ੍ਰੋ. ਗੁਰਮੁਖ ਸਿੰਘ ਨੇ ਇਸਦੀ ਸੰਪਾਦਕੀ ਜ਼ਿੰਮੇਵਾਰੀ ਤੋਂ ਛੁੱਟੀ ਲੈ ਲਈ ।

**ਵਿਦਿਯਾਰਕ ਪੰਜਾਬ**

ਬੇਸ਼ੱਕ ਨਵੰਬਰ, 1880 ਈਸਵੀ ਤੋਂ 'ਗੁਰਮੁਖੀ' ਅਖ਼ਬਾਰ ਸ਼ੁਰੂ ਹੋ ਚੁੱਕਾ ਸੀ ਪਰ ਇਕ ਤਾਂ ਇਸ ਦਾ 'ਬਾਹਲਾ ਹਿੱਸਾ ਖ਼ਬਰਾਂ ਵਿਚ ਹੀ ਜਾਣ ਲੱਗਾ । ਦੂਸਰੇ ਇਹ ਅਨੁਭਵ ਕਰ ਕੇ ਕਿ ਅਖ਼ਬਾਰ ਨੂੰ ਜੇ ਕਰ ਰੱਦੀ ਪੁਸਤਕ ਬਣਾ ਕੇ ਰੱਖਣਾ ਚਾਹੇ ਤਾਂ ਨਹੀਂ ਬਣ ਸਕਦਾ, ਇਸ ਲਈ ਰਸਾਲਾ ਕੱਢਣ ਦੀ ਲੋੜ ਪਈ ।'[6] ਇਸ ਲੋੜ ਦੀ ਪੂਰਤੀ ਹਿਤ ਇਕ ਮਾਸਿਕ ਪੱਤਰ 'ਵਿਦਿਯਾਰਕ' ਅਰਥਾਤ ਵਿਦਿਆ ਦਾ ਸੂਰਜ ਅੱਸੂ ਸੰਮਤ 1938 ਬਿਕ੍ਰਮੀ ਅਥਵਾ ਸਤੰਬਰ, 1881 ਈਸਵੀ ਤੋਂ ਪ੍ਰਕਾਸ਼ਿਤ ਕੀਤਾ ਜਾਣਾ ਸ਼ੁਰੂ ਹੋਇਆ । ਇਸ ਮਾਸਿਕ-ਪੱਤਰ ਦੇ ਹੇਠ-ਲਿਖੇ ਅਨੁਸਾਰ ਛੇ ਮਨੋਰਥ ਮਿਥੇ ਗਏ :

ਜ਼ਰੂਰੀ [
1. ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ
2. ਸ੍ਰੀ ਗੁਰੂ ਖਾਲਸੇ ਜੀ ਦਾ ਇਤਿਹਾਸ ਤਥਾ ਦਸਾਂ ਪਾਤਸ਼ਾਹੀਆਂ ਦਾ ਜੀਵਨ-ਬ੍ਰਿਤਾਂਤ

ਇਹਨਾਂ ਵਿਚੋਂ ਮਜ਼ਮੂਨ ਅਨੁਕੂਲ ਇਕ ਦੋ ਅਥਵਾ ਵਧੀਕ |
3. ਸਿੱਖੀ ਧਰਮ ਦੀਆਂ ਰੀਤੀਆਂ ਦਾ ਵਿਧਾਨ ਅਤੇ ਨਿਰੂਪਣ ਖੋਲ੍ਹ ਖੋਲ੍ਹ ਕੇ ਕੀਤਾ ਜਾਊ
4. ਵਿਦਿਆ ਸੰਬੰਧੀ ਖ਼ਬਰਾਂ
5. ਸੁਧਾਰਕ ਅਤੇ ਵਯਹਾਰਕ ਸਿਖਿਆ
6. ਪੁਸਤਕਾਂ ਦੇ ਰੀਵੀਊ[7]

ਸਪਸ਼ਟ ਹੈ ਕਿ 'ਵਿਦਿਯਾਰਕ ਪੰਜਾਬ' ਦੇ ਮਨੋਰਥ ਤੈਅ ਕਰਦਿਆਂ ਡੂੰਘੀ ਸੋਚ ਸਮਝ ਤੋਂ ਕੰਮ ਲਿਆ ਗਿਆ ਸੀ ਅਤੇ ਕਿਸੇ ਵੀ ਚੰਗੇ ਪਰਚੇ ਵਿਚ ਜੋ ਕੁੱਝ ਹੋਣਾ ਚਾਹੀਦਾ

ਸੀ, ਉਹ ਸੱਭ ਕੁੱਝ ਇਸ ਰਸਾਲੇ ਵਿਚ ਦੇਣ ਦੀ ਯੋਜਨਾ ਉਲੀਕੀ ਗਈ ਸੀ। ਪਰ ਆਰਥਕ-ਤੰਗੀ ਅਤੇ ਹੋਰ ਕਈ ਕਾਰਨਾਂ ਸਦਕਾ ਇਹ ਰਸਾਲਾ ਬਹੁਤੀ ਦੇਰ ਨਾ ਚੱਲ ਸਕਿਆ। ਇਸ ਦੇ ਕੁੱਝ ਹੀ ਅੰਕ ਨਿਕਲੇ ਅਤੇ ਇਹ ਉਸੇ ਸਾਲ ਹੀ ਬੰਦ ਹੋ ਗਿਆ।

**ਖ਼ਾਲਸਾ ਅਖ਼ਬਾਰ**

ਜਦੋਂ ਸ੍ਰੀ ਗੁਰੂ ਸਿੰਘ ਸਭਾ, ਜਨਰਲ, ਅੰਮ੍ਰਿਤਸਰ ਦੀ ਸਰਪ੍ਰਸਤੀ ਅਧੀਨ ਸਿੱਖ-ਮੁਖੀ ਆਪਸ ਵਿਚ ਰਲ ਕੇ ਨਾ ਚੱਲ ਸਕੇ ਤਾਂ ਨਤੀਜੇ ਵੱਜੋਂ ਖ਼ਾਲਸਾ ਦੀਵਾਨ, ਅੰਮ੍ਰਿਤਸਰ ਅਤੇ ਖ਼ਾਲਸਾ ਦੀਵਾਨ, ਲਾਹੌਰ ਹੋਂਦ ਵਿਚ ਆਏ। ਪ੍ਰੋ. ਗੁਰਮੁਖ ਸਿੰਘ ਜੋ ਖ਼ਾਲਸਾ ਦੀਵਾਨ, ਲਾਹੌਰ ਦੇ ਮੁਖੀਆਂ ਵਿਚੋਂ ਸਨ, ਨੇ ਆਪਣਾ ਪਹਿਲਾ ਸ਼ੁਰੂ ਕੀਤਾ 'ਗੁਰਮੁਖੀ ਅਖ਼ਬਾਰ' ਅੰਮ੍ਰਿਤਸਰ ਵਾਲੇ ਧੜੇ ਨੂੰ ਸੌਂਪ ਦਿੱਤਾ ਸੀ। ਹੁਣ ਫਿਰ ਉਹਨਾਂ ਨੇ ਅਖ਼ਬਾਰ ਦੀ ਲੋੜ ਮਹਿਸੂਸ ਕਰ ਕੇ 'ਖ਼ਾਲਸਾ ਅਖ਼ਬਾਰ' ਨਾਉਂ ਦਾ ਸਪਤਾਹਕ-ਪੱਤ੍ਰ ਕੱਢਣ ਦਾ ਫੈਸਲਾ ਕੀਤਾ ਅਤੇ ਇਸ ਦਾ ਪਹਿਲਾ ਅੰਕ 12 ਜੂਨ, 1886 ਈਸਵੀ ਨੂੰ ਪ੍ਰਕਾਸ਼ਿਤ ਹੋਇਆ।

ਇਸ ਪੱਤਰ ਦਾ ਉਦੇਸ਼ ਦਸਾਂ ਗੁਰੂਆਂ ਦੇ ਜੀਵਨ ਚਰਿਤ੍ਰਾਂ ਵਿਚੋਂ ਪ੍ਰਸੰਗ ਛਾਪਣੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿ ਉਪਦੇਸ਼ਾਂ ਨੂੰ ਪ੍ਰਗਟ ਕਰਨਾ, ਵਿਦਿਆ ਦੀ ਉਨਤੀ ਲਈ ਯਤਨ ਕਰਨੇ, ਖ਼ਾਲਸਾ ਧਰਮ ਦੀ ਬ੍ਰਿਧੀ ਦੇ ਉਪਾਓ ਸੁਝਾਉਣੇ, ਸਿੰਘ ਸਭਾ ਦੇ ਪ੍ਰਯੋਜਨਾਂ ਦਾ ਪ੍ਰਚਾਰ ਕਰਨਾ ਤੇ ਖ਼ਾਲਸਾ ਧਰਮ ਵਿਚ ਪਈਆਂ ਕੁਰੀਤੀਆਂ ਨੂੰ ਦੂਰ ਕਰਨਾ ਮਿਥਿਆ ਗਿਆ ਸੀ।[8]

'ਖ਼ਾਲਸਾ' ਅਖ਼ਬਾਰ ਲਿਥੋ ਉਤੇ ਛਪਦਾ ਸੀ ਅਤੇ ਇਸ ਦਾ ਹਰ ਪੰਨਾਂ ਤਿੰਨ ਕਾਲਮਾਂ ਵਿਚ ਵੰਡਿਆ ਹੁੰਦਾ ਸੀ। ਵਿਸ਼ਵ ਭਰ ਵਿਚ ਵਾਪਰਨ ਵਾਲੀਆਂ ਮਹੱਤਵ ਪੂਰਨ ਘਟਨਾਵਾਂ ਨੂੰ ਸੰਖੇਪ ਖ਼ਬਰਾਂ ਦੇ ਰੂਪ ਵਿਚ ਦਿੱਤਾ ਜਾਂਦਾ ਸੀ, ਪਰ ਇਹਨਾਂ ਖ਼ਬਰਾਂ ਦੀਆਂ ਨਾ ਤਾਂ ਸੁਰ-ਖੀਆਂ ਲਾਈਆਂ ਜਾਂਦੀਆਂ ਸਨ ਅਤੇ ਨਾ ਹੀ ਮਿਤੀ-ਪੰਕਤੀਆਂ। ਸਮਾਚਾਰਾਂ ਦੀ ਸੰਪਾਦਨਾ ਵੱਲ ਵੀ ਬਹੁਤਾ ਧਿਆਨ ਨਹੀਂ ਸੀ ਦਿੱਤਾ ਜਾਂਦਾ। ਸਥਾਨਕ ਸੂਬਾਈ, ਮੁਲਕੀ ਅਤੇ ਗ਼ੈਰ-ਮੁਲਕੀ ਸਾਰੀਆਂ ਖ਼ਬਰਾਂ ਨੂੰ ਰਲਾ ਮਿਲਾ ਕੇ ਛਾਪ ਦਿੱਤਾ ਜਾਂਦਾ ਸੀ। "ਪਰ ਸਮੁੱਚੇ ਤੌਰ ਤੇ ਸਿੱਖਾਂ ਦੇ ਧਾਰਮਿਕ ਮਸਲਿਆਂ, ਰਹੁ-ਰੀਤਾਂ ਅਤੇ ਵਹਿਮਾਂ-ਭਰਮਾਂ ਤੇ ਮੂਰਤੀ-ਪੂਜਾ ਖੰਡਨ ਆਦਿ ਬਾਰੇ ਲੇਖ ਛਪਦੇ ਸਨ ਤੇ ਧਾਰਮਿਕ ਬਹਿਸ-ਮੁਬਾਹਸਿਆਂ ਦੀਆਂ ਸੰਖੇਪ ਕਾਰਵਾਈਆਂ ਵੀ ਦਰਜ ਹੁੰਦੀਆਂ ਸਨ।"[9]

ਖ਼ਾਲਸਾ ਦੀਵਾਨ, ਲਾਹੌਰ ਦੇ ਦ੍ਰਿਸ਼ਟੀਕੋਣ ਤੋਂ ਸਿੱਖ ਧਰਮ ਦੀ ਵਿਆਖਿਆ ਸਦਕਾ ਇਸ ਪੱਤਰ ਦਾ ਖ਼ਾਲਸਾ ਦੀਵਾਨ, ਅੰਮ੍ਰਿਤਸਰ ਦੇ ਆਗੂਆਂ ਨਾਲ ਵਿਰੋਧ ਉਤਪੰਨ ਹੋ ਗਿਆ। ਅੰਮ੍ਰਿਤਸਰੀ ਖ਼ਾਲਸਾ ਦੀਵਾਨ ਦੇ ਆਗੂ, ਬਾਬਾ ਖੇਮ ਸਿੰਘ ਬੇਦੀ, ਜੋ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਵੀ ਗਦੈਲਾ, ਗੱਦਾ ਲਾ ਕੇ ਬੈਠਦੇ ਸਨ, ਦੀਆਂ ਅਜਿਹੀਆਂ ਕਾਰਵਾਈਆਂ ਦੀ ਨਿੰਦਾ ਕਰਨ ਲਈ ਗਿਆਨੀ ਦਿੱਤ ਸਿੰਘ ਰਚਿਤ 'ਸੁਪਨ ਨਾਟਕ' 'ਖ਼ਾਲਸਾ' ਅਖ਼ਬਾਰ ਵਿਚ ਪ੍ਰਕਾਸ਼ਿਤ ਕੀਤਾ ਗਿਆ, ਜਿਸ ਤੋਂ ਕ੍ਰੋਧਵਾਨ ਹੋ ਕੇ ਸ਼ਖ਼ਸੀ-ਪੂਜਾ ਦੇ ਹਾਮੀ ਅੰਮ੍ਰਿਤਸਰੀ ਧੜੇ ਨੇ 'ਖ਼ਾਲਸਾ' ਅਖ਼ਬਾਰ, ਗਿਆਨੀ ਦਿੱਤ ਸਿੰਘ ਆਦਿ ਵਿਰੁੱਧ ਮਾਨਹਾਨੀ ਦੇ ਦੋਸ਼ ਵਿਚ ਅਦਾਲਤੀ ਕਾਰਵਾਈ ਸ਼ੁਰੂ ਕਰ ਦਿੱਤੀ। ਇਸ ਮੁਕੱਦਮੇਬਾਜ਼ੀ ਦੇ ਚੱਕਰ ਵਿਚ ਪੈ ਕੇ 'ਖ਼ਾਲਸਾ ਅਖ਼ਬਾਰ' ਦੀ ਆਰਥਿਕ ਹਾਲਤ ਐਨੀ ਮੰਦੀ ਹੋ ਗਈ ਕਿ ਇਹ

1889 ਈਸਵੀ ਵਿਚ ਦਮ ਤੋੜ ਗਿਆ ।

ਮਹਾਰਾਜਾ ਹੀਰਾ ਸਿੰਘ ਨਾਭਾ ਦੀ ਆਰਥਿਕ ਸਹਾਇਤਾ ਨਾਲ ਖ਼ਾਲਸਾ ਅਖ਼ਬਾਰ 1892 ਈਸਵੀ ਵਿਚ ਮੁੜ ਪ੍ਰਕਾਸ਼ਿਤ ਹੋਣਾ ਸ਼ੁਰੂ ਹੋਇਆ । ਇਸ ਦੀ ਸੰਪਾਦਕੀ ਜ਼ਿੰਮੇਵਾਰੀ ਭਾਈ ਦਿੱਤ ਸਿੰਘ ਨੂੰ ਸੌਂਪੀ ਗਈ ਪਰ ਇਸ ਨੂੰ ਅਗਵਾਈ ਪ੍ਰੋ. ਗੁਰਮੁਖ ਸਿੰਘ ਪਾਸੋਂ ਹੀ ਪ੍ਰਾਪਤ ਹੁੰਦੀ ਸੀ । ਪ੍ਰੋ. ਗੁਰਮੁਖ ਸਿੰਘ 1898 ਈਸਵੀ ਵਿਚ ਆਪਣੇ ਦਿਹਾਂਤ ਤੱਕ ਇਸ ਅਖ਼ਬਾਰ ਦਾ ਮਾਰਗ-ਦਰਸ਼ਨ ਕਰਦੇ ਰਹੇ ।

**ਸੁਧਾਰਾਰਕ**

ਸਿੱਖ ਸਮਾਜ ਵਿਚ ਸਮਾਜਕ, ਧਾਰਮਕ ਅਤੇ ਵਿਦਿਅਕ ਪੱਖ ਤੋਂ ਸੁਧਾਰ ਅਤੇ ਪਰਚਾਰ ਕਰਨ ਦੇ ਉਦੇਸ਼ ਨਾਲ ਮਾਸਿਕ 'ਸੁਧਾਰਾਰਕ' ਦੀ ਸਥਾਪਨਾ 1886 ਈਸਵੀ ਵਿਚ ਕੀਤੀ ਗਈ ਪਰ ਇਸ ਦੇ ਗਿਣਤੀ ਦੇ ਅੰਕ ਹੀ ਪ੍ਰਕਾਸ਼ਤ ਹੋ ਸਕੇ । 'ਸੁਧਾਰਾਰਕ' ਦੇ ਦੂਸਰੇ ਅੰਕ ਵਿਚ ਪ੍ਰੋ. ਗੁਰਮੁਖ ਸਿੰਘ ਨੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਚ ਹੁੰਦੀਆਂ ਸਿਖ ਰਹਿਤ ਮਰਿਆਦਾ ਦੇ ਪ੍ਰਤੀਕੂਲ ਕਾਰਵਾਈਆਂ, ਜਿਵੇਂ ਮੂਰਤੀ ਪੂਜਾ ਆਦਿ, ਦਾ ਖੰਡਨ ਕਰਦਿਆਂ ਲੇਖ ਲਿਖਿਆ । ਖ਼ਾਲਸਾ ਦੀਵਾਨ, ਅੰਮ੍ਰਿਤਸਰ ਦੇ ਮੁਖੀ ਬਾਬਾ ਖੇਮ ਸਿੰਘ ਬੇਦੀ ਪਹਿਲਾਂ ਹੀ ਪ੍ਰੋ. ਗੁਰਮੁਖ ਸਿੰਘ ਦੇ ਖ਼ਿਲਾਫ਼ ਸਨ, ਹੁਣ ਦਰਬਾਰ ਸਾਹਿਬ ਦੇ ਪੁਜਾਰੀਆਂ ਨੇ ਵੀ ਗੁਰਮੁਖ ਸਿੰਘ ਦੀਆਂ ਅਜਿਹੀਆਂ ਲਿਖਤਾਂ ਨੂੰ ਸਿੱਖ-ਪੰਥ ਵਿਚ ਦੁਫੇੜ ਪਾ ਕੇ ਇਸ ਨੂੰ ਢਾਹ ਲਾਉਣ ਵਾਲੀ ਕਾਰਵਾਈ ਗਰਦਾਨਦਿਆਂ ਉਹਨਾਂ ਦੇ ਖ਼ਿਲਾਫ਼ ਅਸਮਾਨ ਸਿਰ ਉੱਤੇ ਚੁੱਕ ਲਿਆ । ਉਧਰ 'ਖ਼ਾਲਸਾ' ਅਖ਼ਬਾਰ ਵਾਲਾ ਮੁਕੱਦਮਾ ਅਦਾਲਤ ਵਿਚ ਸੀ । ਮੁਕੱਦਮੇਬਾਜ਼ੀ ਦੇ ਇਹਨਾਂ ਝਮੇਲਿਆਂ ਕਾਰਨ ਪ੍ਰੋ. ਗੁਰਮੁਖ ਸਿੰਘ ਇਸ ਪੱਤਰ ਵੱਲ ਪੂਰਾ ਧਿਆਨ ਨਾ ਦੇ ਸਕੇ, ਫਲਸਰੂਪ ਇਹ ਜਾਰੀ ਨਾ ਰਹਿ ਸਕਿਆ ।

'ਸੁਧਾਰਾਰਕ' ਲਿਥੋ ਪ੍ਰੈਸ ਵਿਚ ਛਪਦਾ ਸੀ ਤੇ ਇਸ ਵਿਚ ਦੇਵਤਾਵਾਦ ਦਾ ਮਖੌਲ ਉਡਾਉਣ ਲਈ ਕੁਝ ਕੁ ਦੇਵਤਿਆਂ ਦੇ ਕਾਰਟੂਨ (ਖ਼ਿਲਾਸੀ ਚਿਤਰ) ਵੀ ਹੁੰਦੇ ਸਨ ।

**ਖ਼ਾਲਸਾ ਗਜ਼ਟ**

'ਖ਼ਾਲਸਾ ਗਜ਼ਟ' ਉਰਦੂ ਅਖ਼ਬਾਰ ਵੱਜੋਂ ਭਾਈ ਮਈਆ ਸਿੰਘ ਦੀ ਸੰਪਾਦਨਾ ਹੇਠ 1885 ਈਸਵੀ ਵਿਚ ਲਾਹੌਰ ਤੋਂ ਪ੍ਰਕਾਸ਼ਿਤ ਹੋਣਾ ਸ਼ੁਰੂ ਹੋਇਆ । ਪ੍ਰੋ. ਗੁਰਮੁਖ ਸਿੰਘ ਇਸਦੇ ਸੰਪਾਦਕ ਓਦੋਂ ਬਣੇ, ਜਦੋਂ ਇਹ 1894 ਈਸਵੀ ਵਿਚ ਪੰਜਾਬੀ ਵਿਚ ਛਾਪਿਆ ਜਾਣ ਲੱਗਾ । ਇਹ ਪੱਤਰ ਵੀ ਲਾਹੌਰ ਸਿੰਘ ਸਭਾ ਦੇ ਆਸ਼ਿਆਂ ਦਾ ਹੀ ਪ੍ਰਚਾਰ ਕਰਦਾ ਸੀ ਤੇ ਇਸ ਵਿਚ ਧਾਰਮਕ ਲੇਖ ਅਤੇ ਸਿੱਖ ਜਗਤ ਦੀਆਂ ਖ਼ਬਰਾਂ ਛਾਪੀਆਂ ਜਾਂਦੀਆਂ ਸਨ ।

ਇਉਂ ਅਸੀਂ ਦੇਖਦੇ ਹਾਂ ਕਿ ਪ੍ਰੋ. ਗੁਰਮੁਖ ਸਿੰਘ ਲਗਭਗ ਦੋ ਦਹਾਕੇ ਦੇ ਅਰਸੇ ਦੌਰਾਨ, ਪੰਜ ਅਖ਼ਬਾਰਾਂ, ਰਸਾਲਿਆਂ ਨਾਲ ਸੰਬੰਧਤ ਰਹੇ । ਭਾਵੇਂ ਇਹਨਾਂ ਵਿਚੋਂ ਕੋਈ ਵੀ ਪਰਚਾ ਬਹੁਤੀ ਲੰਮੀ ਆਯੂ ਨਾ ਭੋਗ ਸਕਿਆ, ਪਰ ਆਪਣੀ ਪ੍ਰਕਾਸ਼ਨਾਂ ਦੀ ਛੋਟੀ ਛੋਟੀ ਅਵਧੀ ਦੇ ਬਾਵਜੂਦ ਵੀ ਇਹ ਪਰਚੇ ਆਪਣੀ ਹੋਂਦ ਜਤਾਉਣ ਦੇ ਸਮਰਥ ਹੁੰਦੇ ਰਹੇ । ਇਹਨਾਂ ਵਿਚੋਂ ਦੋ 'ਖ਼ਾਲਸਾ' ਅਖ਼ਬਾਰ ਅਤੇ 'ਸੁਧਾਰਾਰਕ' ਦੀ ਹੋਂਦ ਤਾਂ ਵਿਰੋਧੀਆਂ ਦੀਆਂ ਅੱਖਾਂ ਵਿਚ ਐਨੀ ਰੜਕਦੀ ਸੀ ਕਿ ਨੌਬਤ ਮੁਕੱਦਮੇਬਾਜ਼ੀ ਤੱਕ ਚਲੀ ਗਈ । ਬੇਸ਼ੱਕ ਇਹ ਪਰਚੇ ਪੰਜਾਬੀ ਪੱਤਰਕਾਰੀ ਵਿਚ ਕੋਈ ਉੱਚੀ ਪੱਧਰ ਸਥਾਪਤ ਨਾ ਕਰ ਸਕੇ, ਪਰ ਅਜਿਹ

ਸਮੇਂ ਜਦੋਂ ਅਜੇ ਪੰਜਾਬੀ-ਪੱਤਰਕਾਰੀ ਦੀ ਕੋਈ ਠੁੱਕ ਨਹੀਂ ਸੀ ਬਣੀ, ਇਹਨਾਂ ਪੱਤਰਾਂ ਦਾ ਜਾਰੀ ਹੋਣਾ ਹੀ ਮਹੱਤਵਪੂਰਣ ਗੱਲ ਸੀ ਅਤੇ ਪ੍ਰੋ. ਗੁਰਮੁਖ ਸਿੰਘ ਦੁਆਰਾ ਇਸ 'ਪੰਜਵੀ ਇਸਟੇਟ' ਦੀ ਅਹਿਮੀਅਤ ਸਮਝ ਕੇ ਆਪਣੇ ਮਨਸ਼ਿਆਂ ਦੀ ਪ੍ਰਾਪਤੀ ਹਿਤ ਇਸ ਦੀ ਵਰਤੋਂ ਕਰਨ ਸਦਕਾ ਉਨ੍ਹਾਂ ਦੀ ਸੂਝ-ਸਿਆਣਪ ਅਤੇ ਦੂਰ-ਅੰਦੇਸ਼ੀ ਦੀ ਜਿੰਨੀ ਵੀ ਵਡਿਆਈ ਕੀਤੀ ਜਾਵੇ, ਘੱਟ ਹੈ।

## ਹਵਾਲੇ


1. 'ਪੰਜਾਬੀ ਸਾਹਿਤ ਦੇ ਮੂਲ ਲੱਛਣ ਤੇ ਪ੍ਰਮੁੱਖ ਪ੍ਰਵਿਰਤੀਆਂ' ਪੰਨਾ 215
2. ਡਾ. ਹਜ਼ਾਰਾ ਸਿੰਘ, 'ਪੰਜਾਬੀ ਪ੍ਰਿੰਟਿੰਗ ਐਂਡ ਪਬਲਿਸ਼ਿੰਗ' (ਟਾਈਪ ਸ਼ੁਦਾ ਪੀ-ਐਚ.ਡੀ. ਥੀਸਿਸ) ਪੰਨਾ 254-55

2a ਡਾ. ਬਲਬੀਰ ਸਿੰਘ 'ਚਰਨ ਹਰਿ ਵਿਸਥਾਰ' (ਜਿਲਦ ਪਹਿਲੀ, ਸੈਂਚੀ ਦੂਜੀ) ਅਰਥਾਤ ਜੀਵਨ ਬ੍ਰਿਤਾਂਤ ਡਾ. ਚਰਨ ਸਿੰਘ ਜੀ ਵਿਚ ਲਿਖਦੇ ਹਨ :

ਇਕ ਹੋਰ ਹਫ਼ਤਾਵਾਰ ਅਖ਼ਬਾਰ 'ਅਕਾਲ ਪ੍ਰਕਾਸ਼' ਨਿਕਲ ਆਇਆ। ਇਹ ਗਿਆਨ ਉਪਦੇਸ਼ ਪਤ੍ਰ, ਅੰਮ੍ਰਿਤਸਰ ਤੋਂ ਕ੍ਰਿਪਾਲ ਸਿੰਘ ਆਦਿਤ੍ਰ ਪ੍ਰਿੰਟਰ ਦੇ ਯਤਨ ਨਾਲ ਹਰ ਸੋਮਵਾਰ ਨੂੰ ਪ੍ਰਕਾਸ਼ਿਤ ਹੋਣਾ ਸ਼ੁਰੂ ਹੋਇਆ। ਇਸ ਦੇ ਨਿਕਲਣ ਦੀ ਠੀਕ ਤਾਰੀਖ ਇਸ ਹਿਸਾਬ ਤੋਂ ਨੀਯਤ ਹੋ ਸਕਦੀ ਹੈ ਕਿ ਜਿਲਦ ਪਹਿਲੀ, ਨੰਬਰ ਪੰਜ ਉਪਰ ਤਾਰੀਖ ਛਪੀ ਹੈ : 18 ਸਾਵਨ, 1933 ਬ੍ਰਿ. 407 ਨਾ: ਸ਼, ਸੋਮਵਾਰ (ਪੰਨਾ 75)

ਇਉਂ 'ਅਕਾਲ ਪ੍ਰਕਾਸ਼' ਦਾ ਆਰੰਭ ਜੁਲਾਈ, 1876 ਈਸਵੀ ਬਣ ਜਾਂਦਾ ਹੈ। ਸ. ਖ਼ੁਸ਼ਵੰਤ ਸਿੰਘ ਨੇ History of the Sikhs (Vol. II) ਦੇ ਪੰਨਾ 46 ਉੱਤੇ ਅਕਾਲ ਪ੍ਰਕਾਸ਼ ਦਾ ਜ਼ਿਕਰ ਕੀਤਾ ਹੈ।

ਜਨਾਬ ਮੌਲਾ ਬਖ਼ਸ਼ ਕੁਸ਼ਤਾ ਨੇ 'ਪੰਜਾਬੀ ਸ਼ਾਇਰਾਂ ਦਾ ਤਜ਼ਕਰਾ' ਵਿਚ ਪੰਨਾ 14 ਉੱਤੇ ਇਕ ਮੁਢਲੇ ਪੰਜਾਬੀ ਅਖ਼ਬਾਰ 'ਹਿੰਦੂ ਪ੍ਰਕਾਸ਼' ਦੀ ਦੱਸ ਪਾਈ ਹੈ। ਇਥੇ ਲੇਖਕ ਨੂੰ ਅਖ਼ਬਾਰ ਦੇ ਨਾਂ ਬਾਰੇ ਟਪਲਾ ਲੱਗਾ ਪ੍ਰਤੀਤ ਹੁੰਦਾ ਹੈ, ਜਿਸ ਕਾਰਨ ਉਸਨੇ 'ਅਕਾਲ ਪ੍ਰਕਾਸ਼' ਨੂੰ 'ਹਿੰਦੂ ਪ੍ਰਕਾਸ਼' ਲਿਖ ਦਿੱਤਾ ਹੈ।

3. ਸਿੰਘ ਸਭਾ ਪਤ੍ਰਿਕਾ, ਜਨਵਰੀ, 1975, ਪੰਨਾ 21 ਦਾ ਫੁੱਟ ਨੋਟ
4. ਡਾ. ਪਰਮਿੰਦਰ ਸਿੰਘ, ਉਕਤ ਹਵਾਲਾ
5. ਸ. ਸੂਬਾ ਸਿੰਘ, 'ਪੰਜਾਬੀ ਪੱਤਰਕਾਰੀ ਦਾ ਇਤਿਹਾਸ', ਪੰਨਾ 29
6. ਡਾ. ਜਗਜੀਤ ਸਿੰਘ, 'ਸਿੰਘ ਸਭਾ ਲਹਿਰ' ਪੰਨਾ 20
7. ਉਹੀ ਸਥਾਨ
8. ਡਾ. ਨਰਿੰਦਰ ਸਿੰਘ ਕਪੂਰ, 'ਪੰਜਾਬੀ ਪੱਤਰਕਾਰੀ ਦਾ ਇਤਿਹਾਸ', (ਟਾਈਪ-ਸ਼ੁਦਾ ਪੀ-ਐਚ.ਡੀ ਥੀਸਿਸ), ਪੰਨਾ 72
9. ਸ. ਸੂਬਾ ਸਿੰਘ, ਉਹੀ, ਪੰਨਾ 38

9a ਸ. ਸ਼ਮਸ਼ੇਰ ਸਿੰਘ ਅਸ਼ੋਕ, 'ਪੰਜਾਬੀ ਪੱਤਰ ਕਲਾ' ਪੰਨਾ 37

10. ਡਾ. ਪਰਮਿੰਦਰ ਸਿੰਘ, ਉਹੀ, ਪੰਨਾ 221

ਅਧਿਆਇ ਪੰਜਵਾਂ

## ਪ੍ਰੋਫੈਸਰ ਗੁਰਮੁਖ ਸਿੰਘ ਦੀ ਪੰਜਾਬੀ ਵਾਰਤਕ ਨੂੰ ਦੇਣ

ਪੰਜਾਬ ਵਿਚ ਅੰਗਰੇਜ਼ੀ ਰਾਜ ਦੀ ਸਥਾਪਨਾ ਉਪਰੰਤ ਨਵੇਂ ਸ਼ਾਸਕਾਂ ਦੁਆਰਾ ਲਾਗੂ ਕੀਤੀਆਂ ਗਈਆਂ ਆਰਥਕ-ਸਮਾਜਕ ਨੀਤੀਆਂ ਦੇ ਫਲ ਸਰੂਪ ਪੰਜਾਬੀ ਜੀਵਨ ਦੇ ਹਰ ਖੇਤਰ ਵਿਚ ਗੁਣਾਤਮਿਕ ਪਰਿਵਰਤਨ ਆਇਆ ਅਤੇ ਜਿਵੇਂ ਸੁਭਾਵਿਕ ਸੀ, ਪੰਜਾਬੀ ਸਾਹਿਤ ਵੀ ਇਸ ਤੋਂ ਅਣਭਿੱਜ ਨਾ ਰਹਿ ਸਕਿਆ। ਨਵੀਂ ਸਿੱਖਿਆ ਪ੍ਰਣਾਲੀ ਅਧੀਨ ਸਕੂਲਾਂ-ਕਾਲਜਾਂ ਦੀ ਸਥਾਪਨਾ, ਪ੍ਰਕਾਸ਼ਨਾ ਦੇ ਨਵੀਨ ਸਾਧਨਾਂ ਅਤੇ ਪੱਤਰਕਾਰੀ ਦੇ ਆਰੰਭ ਆਦਿ ਸਦਕਾ ਸਾਹਿਤ ਰਚਨਾ ਲਈ ਅਨੁਸਾਰੀ ਪਰਸਥਿਤੀਆਂ ਨੇ ਜਨਮ ਲਿਆ। ਫਲ ਸਰੂਪ ਪਹਿਲਾਂ ਨਾਲੋਂ ਕਿਤੇ ਵਧੇਰੇ ਮਾਤਰਾ ਵਿਚ ਸਾਹਿਤ-ਰਚਨਾ ਹੋਣ ਲੱਗੀ ਅਤੇ ਇਹ ਰਚਨਾਵਾਂ ਪ੍ਰਕਾਸ਼ਿਤ ਰੂਪ ਵਿਚ ਸੁਲੱਭ ਹੋਣ ਸਦਕਾ ਪਾਠਕ-ਵਰਗ ਦਾ ਫੈਲਾਓ ਹੋਣ ਲੱਗਾ। ਅੰਗਰੇਜ਼ੀ ਸਾਹਿਤ ਦੇ ਪ੍ਰਭਾਵ ਕਾਰਨ ਪਹਿਲਾਂ ਰਚੇ ਸਾਹਿਤ-ਰੂਪਾਂ ਦੇ ਨਾਲ ਨਾਲ ਨਵੀਨ ਸਾਹਿਤ-ਵਿਧਾਵਾਂ ਦੀ ਰਚਨਾ ਹੋਣ ਲੱਗੀ। ਇਸ ਸਮੇਂ ਹੀ ਵਾਰਤਕ ਨੂੰ ਇਕ ਨਿਵੇਕਲੇ ਸਾਹਿਤ-ਰੂਪ ਵੱਜੋਂ ਮਾਨਤਾ ਮਿਲੀ। ਇਸ ਸਮੇਂ ਦੇ ਆਮ ਜਾਣੇ ਜਾਂਦੇ ਵਾਰਤਕ ਲੇਖਕ ਪੰਡਤ ਸ਼ਰਧਾ ਰਾਮ ਫਿਲੌਰੀ, ਗਿਆਨੀ ਗਿਆਨ ਸਿੰਘ ਆਦਿ ਹਨ। ਇਹਨਾਂ ਦੇ ਸਮਕਾਲੀ ਹੀ ਪ੍ਰੋਫੈਸਰ ਗੁਰਮੁਖ ਸਿੰਘ ਸਨ।

ਪੰਜਾਬ ਵਿਚ ਅੰਗਰੇਜ਼ੀ ਰਾਜ ਦੇ ਪਹਿਲੇ ਪੰਜ ਦਹਾਕੇ ਧਾਰਮਕ ਪੁਨਰ-ਜਾਗ੍ਰਿਤੀ ਦਾ ਸਮਾਂ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾ ਜਾਣ ਪਿਛੋਂ ਦੇਹਧਾਰੀ ਗੁਰੂ-ਡੰਮ ਦੇ ਹਾਮੀ ਨਿਹਿਤ-ਸਵਾਰਥੀ ਵਿਅਕਤੀਆਂ ਅਤੇ ਅਨਮਤੀ ਪ੍ਰਭਾਵਾਂ ਸਦਕਾ ਗੁਰਮਤ ਦਰਸ਼ਨ ਅਤੇ ਸਿੱਖ-ਇਤਿਹਾਸ ਵਿਚ ਵਿਆਪ ਚੁੱਕੀ ਧੁੰਦਲਤਾ ਨੂੰ ਪੁਣ ਛਾਣ ਕੇ ਇਸ ਨੂੰ ਮਤ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੁਆਰਾ ਪ੍ਰਗਟਾਏ ਖਾਲਸਾ ਧਰਮ ਦੇ ਰੂਪ ਵਿਚ ਉਜਾਗਰ ਕਰਕੇ ਸਿੱਖ-ਸਮੁਦਾਇ ਨੂੰ ਆਪਣੇ ਧਰਮ ਉਤੇ ਦ੍ਰਿੜ੍ਹਤਾ ਰੱਖਣ ਦੀ ਪ੍ਰੇਰਨਾ ਦੇਣ ਲਈ ਧਾਰਮਕ ਅਤੇ ਸਮਾਜਕ ਸੁਧਾਰ ਦਾ ਅੰਦੋਲਨ ਸਿੰਘ ਸਭਾ ਲਹਿਰ ਦੇ ਰੂਪ ਵਿਚ ਆਰੰਭ ਹੋਇਆ। ਸਿੰਘ ਸਭਾ ਲਹਿਰ ਦੇ ਪੜ੍ਹੇ ਲਿਖੇ ਅਤੇ ਵਿਦਵਾਨ ਮੋਢੀਆਂ ਵਿਚੋਂ ਪ੍ਰੋ. ਗੁਰਮੁਖ ਸਿੰਘ ਇਸ ਦੇ ਪ੍ਰਮੁੱਖ ਬੁਲਾਰੇ ਸਨ। ਇਹ ਹੀ ਕਾਰਨ ਹੈ ਕਿ ਉਹਨਾਂ ਦਾ ਇਕ ਇਕ ਸ਼ਬਦ ਸਿੰਘ ਸਭਾ ਦੁਆਰਾ ਨਿਸ਼ਚਿਤ ਉਦੇਸ਼ਾਂ ਦੀ ਪੂਰਤੀ ਹਿਤ ਬੋਲਿਆ, ਲਿਖਿਆ ਪ੍ਰਤੀਤ ਹੁੰਦਾ ਹੈ।

ਪ੍ਰੋ. ਗੁਰਮੁਖ ਸਿੰਘ ਦੀ ਰਚਨਾ ਅਸਲ ਵਿਚ ਉਹਨਾਂ ਦੁਆਰਾ ਸਿੱਖ-ਸੰਗਤਾਂ ਵਿਚ ਦਿੱਤੇ ਗਏ ਭਾਸ਼ਣਾਂ ਦਾ ਹੀ, ਥੋੜੇ ਬਹੁਤ ਅੰਤਰ ਨਾਲ ਪ੍ਰਕਾਸ਼ਿਤ ਰੂਪ ਹੈ। ਇਹਨਾਂ ਭਾਸ਼ਣਾਂ ਵਿਚ ਉਹਨਾਂ ਨੇ ਆਰੀਆ ਲੋਕਾਂ ਦੇ ਧਰਮ ਤੋਂ ਸ਼ੁਰੂ ਕਰਕੇ ਸਿੱਖ-ਧਰਮ ਦੀ

ਸਥਾਪਨਾ ਤੱਕ ਧਾਰਮਕ-ਅਵਸਥਾਵਾਂ ਦਾ ਜ਼ਿਕਰ ਕਰਨ ਦੇ ਨਾਲ ਨਾਲ ਸਿੱਖ-ਗੁਰੂ ਸਾਹਿਬਾਨ ਦੀਆਂ ਜੀਵਨ-ਝਾਕੀਆਂ ਪੇਸ਼ ਕੀਤੀਆਂ ਹਨ। ਉਹਨਾਂ ਨੇ ਸਿੱਖ ਧਰਮ ਅਤੇ ਸਿੱਖ-ਇਤਿਹਾਸ ਉਪਰ ਪਏ ਅਨਮਤੀ ਪ੍ਰਭਾਵਾਂ ਦਾ ਨਿਖੇੜਾ ਕਰਨ ਲਈ ਆਪਣੇ ਵਿਚਾਰਾਂ ਦੀ ਅਭਿਵਿਅਕਤੀ ਉਹਨਾਂ ਦਾਰਸ਼ਨਿਕ ਅਤੇ ਇਤਿਹਾਸਕ ਨੁਕਤਿਆਂ ਉਤੇ ਕੇਂਦ੍ਰਿਤ ਕੀਤੀ ਹੈ ਜਿਹੜੇ ਗੁਰ-ਆਸ਼ੇ ਦੇ ਪ੍ਰਤੀਕੂਲ ਸਨ। ਲੇਖਕ ਦੀ ਵਡਿਆਈ ਵਾਲੀ ਗੱਲ ਇਹ ਹੈ ਕਿ ਉਸਨੇ ਅਜਿਹੇ ਗੰਭੀਰ ਦਾਰਸ਼ਨਿਕ ਅਤੇ ਅਧਿਆਤਮਕ ਵਿਸ਼ੇ ਬਾਰੇ ਚਰਚਾ ਕਰਦਿਆਂ ਕਿਧਰੇ ਵੀ ਅਸਪਸ਼ਟਤਾ ਨਹੀਂ ਉਪਜਣ ਦਿੱਤੀ। ਇਸ ਦਾ ਇਕ ਕਾਰਨ ਤਾਂ ਇਹ ਹੈ ਕਿ ਲੇਖਕ ਨੂੰ ਆਪਣੇ ਵਿਸ਼ੇ ਉਪਰ ਪੂਰਨ ਅਧਿਕਾਰ ਪ੍ਰਾਪਤ ਹੈ। ਉਸ ਨੂੰ ਪਤਾ ਹੈ ਕਿ ਕਿਹੜੀ ਗੱਲ ਕਿਸ ਮੌਕੇ ਉਤੇ ਕਹਿਣ ਨਾਲ ਪੂਰਨ ਪ੍ਰਭਾਵ ਪਾ ਸਕਦੀ ਹੈ ਅਤੇ ਉਸ ਨੂੰ ਇਹ ਜਾਚ ਵੀ ਆਉਂਦੀ ਹੈ ਕਿ ਕੋਈ ਗੱਲ ਕਿਵੇਂ ਆਖਿਆਂ ਪ੍ਰਭਾਵਸ਼ਾਲੀ ਹੋ ਸਕਦੀ ਹੈ। ਦੂਜਾ ਕਾਰਨ ਇਹ ਹੈ ਕਿ ਲੇਖਕ ਆਪਣੇ ਮਨੋਰਥ ਪ੍ਰਤਿ ਪੂਰਨ-ਭਾਂਤ ਸਪਸ਼ਟ ਹੈ। ਉਹ ਕੋਈ ਵੀ ਅਜਿਹੀ ਗੱਲ ਨਹੀਂ ਲਿਖਦਾ, ਜੋ ਉਸ ਦੇ ਮੂਲ ਆਸ਼ੇ ਦੇ ਵਿਪਰੀਤ ਜਾਂਦੀ ਹੋਵੇ। ਲੇਖਕ ਨੂੰ ਆਪਣੇ ਧਰਮ ਅਤੇ ਇਸ ਦੇ ਪਰਵਰਤਕਾਂ ਬਾਰੇ ਤਾਂ ਪੂਰਨ ਜਾਣਕਾਰੀ ਪ੍ਰਾਪਤ ਹੈ ਹੀ, ਉਸਨੂੰ ਆਪਣੇ ਸਮਕਾਲੀ ਅਤੇ ਪੁਰਾਤਨ ਧਰਮਾਂ ਬਾਰੇ ਵੀ ਚੋਖਾ ਗਿਆਨ ਪ੍ਰਾਪਤ ਹੈ। ਲੇਖਕ ਨੂੰ ਧਰਮ-ਗਿਆਨ ਤੋਂ ਬਿਨਾਂ ਸਮਕਾਲੀ ਰਾਜਸੀ ਅਵਸਥਾ, ਇਤਿਹਾਸ-ਮਿਥਿਹਾਸ, ਭਾਸ਼ਾ ਵਿਗਿਆਨ, ਕੁਗੋਲ-ਵਿਦਿਆ ਆਦਿ ਬਾਰੇ ਵੀ ਡੂੰਘੀ ਸਮਝ-ਬੂਝ ਹੈ ਜਿਸਦੀ ਉਸਨੇ ਯਥਾ-ਯੋਗ ਵਰਤੋਂ ਕੀਤੀ ਹੈ।

ਆਪਣੀ ਵਿਚਾਰ ਧਾਰਾ ਨਾਲ ਪਾਠਕਾਂ ਦੀ ਸਹਿਮਤੀ ਪੈਦਾ ਕਰਨ ਦੇ ਮਨੋਰਥ ਨੂੰ ਸਾਹਮਣੇ ਰੱਖ ਕੇ ਰਚੀਆਂ ਗਈਆਂ ਇਹਨਾਂ ਰਚਨਾਵਾਂ ਵਿਚ ਉਪਦੇਸ਼ਾਤਮਿਕਤਾ ਪ੍ਰਧਾਨ ਹੈ ਪਰ ਲੇਖਕ ਕਿਧਰੇ ਵੀ ਆਪਣੀ ਰਾਇ ਦੂਜਿਆਂ ਉਤੇ ਨਹੀਂ ਠੋਸਦਾ। ਸਗੋਂ ਆਪਣੇ ਕਥਨ ਨੂੰ ਦਲੀਲ ਦੀ ਟੇਕ ਦੇ ਕੇ ਬਿਆਨ ਕਰਦਾ ਹੈ। ਭਾਵੇਂ ਇਹ ਮੰਨਿਆ ਜਾਂਦਾ ਹੈ ਕਿ ਧਰਮ ਦੇ ਖੇਤਰ ਵਿਚ ਦਲੀਲ ਦੀ ਥਾਂ ਵਿਸ਼ਵਾਸ਼ ਨੂੰ ਪ੍ਰਧਾਨਤਾ ਪ੍ਰਾਪਤ ਹੈ ਪਰ ਪ੍ਰੋ. ਗੁਰਮੁਖ ਸਿੰਘ ਆਪਣੀ ਵਿਚਾਰ-ਲੜੀ ਦੀ ਉਸਾਰੀ ਕਰਨ ਲਈ ਦਲੀਲਾਂ ਨੂੰ ਆਧਾਰ ਬਣਾਉਂਦੇ ਹਨ। ਉਹਨਾਂ ਨੂੰ ਸਿੱਖ-ਧਰਮ ਨਿਯਮਾਵਲੀ ਦੇ ਰੂਪ ਵਿਚ ਇਕ ਕਸਵੱਟੀ ਪ੍ਰਾਪਤ ਹੈ ਅਤੇ ਉਹ ਇਸ ਕਸਵੱਟੀ ਉਤੇ ਪੂਰੇ ਉਤਰਨ ਵਾਲੇ ਵਿਚਾਰਾਂ ਨੂੰ ਹੀ ਮਾਨਤਾ ਦਿੰਦੇ ਹਨ। ਗੱਲ ਅਵਤਾਰਵਾਦ ਦੀ ਹੋਵੇ, ਚਾਹੇ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਕਿਸੇ ਸਾਖੀ ਦੀ, ਗੁਰਬਾਣੀ ਦੀ ਵਿਆਖਿਆ ਹੋਵੇ, ਚਾਹੇ ਸਿੱਖ-ਇਤਿਹਾਸ ਦੀ ਕੋਈ ਘਟਨਾ, ਜੇਕਰ ਇਹ ਗੁਰਮਤ ਦੇ ਮੂਲ-ਸਿਧਾਂਤਾਂ ਦੇ ਚੌਖਟੇ ਦੇ ਵਿਚ ਰਾਸ ਨਹੀਂ ਆਉਂਦੀ ਤਾਂ ਲੇਖਕ ਇਸ ਦਾ ਖੰਡਨ ਕਰਨ ਵਿਚ ਕੋਈ ਝਿਜਕ ਨਹੀਂ ਵਿਖਾਉਂਦਾ। ਇਸ ਤਰ੍ਹਾਂ ਖਰੇ-ਖੋਟੇ ਵਿਚਾਰ ਦੀ ਪਰਖ ਕਰਨ ਦਾ ਹੀ ਸਿੱਟਾ ਸੀ ਕਿ ਪ੍ਰੋ. ਗੁਰਮੁਖ ਸਿੰਘ ਨੇ ਸਿੱਖ-ਧਰਮ ਵਿਚ ਪ੍ਰਚੱਲਿਤ ਕਈ ਰਵਾਇਤਾਂ ਨੂੰ ਗ਼ਲਤ ਸਿੱਧ ਕੀਤਾ। ਉਦਾਹਰਨ ਵੱਜੋਂ ਗੁਰੂ ਨਾਨਕ ਦੇਵ ਜੀ ਦਾ ਅਵਤਾਰ-ਪੁਰਬ ਕੱਤਕ ਦੀ ਪੂਰਨਮਾਸ਼ੀ ਦਾ ਮੰਨਿਆ ਜਾਂਦਾ ਹੈ ਪਰ ਪ੍ਰੋ. ਗੁਰਮੁਖ ਸਿੰਘ ਨੇ ਇਸ ਬਾਰੇ ਕਿੰਤੂ ਹੀ ਨਹੀਂ ਕੀਤਾ ਸਗੋਂ ਦਲੀਲਾਂ ਦੇ ਕੇ ਸਿੱਧ ਕਰ ਵਿਖਾਇਆ ਕਿ ਗੁਰੂ ਨਾਨਕ ਦੇਵ ਜੀ ਨੇ ਵਿਸਾਖੀ ਵਾਲੇ ਦਿਨ ਅਵਤਾਰ ਧਾਰਨ ਕੀਤਾ ਸੀ। ਉਹਨਾਂ ਭਾਈ ਬਾਲੇ ਦੀ ਹੋਂਦ

ਬਾਰੇ ਵੀ ਸ਼ੰਕਾ ਪ੍ਰਗਟ ਕੀਤੀ ਅਤੇ ਉਸਦੇ ਨਾਉਂ ਨਾਲ ਜੁੜੀਆਂ ਸਾਖੀਆਂ ਨੂੰ ਮਨੌ-ਕਲਪਿਤ ਕਹਾਣੀਆਂ ਦੱਸਿਆ। ਗੁਰੂ ਨਾਨਕ ਦੇਵ ਜੀ ਦੀਆ ਜਨਮ-ਸਾਖੀਆਂ ਵਿਚ ਸਾਖੀਕਾਰਾਂ ਵੱਲੋਂ ਆਪੋ ਆਪਣੇ ਮਨੋਰਥਾਂ ਦੀ ਸਿੱਧੀ ਲਈ ਪਾਈਆਂ ਗਈਆਂ ਸਾਖੀਆਂ ਉੱਤੇ ਉਂਗਲ ਧਰੀ ਅਤੇ ਸਿੱਖ-ਸਮੁਦਾਇ ਜਾਤੀ ਅਥਵਾ ਜਮਾਤੀ ਸਵਾਰਥਾਂ ਦੀ ਪੂਰਤੀ ਹਿਤ ਇਲ਼ ਕਰਨ ਵਾਲੇ ਤੱਤਾਂ ਤੋਂ ਚੌਕੰਨਿਆਂ ਕੀਤਾ। ਕੇਵਲ ਇਨਾ ਹੀ ਨਹੀਂ, ਉਹਨਾਂ ਨੇ ਸਿੱਖ-ਧਰਮ ਦੇ ਮੰਨੇ ਪ੍ਰਮੰਨੇ ਵਿਦਵਾਨਾਂ, ਜਿਹਨਾਂ ਨੇ ਅਜਿਹੇ ਰਲੇ ਨੂੰ ਪੁਣ-ਛਾਣ ਕਰਨ ਦਾ ਫ਼ਰਜ਼ ਨਿਭਾਉਣ ਵੱਲੋਂ ਅਣਗਹਿਲੀ ਵਰਤੀ ਸੀ, ਨੂੰ ਆਪਣੀ ਜ਼ਿੰਮੇਵਾਰੀ ਤੋਂ ਕੰਨੀ ਕਤਰਾਉਣ ਕਾਰਨ ਕੋਸਿਆ। ਇਉਂ ਪ੍ਰੋ. ਗੁਰਮੁਖ ਸਿੰਘ ਨੇ ਧਰਮ ਨੂੰ ਵਿਗਿਆਨਕ ਅਤੇ ਮੰਤਕੀ ਦ੍ਰਿਸ਼ਟੀ ਤੋਂ ਘੋਖਣ-ਪਰਖਣ ਦੀ ਪਹਿਲ ਕੀਤੀ ਅਤੇ ਇਸ ਬਾਰੇ ਖੁਲ੍ਹੇ ਦਿਲ-ਦਿਮਾਗ ਨਾਲ ਸੋਚਣ ਦੀ ਪ੍ਰਥਾ ਪਾਈ। ਪਿਛੋਂ ਪ੍ਰੋ ਗੁਰਮੁਖ ਸਿੰਘ ਦੁਆਰਾ ਪਾਈਆਂ ਪੈੜਾਂ ਉੱਤੇ ਚੱਲਦਿਆਂ ਹੀ ਸ. ਕਰਮ ਸਿੰਘ ਹਿਸਟੋਰੀਅਨ ਨੇ ਗੁਰੂ ਨਾਨਕ ਜਨਮ-ਪੁਰਬ ਦਾ ਨਿਰਣਾ ਕਰਨ ਲਈ ਆਪਣੀ ਪੁਸਤਕ 'ਕਤਕ ਕਿ ਵਿਸਾਖ' ਦੀ ਰਚਨਾ ਕੀਤੀ। ਇਹ ਉਹ ਸਮਾਂ ਸੀ ਜਦੋਂ ਕੋਈ ਵਿਅਕਤੀ ਕਿਸੇ ਧਾਰਮਿਕ-ਰਵਾਇਤ ਨੂੰ ਉਲੰਘਣ ਬਾਰੇ ਸੋਚਣ ਦਾ ਸਾਹਸ ਵੀ ਨਹੀਂ ਸੀ ਕਰ ਸਕਦਾ। ਪ੍ਰੋ. ਗੁਰਮੁਖ ਸਿੰਘ ਨੇ ਅਜਿਹਾ ਸੋਚਿਆ ਹੀ ਨਹੀਂ, ਸਗੋਂ ਇਸਨੂੰ ਜਨਤਕ ਵਿਚਾਰ-ਵਟਾਂਦਰੇ ਦਾ ਮੁਦਾ ਬਣਾ ਕੇ ਦਲੀਲਾਂ ਦੇ ਆਧਾਰ ਉੱਤੇ ਇਹਨਾਂ ਬਾਰੇ ਨਿਰਣੇ ਲਏ ਅਤੇ ਸਿੱਖ-ਸਮੁਦਾਇ ਦੀ ਬਹੁ-ਗਿਣਤੀ ਨੂੰ ਆਪਣੇ ਨਿਰਣਿਆਂ ਨਾਲ ਸਹਿਮਤ ਕਰਨ ਵਿਚ ਸਫ਼ਲਤਾ ਪ੍ਰਾਪਤ ਕੀਤੀ।

ਪ੍ਰੋ. ਗੁਰਮੁਖ ਸਿੰਘ ਦੇ ਵਿਚਾਰਾਂ ਵਿਚਲੀ ਮੌਲਿਕਤਾ ਹੀ ਹੈ, ਜਿਸ ਕਾਰਨ ਉਹ ਆਪਣੇ ਸਮਕਾਲੀ ਅਤੇ ਪੂਰਬ ਕਾਲੀ ਵਿਦਵਾਨਾਂ ਨਾਲੋਂ ਨਿਵੇਕਲੇ ਦਿਖਾਈ ਦਿੰਦੇ ਹਨ ਆਪਣੇ ਅਜਿਹੇ ਵਿਚਾਰਾਂ ਦੀ ਅਭਿਵਿਅਕਤੀ ਲਈ ਉਹਨਾਂ ਕੋਈ ਉਚੇਚ ਨਹੀਂ ਕੀਤੀ ਅਤੇ ਨਾ ਹੀ ਉਹ ਕਿਸੇ ਹੋਰ ਲੇਖਕ ਦੇ ਪਿਛਲੱਗ ਬਣੇ। ਇਹ ਹੀ ਕਾਰਨ ਹੈ ਕਿ ਉਹਨਾਂ ਦੀ ਸ਼ੈਲੀ ਦਾ ਆਪਣਾ ਇਕ ਵਿਲੱਖਣ ਰੰਗ ਹੈ। ਉਹਨਾਂ ਤੋਂ ਪਹਿਲਾਂ ਰਚੀ ਗਈ ਵਾਰਤਕ ਵਿਚ ਆਮ ਤੌਰ ਉਤੇ ਬਨਾਵਟ ਪ੍ਰਧਾਨ ਹੈ ਪਰ ਪ੍ਰੋ. ਗੁਰਮੁਖ ਸਿੰਘ ਨੇ ਆਪਣੀ ਵਾਰਤਕ ਰਚਨਾ ਲਈ ਆਮ ਬੋਲ ਚਾਲ ਦੀ ਭਾਸ਼ਾ ਦਾ ਪ੍ਰਯੋਗ ਕੀਤਾ। ਉਹਨਾਂ ਦੀਆਂ ਰਚਨਾਵਾਂ ਵਿਚ ਅਜਿਹਾ ਭਾਸ਼ਾਈ ਅੰਸ਼ ਏਨਾ ਭਾਰੂ ਹੈ ਕਿ ਪੜ੍ਹਦਿਆਂ ਇਉਂ ਲੱਗਦਾ ਹੈ ਜਿਵੇਂ ਕੋਈ ਸੁਭਾਸ਼ਨਕਾਰ ਸੰਵਾਦ ਰਚਾ ਰਿਹਾ ਹੋਵੇ। ਕਿਧਰੇ ਵਾਕ ਲੰਮੇ ਲੰਮੇ ਹਨ ਅਤੇ ਕਿਧਰੇ ਨਿੱਕੇ ਨਿੱਕੇ, ਕਿਧਰੇ ਲੇਖਕ ਕੋਈ ਪ੍ਰਸ਼ਨ ਪੁੱਛਦਾ ਹੈ ਅਤੇ ਕਿਧਰੇ ਦਲੀਲਾਂ ਦੇ ਕੇ ਕਿਸੇ ਗੁੰਝਲ ਨੂੰ ਖੋਲ੍ਹਦਾ ਹੈ। ਇਉਂ ਇਹ ਲਿਖਣ-ਸ਼ੈਲੀ ਰੋਚਿਕਤਾ ਉਪਜਾਉਣ ਦਾ ਕਾਰਣ ਵੀ ਬਣੀ ਹੈ।

ਗੁਰਬਾਣੀ ਦੀ ਵਰਤੋਂ ਕਰਨ ਦੀ ਦ੍ਰਿਸ਼ਟੀ ਤੋਂ ਵੀ ਪ੍ਰੋ. ਗੁਰਮੁਖ ਸਿੰਘ ਰਚਿਤ ਵਾਰਤਕ ਆਪਣੇ ਪੂਰਬਕਾਲੀ ਅਤੇ ਸਮਕਾਲੀ ਵਾਰਤਕ ਲੇਖਕਾਂ ਨਾਲੋਂ ਭਿੰਨਤਾ ਰੱਖਦੀ ਹੈ। ਇਸ ਸਮੇਂ ਦੇ ਆਮ ਵਾਰਤਕ ਲੇਖਕ ਗੁਰਬਾਣੀ ਦੀ ਕਿਸੇ ਤੁਕ ਦੀ ਵਰਤੋਂ ਕਰਨ ਉਪਰੰਤ ਉਸਦੀ ਲੰਮੀ ਚੌੜੀ ਵਿਆਖਿਆ ਵੀ ਪੇਸ਼ ਕਰਦੇ ਹਨ, ਭਾਵੇਂ ਅਜਿਹੀ ਵਿਆਖਿਆ ਦੇਣ ਦੀ ਕੋਈ ਉਚਿੱਤਤਾ ਹੋਵੇ ਜਾਂ ਨਾ। ਪ੍ਰੋ. ਗੁਰਮੁਖ ਸਿੰਘ ਦੀ ਵਾਰਤਕ ਅਜਿਹੀ ਵਿਆਖਿਆ ਤੋਂ ਮੁਕਤ ਹੈ। ਉਸਨੇ ਆਪਣੇ ਕਥਨਾਂ ਦੀ ਪੁਸ਼ਟੀ ਹਿਤ ਗੁਰਬਾਣੀ ਦੀਆਂ

ਟੂਕਾਂ ਦਿੱਤੀਆਂ ਹਨ ਪਰ ਇਹਨਾਂ ਦੀ ਵਿਆਖਿਆ ਦਾ ਕੰਮ ਪਾਠਕ ਉਤੇ ਛੱਡ ਦਿਤਾ ਹੈ।

ਪ੍ਰੋ. ਗੁਰਮੁਖ ਸਿੰਘ ਰਚਿਤ ਵਾਰਤਕ ਵਿਚਲੀ ਭਾਸ਼ਾ ਦੀ ਗੱਲ ਕਰਦਿਆਂ ਫਿਰ ਇਸਦੇ ਵਾਰਤਾਲਾਪੀ ਰੰਗ ਵਾਲੇ ਲੱਛਣ ਨੂੰ ਦੁਹਰਾਉਣਾ ਬਣਦਾ ਹੈ। ਇਸ ਵਾਰਤਕ ਵਿਚ ਹਿੰਦੀ-ਸੰਸਕ੍ਰਿਤ ਦੇ ਬੋਝਲ ਸ਼ਬਦ ਵਰਤੇ ਗਏ ਹਨ, ਨਾ ਕਿ ਉਰਦੂ-ਫ਼ਾਰਸੀ ਦੇ। ਹਾਂ, ਪੰਜਾਬੀ ਭਾਸ਼ਾ ਵਿਚ ਰਚ-ਮਿਚ ਕੇ ਪੰਜਾਬੀਆਂ ਦੀ ਬੋਲ ਚਾਲ ਦਾ ਹਿੱਸਾ ਬਣ ਚੁੱਕੇ ਹਿੰਦੀ-ਸੰਸਕ੍ਰਿਤ ਅਥਵਾ ਉਰਦੂ-ਫ਼ਾਰਸੀ ਪਿਛੋਕੜ ਵਾਲੇ ਸ਼ਬਦਾਂ ਨੂੰ ਨਿਰਸੰਕੋਚ ਵਰਤਿਆ ਗਿਆ ਹੈ। ਇਹਨਾਂ ਰਚਨਾਵਾਂ ਨੂੰ ਵਾਚਣ ਉਪਰੰਤ ਅਸੀਂ ਇਸ ਸਿੱਟੇ ਉਤੇ ਪੁੱਜਦੇ ਹਾਂ ਕਿ ਲੇਖਕ ਪਾਸ ਵਿਸ਼ਾਲ ਸ਼ਬਦ-ਭੰਡਾਰ ਸੀ, ਜਿਸ ਵਿਚੋਂ ਉਸਨੇ ਪ੍ਰਸੰਗ ਅਨੁਸਾਰ ਢੁੱਕਵੇਂ ਸ਼ਬਦਾਂ ਦੀ ਵਰਤੋਂ ਕੀਤੀ ਹੈ।

ਆਪਣੀ ਸ਼ੈਲੀ-ਸ਼ਬਦਾਵਲੀ ਅਤੇ ਵਿਆਕਰਣ ਦੇ ਪੱਖੋਂ ਪ੍ਰੋ. ਗੁਰਮੁਖ ਸਿੰਘ ਰਚਿਤ ਵਾਰਤਕ ਉਸ ਵਾਰਤਕ ਦੀ ਵੰਨਗੀ ਹੈ ਜੋ ਆਧੁਨਿਕ ਪੰਜਾਬੀ ਵਾਰਤਕ ਦੀ ਨੀਂਹ ਬਣੀ।

ਡਾ. ਰਤਨ ਸਿੰਘ ਜੱਗੀ ਦਾ ਕਥਨ ਹੈ, "ਸ਼ੈਲੀ ਆਪ ਮੁਹਾਰੀ ਕਥਨ-ਸ਼ਕਤੀ ਹੈ ਜੋ ਕਿਸੇ ਪ੍ਰਕਾਰ ਦੇ ਅਭਿਆਸ ਜਾਂ ਸਿਖਲਾਈ ਦੀ ਲੋੜ ਨਹੀਂ ਸਮਝਦੀ। ਉਹ ਆਪਣੇ ਆਪ ਹੀ ਆਪਣੇ ਨਿਵੇਕਲੇਪਨ ਦੀ ਪਰਿਚਾਇਕ ਹੈ। ਸੱਚ ਤਾਂ ਇਹ ਹੈ ਕਿ ਸ਼ੈਲੀ ਕਿਸੇ ਲੇਖਕ ਦੀ ਅਜਿਹੀ ਸਦੀਵੀ ਸ੍ਰਿਸ਼ਟੀ ਹੈ, ਜਿਸ ਵਿਚ ਉਸਦੀਆਂ ਵਿਦਿਅਕ ਅਤੇ ਕਲਾਤਮਕ ਪ੍ਰਾਪਤੀਆਂ, ਭਾਵਨਾਵਾਂ ਸਭਿਆਚਾਰਿਕ ਮਾਨਤਾਵਾਂ ਅਤੇ ਸੰਵੇਦਨਾਵਾਂ ਦਾ ਪ੍ਰਤਿਬਿੰਬ ਮਿਲਦਾ ਹੈ।"[1] ਇਹ ਕਥਨ ਪ੍ਰੋ. ਗੁਰਮੁਖ ਸਿੰਘ ਦੀ ਵਾਰਤਕ-ਰਚਨਾ ਬਾਰੇ ਅੱਖਰ-ਅੱਖਰ ਢੁੱਕਦਾ ਹੈ। ਆਪਣੀ ਨਿਵੇਕਲੀ ਸ਼ੈਲੀ ਕਾਰਨ ਇਸ ਵਾਰਤਕ ਵਿਚ ਅਜਿਹੀ ਵਿਲੱਖਣਤਾ ਉਪਜੀ ਹੈ, ਜੋ ਇਸਨੂੰ ਹੋਰਨਾਂ ਵਾਰਤਕ-ਲਿਖਤਾਂ ਨਾਲੋਂ ਵਖਰਾਉਂਦੀ ਹੈ। ਪ੍ਰੋ. ਗੁਰਮੁਖ ਸਿੰਘ ਰਚਿਤ ਵਾਰਤਕ ਦੇ ਅਜਿਹੇ ਗੁਣ ਕਾਰਨ ਹੀ ਇਸਨੂੰ ਪੰਜਾਬੀ ਵਾਰਤਕ ਵਿਚ ਮਹੱਤਵਪੂਰਨ ਸਥਾਨ ਦੇਣਾ ਬਣਦਾ ਹੈ।

## ਹਵਾਲੇ

1. 'ਭਾਈ ਮਨੀ ਸਿੰਘ : ਜੀਵਨੀ ਅਤੇ ਰਚਨਾ ; ਪੰਨਾ 73

ਅੰਤਿਕਾ

# ਪ੍ਰੋਫੈਸਰ ਗੁਰਮੁਖ ਸਿੰਘ ਰਚਿਤ ਵਾਰਤਕ-ਵੰਨਗੀ

**'ਦੂਜਾ ਵਿਆਖਿਆਨ' ਵਿਚੋਂ**

(ਪੰਨਾ 19) ਗੁ ਨਾਉਂ ਅੰਧੇਰੇ ਦਾ ਅਤੇ ਰੂ ਨਾਉਂ ਪ੍ਰਕਾਸ਼ ਦਾ। ਅੰਧੇਰੇ ਨੂੰ ਦੂਰ ਕਰਕੇ ਜੋ ਚਾਨਣੇ ਵਿਚ ਲਿਆਵੇ ਸੋ ਕਹੀਏ ਗੁਰੂ। ਮਗਰ ਏਸ ਤੇ ਏਹ ਮਤਲਬ ਨਹੀਂ ਕੇ ਮਸਾਲ ਬਾਲ ਕੇ ਅੰਧੇਰੇ ਵਿਚੋਂ ਚਾਨਣੇ ਵਿਚ ਲਿਆਉਣਾ। ਏਥੇ ਅੰਧੇਰਾ ਅਗਿਆਨਤਾ ਦਾ ਲਿਆ ਜਾਂਦਾ ਹੈ ਅਤੇ ਚਾਨਣਾ ਗਿਆਨ ਅਤੇ ਗਿਆਨ ਭੀ ਸਰੂਪ ਗਿਆਨ ਦਾ ਅਰਥ ਲੈਂਦੇ ਹਨ। ਸੋ ਗੁਰੂ ਸ਼ਬਦ ਦੀ ਉਸਤਾਦਗੀ ਅਥਵਾ ਅਧਿਯਾਪਕਤਾ ਸਿਧ ਹੁੰਦੀ ਹੈ ਜੈਸੇ ਕਿਸੇ ਕੰਮ ਦਾ ਉਸਤਾਦ ਦੂਸਰੇ ਨੂੰ ਅਪਨਾ ਕੰਮ ਸਿਖਾਵੇ ਅਤੇ ਅਪਨੇ ਕੰਮ ਦੀ ਅਗਿਆਨਤਾ ਦੂਰ ਕਰੇ। ਸੋ ਉਸਤਾਦ ਭੀ ਗੁਰੂ ਦੀ ਤਰ੍ਹਾਂ ਕਾਰਜ ਕਰਦਾ ਹੈ। ਤਾਂ ਤੇ ਗੁਰੂ ਸ਼ਬਦ ਵਿਚ ਨਾ ਤਾ ਅਵਤਾਰ ਦੀ ਰੰਗਤਾ ਪਾਈ ਜਾਂਦੀ ਹੈ, ਨਾ ਪੈਗੰਬਰੀ ਦੀ ਹਕੂਮਤ, ਨਾ ਭਗਤੀ ਦੀ ਨਿਰੀ ਸੇਵਾ ਤੇ ਅਪਨੇ ਆਪ ਭਜਨ ਕਰਨਾ ਪਾਇਆ ਜਾਂਦਾ ਹੈ। ਅਵਤਾਰ ਵਿਚ ਪ੍ਰਮੇਸ਼ਵਰ ਦਾ ਉਤਰਨਾ (ਉਧਾਰ ਵਾਸਤੇ) ਪਾਇਯਾ ਜਾਂਦਾ ਹੈ। ਪੈਗੰਬਰ ਵਿਚ ਅਪਨੇ ਆਪ ਨੂੰ ਰਬ ਦਾ ਸੂਬਾ ਅਥਵਾ ਸਫ਼ੀਰ ਮੁਕਰਰ ਕਰਨਾ ਪਾਯਾ ਜਾਂਦਾ ਹੈ। ਇਸ ਤੋਂ ਪ੍ਰਮੇਸ਼ੁਰ ਦਾ ਬੋਧ ਹੁੰਦਾ ਹੈ। ਭਗਤ ਸ਼ਬਦ ਭੀ ਜਤਾਉਂਦਾ ਹੈ ਕੇ ਪ੍ਰਮੇਸ਼ੁਰ ਦੀ ਭਗਤੀ ਕਰਨਾ ਅਥਵਾ ਕਰਨੀ ਸਿਖਾਉਨਾ। ਏਹਨਾ ਸਾਰਿਆਂ ਸ਼ਬਦਾਂ ਤੋਂ ਸਪਸ਼ਟ ਤੌਰ ਤੇ ਏਹਿ ਬਾਤ ਨਹੀਂ ਮਾਲੂਮ ਹੁੰਦੀ ਕੇ ਏਹਿ ਚਾਰੇ ਹੀ ਕਿਸ ਕਾਰਜ ਵਾਸਤੇ ਹੋਏ। ਅਵਤਾਰ ਸ਼ਬਦ ਸੁਨਨ ਨਾਲ ਹੀ ਅਸੀਂ ਨਹੀਂ ਸਮਝ ਸਕਦੇ ਕੇ ਓਹ ਅਵਤਾਰ ਕਿਸੇ ਦੇ ਮਾਰਣੇ ਵਾਸਤੇ ਹੋਇਆ ਕਿ ਕਿਸੇ ਤਰ੍ਹਾਂ ਦੇ ਧਰਮ ਉਦੇਸ਼ ਕਰਨ (ਪੰਨਾ 20) ਵਾਸਤੇ ਜਿਨਾ ਚਿਰ ਮਾਲੂਮ ਨਾ ਹੋ ਜਾਵੇ ਕੇ ਅਵਤਾਰ ਕਿਸ ਵਾਸਤੇ ਹੋਇਆ ਹੈ। ਪੈਗੰਬਰ ਸ਼ਬਦ ਤੋਂ ਅਲਬਤ ਏਹਿ ਬਾਤ ਤਾਂ ਪਾਈ ਜਾਂਦੀ ਹੈ ਕੇ ਕਿਸੇ ਕੰਮ ਦਾ ਪੈਗਾਮ ਲਿਆਂਦਾ ਹੈ ਪਰ ਇਸ ਤੋਂ ਭੀ ਏਹਿ ਸਪਸ਼ਟ ਨਹੀਂ ਮਾਲੂਮ ਹੁੰਦਾ ਕੇ ਕਿਸ ਕਾਰਵਾਈ ਦਾ ਪੈਗਾਮ ਲਿਆਯਾ ਹੈ। ਭਗਤ ਸ਼ਬਦ ਤੋਂ ਏਹਿ ਠੀਕ ਨਹੀਂ ਪ੍ਰਤੀਤ ਹੁੰਦਾ ਕੇ ਓਸਨੇ ਕਿਸ ਬਾਤ ਦੀ ਭਗਤੀ ਸਿਖਾਉਨੀ ਹੈ। ਗੁਰੂ ਸ਼ਬਦ ਤੋਂ ਸਾਫ਼ ਸਾਫ਼ ਮਾਲੂਮ ਪਿਆ ਹੁੰਦਾ ਹੈ ਕੇ ਅਗਿਆਨ ਰੂਪੀ ਅੰਧੇਰੇ ਨੂੰ ਦੂਰ ਕਰਨਾ ਹੈ। ਇਸ ਬਾਤ ਵਿਚ ਗੁਰੂ ਸ਼ਬਦ ਹੋਰਨਾਂ ਸ਼ਬਦਾਂ ਤੇ ਸਬਕਤ ਰਖਦਾ ਹੈ। ਹੋਰ ਸ਼ਬਦ ਅਪਨੇ ਅੱਖਰਾਂ ਵਿਚ ਅਪਨੇ ਮਤਲਬ ਨੂੰ ਸਿਧ ਨਹੀਂ ਕਰਦੇ।

ਹੁਨ ਏਹਿ ਦੇਖਨਾ ਚਾਹਯੇ ਕੇ ਗੁਰੂ ਸ਼ਬਦ ਵਿਚ ਕੋਈ ਓਹ ਦੂਸ਼ਨ ਤਾਂ ਨਹੀਂ ਆਉਂਦੀ ਜੋ ਉਪਰਲਿਯਾਂ ਤਿਨਾ ਹੋਰਨਾ ਵਿਚ ਆਉਂਦੀ ਹੈ। ਗੁਰੂ ਸ਼ਬਦ ਅਧਿਯਾਪਕਤਾ ਜਤਾਉਂਦਾ ਹੈ ਅਰਥਾਤ ਇਕ ਤਰ੍ਹਾਂ ਦੇ ਅਧਿਕਾਰ ਨੂੰ ਕਾਇਮ ਰੱਖਦਾ ਹੈ। ਚਾਹੇ ਇਕ ਤ੍ਰਾਂ

ਦਾ ਅਧਿਕਾਰ ਏਸ ਸ਼ਬਦ ਵਿਚ ਹੈ, ਪਰ ਫੇਰ ਭੀ ਇਸ ਸ਼ਬਦ ਵਿਚ ਇਸ ਤਰ੍ਹਾਂ ਦਾ ਦਾਵੇ ਵਾਲਾ ਜ਼ੋਰ ਨਹੀਂ ਜਿਸ ਤਰ੍ਹਾਂ ਦਾ ਪੈਗੰਬ੍ਰ ਸ਼ਬਦ ਵਿਚ ਹੈ। ਅਥਵਾ ਇਸ ਤਰ੍ਹਾਂ ਦੀ ਨੀਮਾਣੀ ਭੀ ਨਹੀਂ ਜੈਸੀ ਭਗਤ ਵਿਚ ਹੈ। ਗੁਰੂ ਸ਼ਬਦ ਸਾਦਾ ਸ਼ਬਦ ਹੈ ਪਰ ਅਪਨੇ ਅਧਿਕਾਰ ਨੂੰ ਜਤਾਉਂਦਾ ਹੈ। ਇਸਦੇ ਸੁਨਨੇ ਨਾਲ ਇਸ ਦਾ ਅਰਥ ਅਤੇ ਮਤਲਬ ਸਪਸ਼ਟ ਮਾਲੂਮ ਹੋ ਜਾਂਦਾ ਹੈ ਏਸ ਵਿਚ ਅਵਤਾਰ, ਪੈਗੰਬਰ, ਭਗਤ ਸ਼ਬਦਾਂ ਦੇ ਲਖਨ ਘਟਦੇ ਹਨ ਪਰ ਏਹਿ ਤਿੰਨਾਂ ਤੋਂ ਨਿਯਾਰਾ ਭੀ ਹੈ। ਜੈਸੇ ਗੁਰੂ ਸਿਖ ਨੂੰ ਕਿਸੇ ਵਿਸੇ ਵਿਚ ਤਾਰਦਾ ਹੈ ਅਰਥਾਤ ਸਤਿ ਵਿਸੇ ਅਥਵਾ ਦੁਨਿਆਵੀ ਵਿਸੇ ਵਿਚ। ਏਹਨਾਂ ਅਰਥਾਂ ਵਿਚ ਤਾਂ ਗੁਰੂ ਅਵਤਾਰ ਸ਼ਬਦ ਨਾਲ ਰਲਦਾ ਹੈ। ਗੁਰੂ ਜੋ ਕਿਸੇ ਵਿਚੋਂ ਅਵਿਦਯਾ ਦੂਰ ਕਰਨ ਦਾ ਦਾਹਵਾ ਰਖਦਾ ਹੈ, ਇਸ ਅਰਥ ਵਿਚ ਪੈਗੰਬ੍ਰ (ਪੰਨਾ 21) ਨਾਲ ਰਲਦਾ ਹੈ। ਗੁਰੂ ਜੀ ਜੋ ਸਿਖ ਨੂੰ ਅਧੀਨਤਾ ਦੇ ਮਾਰਗ ਲਾਉਂਦੇ ਹਨ ਅਤੇ ਜਿਸ ਵਿਸੇ ਦੀ ਸਿਖ ਸਿਖਯਾ ਲੈਂਦਾ ਹੈ ਓਸ ਵਿਸੇ ਦੀ ਭਗਤੀ ਦ੍ਰਿੜਾਉਂਦੇ ਹਨ, ਇਸ ਅਰਥ ਕਰਕੇ ਭਗਤ ਦੇ ਨਾਲ ਰਲਦਾ ਹੈ। ਪਰ ਜੇਕਰ ਏਹਨਾਂ ਬਾਤਾਂ ਨੂੰ ਛਡ ਕੇ ਏਹਨਾਂ ਤਿੰਨਾਂ ਸ਼ਬਦਾਂ ਦੇ ਹੋਰਨਾ ਅਰਥਾਂ ਵਿਚ ਗੁਰੂ ਸ਼ਬਦ ਦਾ ਮੁਕਾਬਲਾ ਕਰੀਏ ਤਾਂ ਤਿਨੇ ਹੀ ਇਸ ਵਿਚ ਨਹੀਂ ਘਟਦੇ। ਗੁਰੂ ਸ਼ਬਦ ਦੋ ਤਰ੍ਹਾਂ ਨਾਲ ਵਰਤਿਆ ਜਾਂਦਾ ਹੈ। ਜੋ ਕਿਸੇ ਤਰ੍ਹਾਂ ਦੀ ਵਿਦਯਾ ਸਿਖਾਵੇ ਅਤੇ ਓਸ ਵਿਸੇ ਦੀ ਅਵਿਦਯਾ ਦੂਰ ਕਰੇ ਸੋ ਭੀ ਗੁਰੂ ਆਖੀਦਾ ਹੈ। ਇਸਨੂੰ ਉਸਤਾਦ ਅਥਵਾ ਅਧਯਾਪਨ ਭੀ ਆਖਦੇ ਹਨ। ਪਰ ਅਵਤਾਰ ਪੈਗੰਬਰ ਅਤੇ ਭਗਤ ਸ਼ਬਦਾਂ ਦੇ ਮੁਕਾਬਲੇ ਐਸਾ ਗੁਰੂ ਸ਼ਬਦ ਠੀਕ ਨਹੀਂ ਬੈਠਦਾ ਜਿਸਦਾ ਉਪਰ ਕਥਨ ਆਯਾ ਹੈ। ਸਾਨੂੰ ਐਸਾ ਗੁਰੂ ਸ਼ਬਦ ਦਰਕਾਰ ਹੈ ਜੋ ਸਤਿਪੁਰਖ ਦੇ ਸ੍ਵਰੂਪ ਦਾ ਉਪਦੇਸ਼ ਕਰੇ। ਇਸ ਬਾਤ ਦੇ ਸਿਧ ਕਰਨ ਲਈ ਗੁਰੂ ਸ਼ਬਦ ਦੇ ਨਾਲ ਸਤਿ ਸ਼ਬਦ ਜੋੜਿਆ ਗਿਆ ਹੈ। ਜੈਸੇ ਸਤਿਗੁਰੂ। ਤਾਂ ਤੇ ਸਤਿਗੁਰੂ ਓਹ ਗੁਰੂ ਹੈ ਜੋ ਸਤਿ ਦਾ ਉਪਦੇਸ਼ ਕਰੇ ਅਤੇ ਐਸੇ ਉਪਦੇਸ਼ ਨਾਲ ਸਿਖ ਦਾ ਉਧਾਰ ਕਰੇ। ਜੈਸੇ ਓਹ ਗੁਰੂ ਜੋ ਕਿਸੇ ਵਿਦਯਾ ਦੇ ਜਾਨਣੇ ਵਾਲਾ ਹੁੰਦਾ ਹੈ ਅਤੇ ਓਸ ਵਿਦਯਾ ਦਾ ਅਪਨੇ ਸਿਖ ਨੂੰ ਉਪਦੇਸ਼ ਕਰਦਾ ਹੈ। ਓਹ ਵਿਦਯਾ ਨਹੀਂ ਹੁੰਦਾ ਅਰਥਾਤ ਜਿਸ ਵਿਦਯਾ ਦਾ ਉਪਦੇਸ਼ ਕਰਦਾ ਹੈ ਓਹੀ ਵਿਦਯਾ ਓਹੁ ਗੁਰੂ ਨਹੀਂ ਹੁੰਦਾ। ਮਤਲਬ ਕੀ ਕੇ ਵਿਦਯਾ ਜੁਦੀ ਹੁੰਦੀ ਹੈ ਅਤੇ ਗੁਰੂ ਜੁਦਾ ਹੁੰਦਾ ਹੈ। ਪਰ ਓਸ ਵਿਦਯਾ ਕਰਕੇ ਉਹ ਗੁਰੂ ਅਪਨੇ ਸਿਖ ਦਾ ਉਧਾਰ ਕਰਦਾ ਹੈ ਅਤੇ ਉਧਾਰ ਕਰਨ ਦਾ ਓਸ ਵਿਚ ਜ਼ੋਰ ਭੀ ਹੁੰਦਾ ਹੈ ਅਰਥਾਤ ਓਹ ਏਹ ਦਾਵਾ ਜਤਾਉਂਦਾ ਹੈ ਕਿ ਓਹ ਆਪਨੇ ਸਿਖ ਦਾ ਓਸ ਵਿਸ਼ੇ ਵਿਚ ਉਧਾਰ ਕਰ ਸਕਦਾ ਹੈ। ਸੋ ਏਹਿ (ਪੰਨਾ 22) ਬਾਤ ਸਪਸ਼ਟ ਮਾਲੂਮ ਹੁੰਦੀ ਹੈ ਕੇ ਸਤਿਗੁਰੂ ਭੀ ਓਸ ਸਤਿ (ਪੁਰਖ ਦੇ) ਉਪਦੇਸ਼ ਨਾਲੋਂ ਜੁਦਾ ਹੁੰਦਾ ਹੈ, ਦੇਹ ਕਰਕੇ। ਸ੍ਰੀ ਗੁਰੂ ਮਹਾਰਾਜ ਜੀ ਦਾ ਵਾਕਯ ਹੈ :

ਸਤਿਪੁਰਖ ਜਿਨ ਜਾਨਿਆ ਸਤਿਗੁਰੁ ਤਿਸ ਦਾ ਨਾਉਂ।
ਤਿਸ ਕੈ ਸੰਗ ਸਿਖ ਉਧਰੈ ਨਾਨਕ ਹਰਿ ਗੁਨ ਗਾਉ।੨।

ਸਿਖ ਸ਼ਬਦ ਦੇ ਸਾਧਾਰਣ ਅਰਥ ਸਿਖਯਾ ਲੈਨੇ ਵਾਲਾ ਹੈ ਅਤੇ ਗੁਰੂ ਸ਼ਬਦ ਆਵੇ ਤਦ ਸਿਖ ਦਾ ਆਪੇ ਬੋਧ ਹੁੰਦਾ ਹੈ ਅਤੇ ਜਦ ਸਿਖ ਸ਼ਬਦ ਆਵੇ ਤਾਂ ਗੁਰੂ ਸ਼ਬਦ ਦਾ ਬੋਧ ਹੋ ਜਾਂਦਾ ਹੈ। ਗੁਰੂ ਅਤੇ ਸਿਖ ਸ਼ਬਦ ਪ੍ਰਸਪਰ ਸਬਧਤ ਹਨ, ਇਕ ਦੂਸਰੇ ਨਾਲੋਂ ਜੁਦਾ ਨਹੀਂ ਹੋ ਸਕਦੇ। ਮਗਰ ਜੈਸੇ ਗੁਰੂ ਸ਼ਬਦ ਨਾਲੋਂ ਸਤਿਗੁਰੂ ਸ਼ਬਦ ਜੁਦਾ ਕੀਤਾ ਗਿਆ ਹੈ

ਹੈ ਜਿਸ ਕਰਕੇ ਸਤਿ ਦਾ ਬੋਧ ਹੋਵੇ ਉਸੀ ਤਰਾਂ ਸਿਖ ਸਬਦ ਨੂੰ ਦੋ ਹੀ ਤਰਾਂ ਜਾਨ ਕੇ ਇਕ ਤਰਾਂ ਨੂੰ ਦੂਜੀ ਤਰਾਂ ਨਾਲੋਂ ਜੁਦਾ ਕਰਨੀ ਚਾਹੀਏ । ਸਿਖ ਸਬਦ ਦੇ ਏਹਿ ਅਰਥ ਭੀ ਹਨ ਕੇ ਕਿਸੀ ਵਿਦਯਾ ਦੀ ਸਿਖਯਾ ਲੈਨੀ ਅਤੇ ਏਹ ਭੀ ਕੇ ਸਤਿਨਾਮ ਦੇ ਉਪਦੇਸ਼ ਨੂੰ ਸੁਨਨਾ ਅਥਵਾ ਸ੍ਵਰੂਪ ਦੇ ਜਾਨਨੇ ਦੀ ਸਿਖਯਾ ਲੈਨੀ । ਏਹਨਾਂ ਦੋ ਤਰਾਂ ਦੇ ਸਬਦਾਰਥ ਵਿਚੋਂ ਪਿਛਲੀ ਤਰਾਂ ਦਾ ਸਬਦ ਸਤਿਗੁਰੂ ਸਬਦ ਦਾ ਸੰਬੋਧਨੀ ਅਤੇ ਉਸ ਨਾਲ ਸੰਬੰਧਤ ਹੈ । ਕੋਈ ਐਸਾ ਪ੍ਰਤੈ ਨਹੀਂ ਦਿਸਦਾ ਜੋ ਸਿਖ ਨਾਲ ਲਾਇਆ ਜਾਵੇ ਜਿਸ ਤੇ ਸਿਖ ਸਬਦ ਦੂਸਰੇ ਅਰਥਾਂ ਦੇ ਸਿਖ ਸ਼ਬਦ ਨਾਲੋਂ ਜੁਦਾ ਹੋ ਜਾਵੇ । ਗੁਰੂ ਨਾਲ ਸਤਿ ਲਾ ਕੇ ਸਤਿਗੁਰੂ ਬਨ ਗਿਆ ਪਰ ਸਿਖ ਨਾਲ ਸਤਿ ਲਾ ਕੇ ਸਤਿ ਸਿਖ ਨਹੀਂ ਬਨ ਸਕਦਾ । ਮਗਰ ਦੇਖਿਆ ਜਾਂਦਾ ਹੈ ਕਿ ਸਿਖ ਸਬਦ ਪਿਛਲੇ ਅਰਥਾਂ ਵਿਚ ਹੀ ਅਕਸਰ ਲਿਆ ਜਾਂਦਾ ਹੈ ।

ਹੁਨ ਏਹਿ ਦੇਖਨਾ ਚਾਹੀਜੇ ਕੇ ਆਯਾ ਜੈਸੇ ਸਤਿਗੁਰੂ ਸਬਦ ਹੋਰਨਾ (ਔਤਾਰ, ਪੈਗੰਬ੍ਰ ਅਤੇ ਭਗਤ) ਨਾਲੋਂ ਉਮਦਾ ਅਤੇ ਸੁਧੇ ਅਰਥ ਬੋਧਕ ਹੈ ਉਸੀ ਤਰਾਂ ਸਿਖ ਸਬਦ ਭੀ ਕੋਈ ਵਸੇਸ ਰਖਦਾ ਹੈ । ਜਦ ਏਸ ਬਾਤ ਨੂੰ ਵਿਚਾਰੀਏ ਤਾਂ ਕਈ ਬਾਤਾਂ ਸਾਨੂੰ ਆਪੇ ਮਾਲੂਮ ਹੋ ਜਾਂਦੀਆਂ ਹਨ (1) ਇਸ ਸਬਦ ਵਿਚ ਨਿਮਰਤਾ ਪੂਰੀ ਹੈ, ਇਸ ਵਾਸਤੇ (ਪੰਨਾ 23) ਭਗਤੀ ਦੇ ਨਾਲ ਮਿਲਦਾ ਹੈ । (2) ਇਸ ਵਿਚ ਆਪਨੇ ਆਪ ਨੂੰ ਜੁਦਾ ਸਮਝਨਾ ਹੈ ਤਾਂ ਤੇ ਏਹਿ ਔਤਾਰ ਦੇ ਮੁਕਾਬਲੇ ਵਿਚ ਹੈ । (3) ਇਸ ਵਿਚ ਹਕੂਮਤ ਨਹੀਂ ਏਸ ਕਰਕੇ ਏਹਿ ਪੈਗੰਬ੍ਰ ਦੇ ਮੁਕਾਬਲੇ ਵਿਚ ਹੈ । (4) ਏਹਿ ਸਤਿਗੁਰੂ ਸਬਦ ਦਾ ਸੰਬੋਧਨੀ ਅਤੇ ਸਬੰਧਤ ਹੈ । ਏਹਨਾਂ ਬਾਤਾਂ ਤੇ ਬਿਨਾਂ ਏਹਿ ਸਬਦ ਇਕ ਹੋਰ ਬੜਾ ਭਾਰਾ ਗੁਨ ਰਖਦਾ ਹੈ ਕੇ ਏਸ ਥੀਂ ਏਹਿ ਮਾਲੂਮ ਹੁੰਦਾ ਹੈ ਕੇ ਏਹਿ ਹੰਕਾਰ ਤੇ ਰਹਿਤ ਹੈ ਅਤੇ ਹਮੇਸ਼ਾ ਹੀ ਅਪਨੇ ਆਪ ਨੂੰ ਕਿਸੇ ਬਾਤ ਵਿਚ ਪੂਰਾ ਨਹੀਂ ਸਮਝਦਾ । ਜੋ ਸ਼ਖਸ ਪੂਰਾ ਵਿਦਵਾਨ ਹੋਵੇ ਉਸ ਵਿਚ ਕੁਦਰਤੀ ਹੰਕਾਰ ਹੋ ਜਾਂਦਾ ਹੈ ਕੇ ਮੈਂ ਪੂਰਨ ਵਿਦਵਾਨ ਹਾਂ, ਮੈਂ ਹੁਨ ਅਗੇ ਨੂੰ ਕੁਝ ਸਿਖਨ ਦੀ ਹਾਜਤ ਨਹੀਂ ਰਖਦਾ । ਮਗਰ ਸਿਖ ਸਬਦ ਏਹਿ ਜਤਾਉਂਦਾ ਹੈ ਕੇ ਉਹ ਹਮੇਸ਼ ਸਿਖਯਾ ਲੈਨ ਦੇ ਕਾਬਲ ਹੈ, ਹਮੇਸ਼ ਹੀ ਸਤਿਗੁਰਾਂ ਪਾਸੋਂ ਕੁਛ ਨਾ ਕੁਛ ਸਿਖਦਾ ਹੈ ਅਤੇ ਉਸਦੀ ਇਸ ਵਿਸੇ ਵਿਚ ਉਨਤੀ ਅੰਤ ਨੂੰ ਨਹੀਂ ਪੁਜੀ ।

(ਪੰਨਾ 25) ਮੈਂ ਏਸ ਬਾਤ ਉਤੇ ਬਹਿਸ ਕਰਕੇ ਜਤਾਉਨਾ ਚਾਹੁੰਦਾ ਹਾਂ ਕੇ ਅਜਕਲ ਸਤਿਜੁਗ ਹੀ ਹੈ । ਆਪ ਲੋਕ ਸਮਝ ਸਕਦੇ ਹੋ ਕੇ ਸਤਿਜੁਗ ਉਸ ਜੁਗ ਦਾ ਨਾਉਂ ਸੀ ਜਿਸ ਵਿਚ ਸਤਿਪੁਰਖ ਦੀ ਉਪਾਸਨਾ ਸੀ ਅਤੇ ਉਸੀ ਦੀ ਸਿਖਯਾ ਸੀ । ਜਿਸ ਜਗਾ ਐਸੀ ਬਾਤ ਹੋਵੇ ਉਸ ਜਗਾ ਸਤਿ ਦਾ ਵਿਹਾਰ (ਪੰਨਾ 26) ਭੀ ਹੁੰਦਾ ਹੈ ਅਤੇ ਸਤਿ ਦੇ ਵਿਹਾਰ ਹੋਨ ਨਾਲ ਝੂਠ ਕਪਟ ਹਟ ਜਾਂਦਾ ਹੈ । ਜੇਕਰ ਅਛੀ ਤਰਾਂ ਡੂੰਹਗੀ ਨਿਗਾਹ ਨਾਲ ਦੇਖਿਆ ਜਾਵੇ ਤਾਂ ਐਸਾ ਜੁਗ ਕੋਈ ਨਹੀਂ ਹੋਇਆ ਜਿਸ ਵਿਚ ਝੂਠ ਨਾ ਬੋਲਿਆ ਗਿਆ ਹੋਵੇ ਅਤੇ ਹੋਰ ਅਪਰਾਧ ਅਤੇ ਮੰਦ ਕਰਮ ਨਾ ਹੋਏ ਹੋਨ । ਜੇਕਰ ਪੁਰਾਤਨ ਸਮੇਂ ਦੇ ਪੁਸਤਕ ਪੜ ਕੇ ਦੇਖਿਆ ਜਾਵੇ (ਆਪਨੇ ਘਰ ਦੇ ਹੀ ਸਨਾਤਨ ਧਰਮ ਦੇ ਗ੍ਰੰਥ ਦੇਖ ਲਵੋ) ਤਾਂ ਆਪੇ ਮਾਲੂਮ ਹੋ ਜਾਂਦਾ ਹੈ ਕੇ ਜਿਨਾਂ ਬਾਤਾਂ ਕਰਕੇ ਘੋਰ ਕਲਜੁਗ ਸਦਾਉਂਦਾ ਹੈ, ਐਸੀਆਂ ਅਗੇ ਭੀ ਹੋ ਗੁਜਰੀਆਂ ਹਨ । ਏਹਿ ਬਾਤ ਭਾਵੇਂ ਹੋਊ ਕੇ ਤਦ ਘਟ ਉਪਦ੍ਰਵ ਹੁੰਦੇ ਸੇ, ਹੁਨ ਬਹੁਤ ਹੁੰਦੇ ਹੋਨਗੇ । ਮਗਰ ਏਹਿ ਬਾਤ ਭੀ ਦੇਖਨ ਵਾਲੀ ਹੈ ਕੇ ਤਦ ਪੂਜਾ ਭੀ ਘਟ ਹੋਊ । ਏਸ ਗਲ

ਨੂੰ ਕਈ ਲੋਕ ਛੇਤੀ ਨਾਲ ਨਹੀਂ ਮੰਨਨਗੇ ਕਿਉਂਕਿ ਜਿਨਾ ਮਹਾਂਭਾਰਥ ਸੁਣਿਆ ਹੈ ਉਹਨਾਂ ਨੂੰ ਕਦ ਯਕੀਨ ਆਇਆ ਕੇ ਅਜ ਕਲ ਬੜੀ ਅਬਾਦੀ ਹੈ। ਇਸ ਗਲ ਉਤੇ ਬਹਿਸ ਕਰਨ ਨਾਲ ਅਸਲੀ ਬਾਤ ਰਹਿ ਜਾਊ ਅਤੇ ਦੇਰ ਪੈ ਜਾਊ। ਮੈਂ ਪਿਛਲੇ ਸਾਸਤ੍ਰਾਂ ਵਿਚੋਂ ਕੋਈ ਦ੍ਰਿਸਟਾਂਤ ਕਢ ਕੇ ਦਸ ਸਕਦਾ ਹਾਂ, ਜਿਨਾਂ ਕਰਕੇ ਏਹਿ ਬਾਤ ਸਿਧ ਹੋ ਜਾਊ ਕੇ ਸਤਿਜੁਗ ਦੇ ਸਮੇਂ ਕਈ ਬਾਤਾਂ ਘੋਰ ਕਲਜੁਗ ਦੀਆਂ ਹੁੰਦੀਆਂ ਸਨ। ਅਸਲ ਵਿਚ ਤਾਂ ਏਹਿ ਬਾਤ ਹੈ ਕੇ ਜਦ ਕਿਸੇ ਕੌਮ ਦੀ ਬ੍ਰਿਧੀ ਹੁੰਦੀ ਹੈ ਅਤੇ ਪ੍ਰਜਾ ਸੁਖੀ ਵਸਦੀ ਹੈ, ਤਾਂ ਉਸ ਸਮੇਂ ਨੂੰ ਸਤਿਜੁਗ ਆਖਦੇ ਹਨ। ਜਦ ਕਿਸੇ ਜਾਤੀ ਦੀ ਹਾਨੀ ਹੁੰਦੀ ਹੈ ਅਥਵਾ ਜਦ ਪ੍ਰਜਾ ਦੁਖੀ ਹੁੰਦੀ ਹੈ ਅਤੇ ਪੀੜਾ ਵਿਚ ਰਹਿੰਦੀ ਹੈ, ਉਪਦ੍ਰਵ ਬਹੁਤ ਹੁੰਦੇ ਹਨ ਅਤੇ ਸੁਖ ਘਟ ਮਿਲਦਾ ਹੈ ਤਾ ਕਲਜੁਗ ਹੁੰਦਾ ਹੈ। ਭਾਰੇ ਨਿਸਾਨ ਕਲਜੁਗ ਦੇ ਏਹਿ ਹਨ : ਮਰਦ ਇਸਤ੍ਰੀ ਦਾ ਜੋ ਸੰਸਾਰੀ ਸਬੰਧ ਹੈ ਉਸ ਵਿਚ (ਪੰਨਾ 27) ਘਟ ਵਿਚਾਰ ਹੋਣੀ ਅਤੇ ਅਪਨੀ ਬਗਾਨੀ ਚੀਜ਼ ਦਾ ਘਟ ਧਿਆਨ ਰਖਿਆ ਜਾਨਾ। ਮੋਟੀ ਅਤੇ ਭਾਰੀ ਬਾਤ ਏਹਿ ਹੈ ਕੇ ਦੂਸਰੇ ਦੀ ਚੀਜ਼ ਨੂੰ (ਧਨ ਹੋਵੇ, ਇਸਤ੍ਰੀ ਹੋਵੇ ਅਥਵਾ ਹੋਰ ਕੋਈ ਵਸਤ ਹੋਵੇ ਅਥਵਾ ਮਾਨ ਪ੍ਰਤਿਸਟਤਾ ਹੋਵੇ) ਅਪਨੀ ਜਾਨਨਾ ਅਥਵਾ ਉਸਨੂੰ ਰੀਤੀ ਵਿਰੁਧ ਗ੍ਰਹਿਣ ਕਰਨਾ ਅਤੇ ਜੇਕਰ ਦੂਸਰਾ ਅਪਨੀ ਚੀਜ਼ ਨੂੰ ਲੈਣਾ ਚਾਹੇ ਅਥਵਾ ਉਸ ਅਪਨੀ ਚੀਜ਼ ਨੂੰ ਲਵੇ ਤਾਂ ਰੋਕਨਾ। ਇਸੀ ਦਾ ਨਤੀਜਾ ਖੂਨ ਆਦੀ ਉਪਦ੍ਰਵ ਹੁੰਦੇ ਹਨ। ਇਸੀ ਬਾਤ ਦੇ ਸੈਂਕੜੇ ਦ੍ਰਿਸਟਾਂਤ ਸਤਿਜੁਗ ਵਿਚ ਨਿਕਲ ਸਕਦੇ ਹਨ। ਤਾਂ ਤੇ ਹੇ ਭਾਈਓ ! ਆਪ ਲੋਕਾਂ ਨੂੰ ਏਹਿ ਬਾਤ ਅਛੀ ਤਰਾਂ ਜਾਨਨੀ ਚਾਹੀਏ ਕੇ ਅਸਲ ਵਿਚ ਨਾ ਕੋਈ ਸਤਿਜੁਗ ਅਤੇ ਨਾ ਕੋਈ ਕਲਜੁਗ, ਸਤਿਜੁਗ ਓਹੀ ਜਿਸ ਵਿਚ ਸਤਿਨਾਮ ਦਾ ਉਚਾਰਣ ਅਤੇ ਸਤਿਪੁਰਖ ਦੀ ਉਪਾਸਨਾ ਹੋਵੇ ਅਤੇ ਕਲਜੁਗ ਓਹੀ ਜਿਸ ਵਿਚ ਉਸਦੇ ਵਿਰੁਧ ਹੋਵੇ।

(ਪੰਨਾ 52) ਗੁਰੂ ਜੀ ਜਦ ਸੁਲਤਾਨਪੁਰ ਰਹੇ ਤਾਂ ਓਸ ਜਗਾ ਤੋਂ ਪਹਿਲੇ ਉਪਦੇਸ਼ ਦਾ ਪ੍ਰਾਰੰਭ ਜਾਨਨਾ ਚਾਹੀਏ। ਨਦੀ ਵਿਚ ਟੁਬੀ ਜਦ ਲਗੀ ਤਦ (ਪੰਨਾ 53) ਏਹਿ ਸਮਝੋ ਕੇ ਕਲਜੁਗ ਨੂੰ ਨਦੀ ਵਿਚ ਥਲੇ ਡੁਬਾ ਦਿਤਾ ਅਤੇ ਜਦ ਓਸ ਨਦੀ ਵਿਚੋਂ ਬਾਹਰ ਨਿਕਲੇ ਤਾਂ ਸਤਿਜੁਗ ਨੂੰ ਕਢ ਲਿਆਏ। ਤਿਸ ਸਮੇਂ ਤੋਂ ਉਪਰੰਤ ਸਤਿਧਰਮ ਅਥਵਾ ਖ਼ਾਲਸ ਧਰਮ ਦਾ ਉਪਦੇਸ ਹੋਨ ਲਗਾ। ਸਰੁਤੀ ਅਥਵਾ ਹੁਕਮ ਅਲਾਹੀ ਤਦ ਹੀ ਤੋਂ ਗੁਰੂ ਜੀ ਦੀ ਰਸਨਾ ਦੁਆਰਾ ਪ੍ਰਗਟ ਹੋਨ ਲਗੇ। ਗੁਰੂ ਜੀ ਓਸ ਜਗਾ ਤੋਂ ਫੇਰ ਸੈਂਤੀ ਅਠਤੀ ਬਰਸ ਪ੍ਰਯੰਤ ਦੂਰ ਦੇਸਾਂਤਰਾਂ ਵਿਚ ਫਿਰੇ ਅਤੇ ਸਭ ਜਗਾ ਜਾ ਕੇ ਖ਼ਾਲਸ ਧਰਮ ਦਾ ਉਪਦੇਸ ਕੀਤਾ। ਗੁਰੂ ਜੀ ਦੇ ਫਿਰਨੇ ਦੇ ਅਕਸਰ ਚਾਰ ਹਿਸੇ ਕਰਦੇ ਹਨ—ਪੂਰਬ, ਉਤਰ, ਦਖਨ, ਪਛਮ ਅਰਥਾਤ ਚਾਰੋਂ ਦਿਸਾਂ ਵਿਚ ਫਿਰੇ, ਜੋ ਫਿਰਨੇ ਅਤੇ ਜਾਨੇ ਦੇ ਲੋਕ ਸਨ। ਚਾਰ ਪੰਚ ਬਾਤਾਂ ਮੁਖ ਹਨ : (1) ਕੋਈ ਐਸਾ ਹਿੰਦੂ ਮਤ ਦਾ ਮੁਖ ਅਥਵਾ ਨਾਮੀ ਅਸਥਾਨ ਨਹੀਂ ਸੀ ਜਿਸ ਜਗਾ ਗੁਰੂ ਜੀ ਨਹੀਂ ਗਏ। (2) ਕੋਈ ਐਸਾ ਮੁਸਲਮਾਨਾਂ ਦਾ ਮੁਖ ਅਸਥਾਨ ਨਹੀਂ ਜਿਸ ਜਗਾ ਗੁਰੂ ਜੀ ਨਹੀਂ ਗਏ। (3) ਕੋਈ ਐਸਾ ਜੋਗੀਆਂ ਦਾ ਯਾ ਹੋਰ ਭੇਖਾਂ ਦਾ ਮੁਖ ਅਸਥਾਨ ਨਹੀਂ ਜਿਥੇ ਗੁਰੂ ਜੀ ਨਹੀਂ ਪਹੁੰਚੇ। (4) ਕੋਈ ਐਸਾ ਓਸ ਸਮੇਂ ਹਿੰਦੂ ਅਥਵਾ ਮੁਸਲਮਾਨ ਅਥਵਾ ਹੋਰ ਕਿਸੇ ਭੇਖ ਵਾਲਾ ਨਾਮੀ ਫਕੀਰ ਨਹੀਂ ਹੋਇਆ ਜਿਸ ਨੂੰ ਗੁਰੂ ਜੀ ਨਹੀਂ ਮਿਲੇ। (5) ਕੋਈ ਐਸਾ ਨਾਮੀ ਮੇਲਾ ਨਹੀਂ ਹੋਇਆ ਜਿਸ ਵਿਚ ਜਾ ਕੇ ਗੁਰੂ ਜੀ

ਉਪਦੇਸ ਨਹੀਂ ਕੀਤਾ । ਏਹਿ ਬਾਤਾਂ ਓਹਨਾਂ ਦੇ ਜੀਵਨ ਚਰਿਤ੍ਰ ਅਥਵਾ ਜਨਮ ਸਾਖੀ ਦੇ ਮੂਲ ਹਨ ਪਰ ਕੋਈ ਐਸੀ ਜਨਮ ਸਾਖੀ ਹੈ ਜਿਸ ਵਿਚ ਏਹਨਾਂ ਸਬਨਾਂ ਦਾ ਵਿਰਤਾਂਤ ਹੋਵੇ ? ਹਰੀਦੁਆਰ, ਕੁਲਖੇਤ੍ਰ, ਮਥਰਾ, ਬਿੰਦ੍ਰਾਬਨ, ਅਜੁਧਿਆ, ਪ੍ਰਯਾਗ, ਕਾਸੀ ਗੁਦਾਵਰੀ ਅਤੇ ਦਖਨ ਦੇ ਮੰਦਰ ਜਗਨਨਾਥ, ਮਕਾ ਮਦੀਨਾ, ਕਰਬਲਾ ਅਤੇ ਮੁਸਲਮਾਨਾਂ ਦੇ ਹੋਰ ਅਸਥਾਨ, ਜੋਗੀਆਂ ਅਤੇ ਹੋਰਨਾਂ ਭੇਖਾਂ ਦੇ ਅਸਥਾਨ । ਕੀ ਏਹਨਾਂ ਸਾਰਿਆਂ ਦੀ ਕਥਾ ਕਿਸੇ ਵਿਚ ਹੈ ? ਮਗਰ ਫਜ਼ੂਲ ਕਥਾ ਬਹੁਤ ਹਨ । ਕਿਤੇ ਕਲਜੁਗ ਮਿਲਦਾ ਹੈ ਅਤੇ ਮੁਲਾਕਾਤ ਐਸੀ ਸਰਮ ਵਾਲੀ ਹੈ ਕੇ ਮੂੰਹੋਂ ਆਖਨੀ ਬੁਰੀ ਦਿਸਦੀ ਹੈ । ਕਿਤੇ ਗੋਬਿੰਦ ਲੋਕ ਮਿਲਦੇ ਹਨ, ਕਿਤੇ ਸੋਨੇ ਦਾ ਸ਼ਹਿਰ, ਮਠਾਈ, ਦੁਕਾਨਾਂ ਆਉਂਦੀਆਂ ਹਨ । ਕਿਤੇ ਹਿਮਾਲਾ ਉਤੇ ਪੌੜੀਆਂ ਲਾ ਕੇ ਧਰੂਹ ਭਗਤ ਪਾਸ ਪਹੁੰਚਦੇ ਹਨ ਅਤੇ ਓਸ ਦਰਵਾਨ ਦੀ ਆਗਿਆ ਪਾ ਕੇ ਦਰਗਾਹ ਪ੍ਰਮੇਸ੍ਰ ਦੀ ਵਿਚ ਜਾਂਦੇ ਹਨ । ਕਿਤੇ ਹੋਰ ਨਿਕੰਮੀਆਂ ਕਹਾਣੀਆਂ ਭਰੀਆਂ ਹਨ । ਗਲ ਕੀ ਜੋ ਜੋ ਅਸਲੀ ਕਥਾ ਸਨ ਅਤੇ ਜੋ ਅਸਲੀ ਉਪਦੇਸ ਸੇ, ਸੋ ਤਾਂ ਲਿਖੇ ਨਹੀਂ ਪਰ ਮਨੋਕਲਪਨਾ ਬਹੁਤ ਭੁਰ ਛਡੀ ਹੈ । ਤੇ ਏਹਿ ਬਾਤ ਹੋ ਭੀ ਕਿਸ ਤਰਾਂ ਸਕਦੀ ਹੈ ਕੇ ਸਾਰੀ ਕਥਾ ਲਿਖੀ ਜਾਂਦੀ ? ਕੌਨ ਉਸ ਵਕਤ ਪਾਸ ਸੀ ਜੋ ਨਾਲੋਂ ਨਾਲ ਲਿਖੀ ਜਾਂਦਾ ? ਆਖਦੇ ਹਨ ਕੇ ਪੈੜੇ ਮੋਖੇ ਦੀ ਸਾਖੀ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਭਾਈ ਬਾਲੇ ਦੀ ਜ਼ਬਾਨੀ ਲਿਖਾਈ ਹੈ । ਪਹਿਲੇ ਤਾਂ ਸਾਨੂੰ ਭਾਈ ਬਾਲੇ ਦਾ ਗੁਰੂ ਜੀ ਦੇ ਨਾਲ ਫਿਰਨੇ ਤੇ ਵਿਸ਼ਵਾਸ ਨਹੀਂ । ਫੇਰ ਦੇਖੋ ਕੇ ਜੇ ਗੁਰੂ ਅੰਗਦ ਜੀ ਜਨਮ ਸਾਖੀ ਲਿਖਵਾਉਂਦੇ ਤਾਂ ਜਿਥੇ ਜਿਥੇ ਬਾਲਾ ਕੋਈ ਭੁਲ ਕਰਦਾ, ਗੁਰੂ ਜੀ ਆਪ ਅਪਨੀ ਸ਼ਕਤੀ ਨਾਲ ਦੁਰੁਸਤ ਕਰਾਉਂਦੇ । ਸਭ ਜਾਨਦੇ ਹਨ ਕੇ ਗੁਰੂ ਅੰਗਦ ਜੀ ਭਜਨ ਵਿਚ ਰਹਿੰਦੇ ਰਹੇ ਓਹਨਾਂ ਭਜਨ ਤੇ ਬਿਨਾਂ ਹੋਰ ਕਾਰਵਾਈ ਵਲ ਬਹੁਤ ਘਟ ਧਿਆਨ (ਪੰਨਾ 55) ਧਾਨ ਦਿਤਾ । ਖ਼ਾਹਮਖ਼ਾਹ ਗੁਰੂ ਅੰਗਦ ਜੀ ਦਾ ਅਤੇ ਭਾਈ ਬਾਲੇ ਦਾ ਨਾਉਂ ਰਖਕੇ ਇਕ ਕਪੋਲ ਕਲਪਨਾ ਜਨਮ ਸਾਖੀ ਚਕ ਰਚੀ । ਸੋ ਭੀ ਐਸੀ, ਜਿਸ ਵਿਚ ਜਨਮ ਕਤਕ ਦਾ ਅਤੇ ਜਿਸ ਵਿਚ ਮਹਾਂਕਾਲਪਨਕ ਸਾਖੀਆਂ ਭਰੀਆਂ ਹਨ । ਜਿਸ ਵਿਚ ਹੰਦਾਲ ਦਾ ਨਾਉਂ ਆਉਂਦਾ ਹੈ ਅਤੇ ਗੁਰੂ ਜੀ ਦੀ ਮਹਾਂ ਨਿੰਦਾ ਭਰੀ ਹੈ । ਉਸ ਜਨਮ ਸਾਖੀ ਵਿਚੋਂ ਹੰਦਾਲ ਦਾ ਨਾਉਂ ਕਢ ਕੇ ਸਾਡੇ ਭਰਾਵਾਂ ਹੋਰ ਬਾਕੀ ਨੂੰ ਸਚੀ ਜਨਮ ਸਾਖੀ ਮੰਨ ਲਿਆ ਹੈ । ਅਸਲ ਬਾਤ ਏਹਿ ਹੈ ਕੇ ਜਨਮ ਸਾਖੀ ਗੁਰੂ ਜੀ ਤੋਂ ਬਹੁਤ ਦੇਰ ਮਗਰੋਂ ਬਨੀ ਅਤੇ ਜੋ ਬਨੀ ਸੋ ਅਜ ਤਕ ਹਥ ਨਹੀਂ ਆਈ । ਦੂਸਰੀ ਹੰਦਾਲੀਆਂ ਬਨਾਈ । ਓਸ ਵਿਚ ਗੁਰੂ ਅੰਗਦ ਅਤੇ ਭਾਈ ਬਾਲਾ ਦਾ ਨਾਉਂ ਦਰਜ ਕਰ ਦਿਤਾ ਤਾਂ ਕੇ ਜੋ ਕੁਝ ਓਹਨਾਂ ਲਿਖਿਆ ਹੈ ਸੋ ਸਭ ਸਚ ਕਰਕੇ ਮੰਨਿਆ ਜਾਵੇ । ਇਸ ਤੋਂ ਪਹਿਲੇ ਭਾਈ ਗੁਰਦਾਸ ਜੀ ਨੇ ਥੋੜੇ ਵਿਚ ਗੁਰੂ ਜੀ ਦਾ ਜੀਵਨ ਚਰਿਤ੍ਰ ਲਿਖਿਆ ਸੀ । ਏਸ ਭਾਈ ਗੁਰਦਾਸ ਦੇ ਲਿਖਨ ਤੋਂ ਦੋ ਬਾਤਾਂ ਦਾ ਆਪੇ ਫੈਸਲਾ ਹੁੰਦਾ ਹੈ : ਜਨਮ ਵਸਾਖ ਦਾ ਸੀ ਕਤਕ ਦਾ ਨਹੀਂ, ਜੈਸੇ:-

ਸਤਿਗੁਰੁ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ ।
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪਿ ਅੰਧੇਰ ਪਲੋਆ ।
ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰ ਧਰੋਆ ।
ਜਿਥੈ ਬਾਬਾ ਪੈਰ ਧਰੇ ਪੂਜਾ ਆਸਣ ਥਾਪਣ ਸੋਆ ।
ਸਿਧਾਸਣ ਸਭ ਜਗਤ ਦੇ ਨਾਨਕ ਆਦਿ ਮਤੇ ਜੇ ਕੋਆ ।

ਘਰ ਘਰ ਅੰਦਰ ਧਰਮਸਾਲ (ਪੰਨਾ 50) ਹੋਵੈ ਕੀਰਤਨ ਸਦਾ ਵਸੋਆ ।
ਬਾਬੇ ਤਾਰੇ ਚਾਰ ਚਕ ਨੌ ਖੰਡ ਪ੍ਰਿਥਮੀ ਸਚਾ ਢੋਆ ।
ਗੁਰਮੁਖ ਕਲਿ ਵਿਚ ਪ੍ਰਗਟ ਹੋਆ ॥ ੨ ॥

(2) ਗੁਰੂ ਜੀ ਦੇ ਨਾਲ ਬਾਲਾ ਨਹੀਂ ਰਿਹਾ ਜੈਸੇ ਭਾਈ ਗੁਰਦਾਸ ਕਹਿਆ ਹੈ :

ਫੇਰ ਬਾਬਾ ਗਇਆ ਬਗਦਾਦ ਨੂੰ ਬਾਹਰ ਜਾਇ ਕੀਆ ਅਸਥਾਨਾ ।
ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ ।
ਦਿਤੀ ਬਾਂਗ ਨਿਮਾਜ ਕਰ ਸੁੰਨ ਸਮਾਨ ਹੋਆ ਜਹਾਨਾ ।
ਸੁੰਨ ਮੁੰਨ ਨਗਰੀ ਭਈ ਦੇਖ ਪੀਰ ਭਇਆ ਹੈਰਾਨਾ ।
ਵੇਖੇ ਧਿਆਨ ਲਗਾਇ ਕਰ ਇਕ ਫ਼ਕੀਰ ਵਡਾ ਮਸਤਾਨਾ ।
ਪੁਛਿਆ ਫਿਰ ਕੈ ਦਸਤਗੀਰ ਕਉਣ ਫਕੀਰ ਕਿਸ ਕਾ ਘਰਾਨਾ ।
ਨਾਨਕ ਕਲ ਵਿਚ ਆਇਆ ਰਬ ਫਕੀਰ ਇਕੋ ਪਹਿਚਾਨਾ ।
ਧਰਤਿ ਅਕਾਸ ਚਹੁ ਦਿਸ ਜਾਨਾ ॥ ੩ ॥

ਫੇਰ ਦੇਖੀਏ ਕੇ ਭਾਈ ਗੁਰਦਾਸ ਜੀ ਗੁਰਾਂ ਦਾ ਬਗਦਾਦ ਜਾਨਾ ਲਿਖਦੇ ਹਨ, ਜੋ ਹੋਰ ਜਨਮਸਾਖੀਆਂ ਵਿਚ ਨਹੀਂ । ਇਸ ਤੋਂ ਮਗਰੋਂ ਇਕ ਹੋਰ ਜਨਮਸਾਖੀ ਬਨੀ ਦਿਸਦੀ ਹੈ, ਜੋ ਭਾਈ ਮਨੀ ਸਿੰਘ ਦੇ ਨਾਉਂ ਉਤੇ ਹੈ । ਇਸ ਵਿਚ ਭੀ ਜਨਮ ਵਸਾਖ ਦਾ ਹੈ । ਇਕ ਜਨਮਸਾਖੀ ਅਜ ਕਲ ਵਲੈਤੋਂ ਹਥ ਆਈ ਜੋ ਬਹੁਤ ਪੁਰਾਣੀ ਹੈ । ਇਸ ਵਿਚ ਬਾਲੇ ਦਾ ਨਾਉਂ ਹੈ ਹੀ ਨਹੀਂ ਅਤੇ ਜਿਸ ਵਿਚ ਜਨਮ ਵਸਾਖ ਦਾ ਹੈ । ਏਹਿ ਦੇਖਿਆ ਗਿਆ ਹੈ ਕ ਜੋ ਜਨਮਸਾਖੀ ਪੈੜੋ ਮੋਖੇ ਵਾਲੀ ਤੋਂ ਬਿਨਾਂ ਹੋਰ ਹੈ, ਚਾਹੇ ਕੋਈ ਹੋ, ਸਭਨਾਂ ਵਿਚ ਜਨਮ ਵਸਾਖ ਦਾ ਹੈ । ਤਾਂ ਤੇ ਗ਼ਾਲਬਰਾ ਵਸਾਖ ਵਲ ਹੈ । ਫੇਰ ਦੇਖੀਏ, ਪੈੜੇ ਮੋਖੇ ਦੀ ਜਨਮ ਸਾਖੀ ਵਿਚ ਗੁਰੂ ਜੀ ਦਾ ਸੁਮੇਰ ਪ੍ਰਬਤ ਪਰ ਚੜ ਕੇ ਸਚਖੰਡ ਜਾਨਾ ਲਿਖਿਆ ਹੈ । ਕਥਾ ਇਉਂ ਹੈ :

ਪਹਿਲੇ ਜਾਂਦੇ ਜਾਂਦੇ ਸਿੱਧਾਂ ਪਾਸ ਗਏ, ਫੇਰ ਦਤਾਤ੍ਰੇਉ ਪਾਸ ਪਹੁੰਚੇ, ਫੇਰ ਪ੍ਰਹਿਲਾਦ, ਫੇਰ ਧਰੂਹ ਪਾਸ ਪਹੁੰਚੇ । ਧਰੂਹ ਭਗਤ ਸਚਖੰਡ ਦੇ ਬਾਗ ਦੇ ਬੂਹੇ (ਪੰਨਾ 57) ਤੋਂ ਉਰੇ ਬੈਠਾ ਹੈ । ਅਸੀਂ ਉਸਨੂੰ ਰੋਜ ਪਏ ਦੇਖਦੇ ਹਾਂ । ਤਾਂ ਤੇ ਸਚਖੰਡ ਦਾ ਦਰਵਾਜਾ ਸਾਨੂੰ ਰੋਜ ਪਿਆ ਦਿਸਦਾ ਹੈ । ਸਚਖੰਡ ਵਿਚ ਅਕਾਲਪੁਰਖ ਦਾ ਸਰੂਪ ਬਿਸ਼ਨ ਦੀ ਮੂਰਤ ਦੀ ਤਰਾਂ, ਬਰਨਣ ਕੀਤਾ ਹੈ ਅਤੇ ਸਚਖੰਡ ਦਾ ਮਹਿਲ ਚਾਰ ਲਖ ਜੋਜਨ ਤੇ ਦੂਰ ਨਹੀਂ । ਹੁਨ ਤੁਸੀਂ ਆਪੇ ਸਮਝ ਲਓ ਕੇ ਏਹਿ ਉਪਰਲੀਆਂ ਬਾਤਾਂ ਸਚ ਹਨ ਕੇ ਮਨੋਕਲਪਨਾ । ਏਹਿ ਕਹਾਣੀ ਨਿਰੀ ਝੂਠੀ ਅਤੇ ਬਿਨਾ ਬੁਨਿਆਦ । ਏਹਿ ਕਹਾਣੀ ਹੰਦਾਲੀਆਂ ਬਨਾਈ । ਇਸ ਵਾਸਤੇ ਕੇ ਹੰਦਾਲ ਦੀ ਗਵਾਹੀ ਮਿਲ ਜਾਵੇ । ਹੰਦਾਲੀਆਂ ਏਸ ਕਹਾਣੀ ਨੂੰ ਏਸ ਵਾਸਤੇ ਰਚਿਆ ਕੇ ਹੰਦਾਲ ਦੀ ਗਵਾਹੀ ਗੁਰੂ ਜੀ ਦੇ ਸਾਹਮਨੇ ਅਕਾਲਪੁਰਖ ਪਾਸ ਦਿਤੀ ਜਾਵੇ । ਸੋ ਓਹਨਾਂ ਲਿਖਿਆ ਹੈ ਕੇ ਜਦ ਗੁਰੂ ਜੀ ਬਨਾਉਟੀ ਸਚਖੰਡ ਵਿਚ ਪਹੁੰਚੇ ਤਾਂ ਉਸ ਜਗਾ ਏਹਿ ਕਪੋਲ ਕਥਾ ਹੋਈ ਕੇ ਇਸ ਜਗਾ ਪਹਿਲੇ ਕਬੀਰ ਪਹੁੰਚਾ ਹੈ, ਹੁਨ ਨਾਨਕ ਅਤੇ ਫੇਰ ਤੀਸਰਾ ਹੰਦਾਲ ਆਵੇਗਾ । ਇਉਂ ਲਿਖਿਆ ਹੈ :

ਤੀਸਰਾ ਹੋਰ ਹੇਦਾਲ ਜਣੇਟਾ ।
ਜਾਕੇ ਆਪ ਨਿਰੰਜਨ ਭੇਟਾ

ਏਨੀ ਗੱਲ ਵਾਸਤੇ ਏਹਿ ਸਚਖੰਡ ਦੀ ਕਹਾਨੀ ਰਚੀ ਗਈ । ਸਾਰੇ ਭਰਾਵਾਂ ਹੇਦਾਲ ਦਾ ਨਾਉਂ ਕਢਕੇ ਬਾਕੀ ਦੀ ਸਚ ਮੰਨ ਲਈ ਹੈ । ਭਾਈ ਗੁਰਦਾਸ ਜੀ ਨੇ ਸਿਰਫ ਸੁਮੇਰ ਉਤੇ ਸਿਧਾਂ ਦੀ ਗੋਸਟ ਦਾ ਕਥਨ ਕੀਤਾ ਹੈ । ਸਚਖੰਡ ਦਾ ਕਿਸਾ ਹੈ ਨਹੀਂ । ਜਨਮਸਾਖੀਆਂ ਦਾ ਏਤਨਾ ਹੀ ਆਖਨਾ ਬਥੇਰਾ ਹੈ । ਕੋਈ ਜਨਮਸਾਖੀ ਪੂਰੀ ਨਹੀਂ ਅਤੇ ਸਚੀ ਨਹੀਂ ਮਗਰ ਪੈੜੇ ਮੋਖੇ ਦੀ ਬਿਲਕੁਲ ਫਜ਼ੂਲ ਹੈ ।

ਹੁਣ ਗੁਰੂ ਜੀ ਦੇ ਉਪਕਾਰਾਂ ਵਲ ਧਿਆਨ ਦੇਹ । ਲਖਾਂ ਹਜ਼ਾਰਾਂ (ਪੰਨਾ 58) ਨੂੰ ਉਪਦੇਸ ਦੇ ਕੇ ਤਾਰਿਆ, ਹਜ਼ਾਰਾਂ ਲਖਾਂ ਨੂੰ ਸਤਿ ਧਰਮ ਦੇ ਰਸਤੇ ਲਾਇਆ, ਏਕ ਅਦੁੱਤੀ ਅਕਾਲ ਪੁਰਖ ਦਾ ਗਿਆਨ ਦ੍ਰਿੜਾਇਆ, ਚਾਰ ਵਰਨਾਂ ਨੂੰ ਉਪਦੇਸ਼ ਕਰਕੇ ਸਤਿਮਤ ਵਾਲਾ ਵਰਨ ਬਨਾਇਆ । (ਜੈਸੇ ਭਾਈ ਗੁਰਦਾਸ ਜੀ ਲਿਖਦੇ ਹਨ : ਚਾਰ ਵਰਨ ਇਕ ਵਰਨ ਕਰਾਇਆ) ਅਤੇ ਖਾਲਸ ਧਰਮ ਦਾ ਬੂਟਾ ਲਾਇਆ । ਜੇਕਰ ਅਕਲ ਤੋਂ ਦੇਖੋ, ਤਾਂ ਆਪ ਨੂੰ ਅਛੀ ਤਰ੍ਹਾਂ ਨਿਸਚਾ ਹੋ ਜਾਊ ਕੇ ਜੈਸਾ ਖਾਲਸ ਅਤੇ ਸਚਾ ਉਪਦੇਸ ਸਤਿਗੁਰੂ ਕੀਤਾ ਓਹੋ ਜੇਹਾ ਓਹਨਾ ਤੋਂ ਪਹਿਲੇ ਕਿਸੇ ਨਹੀਂ ਕੀਤਾ । ਜਿਤਨੇ ਪਿਛੇ ਧਰਮ ਚਲਾਉਣ ਵਾਲੇ ਹੋਏ ਅਥਵਾ ਜਿਨਾਂ ਨੂੰ ਧਰਮ ਦੇ ਰਖਕ ਆਖਦੇ ਹਨ, ਸੋ ਸਭੋ ਹੀ ਏਹਨਾਂ ਦੇ ਬਰਾਬਰ ਨਹੀਂ ਹੋ ਸਕਦੇ । ਨਾ ਪੂਰਬ ਦੇ ਅਵਤਾਰ ਅਤੇ ਨਾ ਪਸਚਮ ਦੇ ਨਬੀ । ਅਵਤਾਰ ਤਾਂ ਧਰਮ ਨਹੀਂ ਸੀ ਚਲਾਉਣ ਵਾਲੇ ਕਿਉਂਕਿ ਸ੍ਰੀ ਰਾਮ ਚੰਦਰ ਜੀ ਅਤੇ ਸ੍ਰੀ ਕ੍ਰਿਸ਼ਨ ਜੀ ਨੇ ਕੋਈ ਧਰਮ ਨਹੀਂ ਚਲਾਇਆ, ਪਰ ਜਿਨਾ ਏਸ ਦੇਸ ਵਿਚ ਧਰਮ ਮ੍ਰਜਾਦਾ ਭੀ ਚਲਾਈ, ਸੋ ਭੀ ਬਾਬੇ ਨੂੰ ਨਹੀਂ ਪਹੁੰਚ ਸਕਦੇ । ਇਹਿ ਮੇਰੀ ਅਪਨੀ ਹੀ ਰਾ ਨਹੀਂ, ਏਹ ਸਭ ਦੀ ਰਾ ਹੈ । ਜੋ ਕਿਸੇ ਦੀ ਤਰਫਦਾਰੀ ਕਰੇ, ਸੋ ਭਾਵੇਂ ਨਾ ਆਖੇ । ਪਰ ਜੋ ਸਚ ਸਚ ਆਖਨ ਵਾਲਾ ਹੋਊ ਸੋ ਕਹਿ ਦੇਵੇਗਾ । ਏਹਨਾਂ ਨਾ ਆਪਨੇ ਆਪ ਨੂੰ ਪ੍ਰਮੇਸਵਰ ਕਹਾਇਆ ਨਾ, ਪ੍ਰਮੇਸਵਰ ਦਾ ਕੋਈ ਰਿਸ਼ਤੇਦਾਰ ਅਥਵਾ ਖਾਸ ਦੋਸਤ ਸਦਾਇਆ । ਏਹਨਾ ਨਾ ਹਿੰਦੂਆਂ ਦਾ ਪਖ ਨਾ ਮੁਸਲਮਾਨਾਂ ਦੀ ਤਰਫਦਾਰੀ ਕੀਤੀ । ਏਹਨਾ ਸਚ ਕਿਹਾ, ਚਾਹੇ ਕਿਸੇ ਨੂੰ ਚੰਗਾ ਲਗਾ, ਚਾਹੇ ਬੁਰਾ ਅਤੇ ਜੋ ਉਪਦੇਸ ਕੀਤਾ, ਸੋ ਬਗੈਰ ਕਿਸੇ ਮਿਲਾਪ ਦੇ ਅਤੇ ਬਨਾਵਟ ਦੇ । ਏਸੇ ਕਰਕੇ ਏਹਨਾਂ ਦਾ ਧਰਮ ਮਾਰਗ ਖਾਲਸ ਅਤੇ ਸਤਿ ਹੈ । ਫੇਰ ਇਕ ਹੋਰ ਵਾਧਾ ਦੇਖੋ ਨਿਮ੍ਰਤਾ ਇਸ ਕਦਰ ਰਖੀ ਕੇ ਏਸ ਬਾਤ ਦੀ ਅਖਾਉਤ ਹੀ ਚਲ ਪਈ ਕੇ ਗੁਰੂ ਜੀ ਨੇ ਅਕਾਲ ਪੁਰਖ (ਪੰਨਾ 59) ਪਾਸੋਂ ਸਾਰੀ ਗ੍ਰੀਬੀ ਮੰਗ ਲਿਆਂਦੀ ਹੈ । ਜਿਤਨੀਆਂ ਧੂਸਾਂ ਅਤੇ ਜਿਤਨੀ ਦੂਰ ਏਹਨਾਂ ਫਿਰਕੇ ਉਪਦੇਸ ਕੀਤਾ ਅਜੇ ਕਿਸੇ ਨਹੀਂ ਕੀਤਾ । ਸਵਾਇ ਹਿੰਦੁਸਤਾਨ ਦੇ ਬਾਹਰ ਟਾਪੂਆਂ ਵਿਚ ਫਿਰੇ, ਅਰਬ ਵਿਚ ਦੀ ਹੋ ਕੇ ਸ਼ਾਮ ਨੂੰ ਗਏ ਅਤੇ ਬਗਦਾਦ ਦੇਖ ਕੇ ਉਪਰ ਵਲ ਦੀ ਅਫਗਾਨਿਸਤਾਨ ਦੇਖ ਕੇ ਹਿੰਦੁਸਤਾਨ ਆਏ । ਪਹਾੜਾਂ ਨੂੰ ਚੜ ਗਏ ਅਤੇ ਮਹਾਂ ਕਠਨ ਅਸਥਾਨੀਂ ਜਾ ਕੇ ਨਾਥਾਂ ਨਾਲ ਧਰਮ-ਸੰਬਾਦ ਕੀਤਾ ।

ਆਪ ਸਾਹਿਬਾਂ ਨੂੰ ਸਤਿਗੁਰਾਂ ਦੇ ਫਿਰਨ ਦਾ ਤਦ ਪੂਰਾ ਸੁਆਦ ਆਊ ਜੇ ਆਪ ਉਸ ਸਮੇਂ ਦੀ ਤਵਾਰੀਖ ਖੋਲ ਕੇ ਪਾਸ ਰਖ ਲਵੋ । ਪਹਿਲੇ ਹਿੰਦੁਸਤਾਨ ਵਿਚ ਹੀ ਮੁਗਲਾਂ ਪਠਾਣਾਂ ਦੀ ਲੜਾਈ ਸੀ । ਕੋਈ ਕਿਸੇ ਪਾਸੇ, ਕੋਈ ਕਿਸੇ ਪਾਸੇ । ਇਕ ਦਾ ਰਾਜ ਨਹੀਂ ਸੀ । ਅਮਨ

ਉਠ ਰਿਹਾ ਸੀ। ਫੇਰ ਦਖਨ ਵਿਚ ਪੰਜ ਰਾਜਸੀਆਂ ਮੁਸਲਮਾਨਾਂ ਦੀਆਂ ਸਨ ਅਤੇ ਓਹਨਾਂ ਤੇ ਹੇਠ ਭੀ ਕਈ ਦਖਨੀ ਰਾਜੇ ਸੇ। ਅਰਬ ਖੁਦਮੁਖਤਾਰ ਸੀ। ਸਾਮ ਵਿਚ ਭੀ ਅਜੇ ਇਸਤੰਬੋਲੀਆਂ ਦੇ ਰਾਜ ਹੋਏ ਨੂੰ ਥੋੜੀ ਦੇਰ ਹੋਈ ਸੀ, ਪਕਾ ਅਮਨ ਨਹੀਂ ਸੀ। ਈਰਾਨ ਆਪਨੇ ਆਪ ਦੇ ਬਣਾਉ ਵਿਚ ਲਗ ਰਿਹਾ ਸੀ। ਕਾਬਲ ਵਿਚ ਤੈਮੂਰ ਦਾ ਖ਼ਾਨਦਾਨ ਆਪਸ ਵਿਚ ਭਿੜ ਰਿਹਾ ਸੀ। ਅਜ ਕਲ ਦੀ ਬਾਤ ਨਹੀਂ ਸੀ ਕੇ ਰੇਲ ਵਿਚ ਚੜ੍ਹੇ ਤੇ ਹਜਾਰ ਕੋਹ ਤੇ ਜਾ ਉਤ੍ਰੇ। ਨਾ ਹੀ ਮੁਗ਼ਲਾਂ ਦੇ ਰਾਜ ਦੀ ਤਰ੍ਹਾਂ ਇਕ ਰਾਜ ਸੀ ਅਤੇ ਨਾ ਹੀ ਲੋਕ ਐਸੇ ਸਨ ਕੇ ਰਸਤੇ ਬੇਖੌਫ ਹੁੰਦੇ। ਚਾਲੀ ਵਰੇ ਹੋਏ, ਤਦ ਗੰਗਾ ਜਾਨਾ ਮੁਸ਼ਕਲ ਹੁੰਦਾ ਸੀ, ਓਹ ਦਿਨ ਤਾਂ ਓਹ ਦਿਨ ਹੀ ਰਹੇ। ਹਾਂ, ਐਸੇ ਵਕਤ ਵਿਚ ਜਦ ਕੇ ਕਿਸੇ ਜਗਾ ਅਮਨ ਨਾ ਹੋਵੇ, ਫਿਰ ਫਿਰ ਕੇ ਉਪਦੇਸ ਕਰਨਾ ਇਕ ਅਸਾਨ ਬਾਤ ਨਹੀਂ ਸੀ।

ਫੇਰ ਅਸੀਂ ਕਈਆਂ ਸਾਖੀਆਂ ਤੋਂ ਸਮਝਦੇ ਹਾਂ ਕੇ ਕਈ ਜਗਾ ਸਤਿਗੁਰੂ ਜੀ ਨੂੰ ਬੜਾ ਬੜਾ ਕਲੇਸ ਉਠਾਉਣਾ (ਪੰਨਾ 60) ਪਿਆ ਪਰ ਕਿਸ ਦੀ ਖਾਤ੍ਰ? ਖਾਤ੍ਰ ਅਸਾਂ ਜੀਵਾਂ ਦੀ ਅਤੇ ਖਾਤਰ ਅਕਾਲ ਪੁਰਖ ਦੀ, ਜਿਸ ਦੀ ਓਹ ਮਰਜ਼ੀ ਵਰਤ ਰਹੇ ਸੇ। ਹੋਰ ਜੋ ਫਿਰੇ ਹਨ, ਸੋ ਇਤਨਾ ਨਹੀਂ ਫਿਰੇ ਅਤੇ ਜੇ ਕੁਛ ਫਤੇ ਪਾਈ ਤਾਂ ਹਥਿਆਰਾਂ ਅਤੇ ਫੌਜਾਂ ਨਾਲ। ਏਹਿਨਾਂ ਦੀ ਲੜਾਈ ਸ਼ਬਦ ਰੂਪੀ ਤਲਵਾਰ ਦੀ ਸੀ। ਉਸੀ ਨਾਲ ਚਾਰੇ ਖੰਡ ਅਰਥਾਤ ਸਾਰੀ ਸ੍ਰਿਸਟੀ ਜਿਤ ਲਈ। ਕਿਉਂਕੇ ਸਚ ਦੇ ਸਾਹਮਣੇ ਝੂਠ ਅਤੇ ਪਖੰਡ ਠਹਿਰ ਨਹੀਂ ਸਕਦਾ।

(ਪੰਨਾ 65) ਦੂਜੀ ਬਾਤ ਏਹਿ ਸੀ ਕੇ ਗੁਰੂ ਸਾਹਿਬ ਜੀ ਨੇ ਜਿਸ ਜਿਸ ਤੀਰਥ ਪਰ ਜਾ ਕੇ ਸਿਖਿਆ ਦਿਤੀ ਹੈ, ਓਸ ਓਸ ਥਾਉਂ ਓਸ ਜਗਾ ਦੇ ਪਾਖੰਡ ਅਤੇ ਕਪੋਲ ਕਲਪਨਾ ਮਤ ਦੇ ਦੂਰ ਕਰਨ ਲਈ ਉਸ ਤੋ ਉਲਟ ਬਾਤ ਕਰਕੇ ਸਿਧ ਕਰ ਦਿਖਾਇਆ ਕੇ ਜੋ ਕੁਛ ਓਸ ਜਗਾ ਹੋ ਰਿਹਾ ਹੈ ਸੋ ਸਚ ਨਹੀਂ। ਏਹਿ ਰੇਖਾ ਗਣਤ (ਕੁਲੈਦਸ) ਅਥਵਾ ਨਿਆਂ (ਮੰਤਕ) ਦੀ ਜੁਗਤੀ ਹੈ। ਜੇਕਰ ਇਸ ਬਾਤ ਦੇ ਵਿਰੁਧ ਦੀ ਦੂਸਰੀ ਬਾਤ ਸਚੀ ਸਿਧ ਹੋ ਜਾਵੇ ਤਾਂ ਪਹਿਲੀ ਝੂਠੀ ਹੋ ਨਿਕਲਦੀ ਹੈ ਦੇਖੀਏ (ਪੰਨਾ 66) ਕੁਰਖੇਤ੍ਰ ਸੂਰਜ ਗ੍ਰਹਿਣ ਲਗੇ ਉਤੇ ਮਾਸ ਦਾ ਰਿਨਨਾ, ਹਰੀਦੁਆਰ ਤਲਵੰਡੀ ਵਲ ਮੂੰਹ ਕਰਕੇ ਖੇਤਾਂ ਨੂੰ ਪਾਣੀ ਦੇਨਾਂ, ਜਗਨਨਾਥ ਜਾ ਕੇ ਓਸ ਜਗਾ ਦੀ ਆਰਤੀ ਨਿਖੇਧਨੀ, ਮਕੇ ਜਾ ਕੇ ਏਹਿ ਸਿਧ ਕਰਨਾ ਕੇ ਨਿਰਾ ਕਾਬੇ ਵਿਚ ਹੀ ਪ੍ਰਮੇਸ੍ਰ ਨਹੀਂ ਕਿ ਓਸ ਤਰਫ ਸਿਜਦਾ ਕਰਨਾ ਪ੍ਰਮੇਸ੍ਰ ਨੂੰ ਸਿਜਦਾ ਕਰਨਾ ਹੈ। ਸਾਫ ਸਾਫ ਤੌਰ ਤੇ ਦਿਖਾ ਦਿਤਾ ਕੇ ਅਕਾਲਪੁਰਖ ਸਭ ਤਰਫ਼ ਹੈ। ਜਿਸ ਤਰਫ ਪੈਰ ਫਿਰੇ ਉਸੀ ਤਰਫ਼ ਕਾਬਾ ਅਰਥਾਤ ਪ੍ਰਮੇਸ੍ਰ ਦਾ ਘਰ। ਤਾਂ ਤੇ ਓਸ ਜਗਾ ਏਹਿ ਸਿਧ ਕੀਤਾ ਕੇ ਚਾਹੇ ਪੂਰਬ, ਚਾਹੇ ਦਖਣ, ਚਾਹੇ ਪਸਚਮ, ਚਾਹੇ ਉਤਰ, ਚਾਹੇ ਉਪਰ ਵਲ, ਚਾਹੇ ਹੇਠ ਵਲ, ਜਿਸ ਤਰਫ਼ ਮੂੰਹ ਕਰਕੇ ਪ੍ਰਮੇਸ੍ਵਰ ਨੂੰ ਸਿਜਦਾ ਕੀਤਾ ਜਾਵੇ, ਓਸੀ ਦਾ ਸਿਜਦਾ ਹੈ ਕਿਉਂਕੇ ਓਹ ਹਰ ਜਗਾ ਅਤੇ ਹਰ ਮਕਾਨ ਵਿਚ ਹੈ।

ਇਕ ਹੋਰ ਯਾਦ ਰਖਨ ਵਾਲੀ ਬਾਤ ਦਸਦਾ ਹਾਂ। ਸਤਿਗੁਰਾਂ ਸਫਰ ਵਿਚ ਕਈ ਭੇਖ ਦਾ ਸਰੂਪ ਧਾਰਿਆ ਪਰ ਫਕੀਰੀ ਲਬਾਬ ਰਖਿਆ। ਏਹਿ ਲਬਾਸ ਇਕ ਤਰ੍ਹਾਂ ਦਾ ਨਹੀਂ ਸੀ, ਸਭ ਤਰ੍ਹਾਂ ਦਾ ਰਖ ਰੁਖ ਕੇ ਅਤੇ ਅਛੀ ਤਰ੍ਹਾਂ ਜਾਚਨਾ ਕਰਕੇ ਆਖਰ ਨੂੰ ਕਰਤਾਰਪੁਰ ਆਕੇ ਦੁਨਿਆਵੀ ਲਬਾਸ ਧਾਰਨ ਕੀਤਾ। ਜਿਨੇ ਭੇਖ ਬਨਾਉਟੀ ਅਤੇ ਫਕੀਰੀ (ਦੁਨੀਆ

ਨੂੰ ਲੁਟਨ ਲਈ) ਬਨੇ ਹੋਏ ਸੇ, ਸਭ ਦਾ ਨਖੇਧ ਕੀਤਾ ਅਤੇ ਦੁਨਿਆਵੀ ਭੇਖ ਮੁਖ ਰਖਿਆ। ਸਾਡੇ ਵਿਚ ਜੋ ਭਗਵੇਂ ਭੇਖੀ ਹਨ ਓਹਨਾਂ ਨੂੰ ਚੰਗੀ ਤਰ੍ਹਾਂ ਜਾਨਣਾ ਚਾਹੀਏ ਕੇ ਗੁਰਾਂ ਨੇ ਭਗਵੇਂ ਭੇਖ ਨੂੰ ਤਿਆਗ ਕੇ ਅੰਤ ਨੂੰ ਦੁਨਿਆਵੀ ਭੇਖ ਲਿਆ ਅਤੇ ਪਹਿਲੇ ਨੂੰ ਪਸੰਦ ਨਹੀਂ ਕੀਤਾ। ਤਾਂ ਤੇ ਜੋ ਗੁਰੂ ਨਾਨਕ ਦੇਵ ਦਾ ਮਤ ਹੈ ਓਸ ਵਿਚ ਭਗਵਾਂ ਅਥਵਾ ਹੋਰ ਕਿਸੇ ਤਰ੍ਹਾਂ ਦਾ ਭੇਖ ਨਹੀਂ। ਜੋ (ਪੰਨਾ 67) ਕੋਈ ਭੇਖ ਰਖੇ ਸੋ ਓਹਨਾਂ ਦੀ ਸੰਪ੍ਰਦਾ ਵਿਚ ਨਹੀਂ ਆ ਸਕਦਾ। ਇਕ ਹੋਰ ਭੀ ਬਾਤ ਸੁਨ ਛਡੋ। ਗੁਰੂ ਸਾਹਿਬ ਨੇ ਰਿਖੀਆਂ ਦੀ ਤਰ੍ਹਾਂ ਅਪਨੀ ਉਮਰ ਦੇ ਚਾਰ ਹਿਸੇ ਕਰਕੇ ਗੁਜ਼ਾਰੇ, ਜਿਨਾਂ ਨੂੰ ਚਾਰ ਆਸ਼੍ਰਮ ਆਖਦੇ ਹਨ। ਪਹਿਲੇ ਘਰ ਰਹੇ ਅਤੇ ਬਾਲ ਲੀਲਾ ਕੀਤੀ, ਦੂਸਰਾ ਗ੍ਰਹਸਤ ਕੀਤਾ, ਤੀਸਰਾ ਤਯਾਗ ਕਰਕੇ, ਉਦਾਸ ਫਿਰ ਫਿਰੇ, ਚੌਥਾ ਕਰਤਾਰਪੁਰ ਵਿਚ ਆ ਕੇ ਠਹਿਰੇ ਅਤੇ ਬੈਠ ਕੇ ਸਤਿ ਉਪਦੇਸ਼ ਦੀ ਗਦੀ ਸਥਾਪਨ ਕੀਤੀ। ਏਸ ਸਮੇਂ ਵਿਚ ਏਹਨਾਂ ਤੇ ਬਿਨਾਂ ਇਸ ਤਰ੍ਹਾਂ ਚਾਰ ਹਿਸੇ ਉਮਰ ਦੇ ਕਿਸੇ ਨਹੀਂ ਕੀਤੇ।

ਸਤਿਗੁਰਾਂ 1596 ਵਿਚ ਇਸ ਦੁਨੀਆਂ ਨੂੰ ਤਿਯਾਗਨ ਕੀਤਾ।

**'ਲਾਸਾਨੀ ਕਰਾਮਾਤ' ਵਿਚੋਂ**

ਖ਼ਾਲਸਾ ਜੀ॥ ਆਪ ਜਾਨਦੇ ਹੋ ਕਿ ਦੁਨੀਆਂ ਵਿਚ ਕੋਈ ਐਸਾ ਫ਼ਿਰਕਾ ਜਾਂ ਮਤ ਨਹੀਂ, ਜਿਸ ਵਿਚ ਕਰਾਮਾਤਾਂ ਨਾ ਮੰਨੀਆਂ ਗਈਆਂ ਹੋਨ। ਇਹ ਬਾਤ ਜੁਦੀ ਹੈ ਕਿ ਓਹ ਕਰਾਮਾਤਾਂ ਸਾਰੀਆਂ ਸਚੀਆਂ ਹੋਨ ਯਾ ਝੂਠੀਆਂ ਅਤੇ ਅਜ ਕਲ ਮੰਨੀਆਂ ਜਾਂਦੀਆ ਹੋਨ ਯਾ ਨਾ। ਪਰ ਬਨਾਵਟੀ ਕਰਾਮਾਤ ਨਹੀਂ ਠੈਹਰ ਸਕਦੀ॥ ਇਸ ਸਮੇਂ ਦੇ ਹਥ ਵਿਚ ਵਿਦਯਾ ਰੂਪੀ ਪ੍ਰੀਖਯਾ ਦੀ ਛਾਨਣੀ ਫੜੀ ਹੋਈ ਹੈ ਜਿਸ ਤੇ ਸਚ ਝਟ ਪਟ ਜੁਦਾ ਹੋ ਜਾਂਦਾ ਹੈ ਅਤੇ ਜੋ ਨਿਰੇ ਗਪੌੜੇ ਹੀ ਹੋਨ ਅਥਵਾ ਬਨਾਵਟੀ ਕਹਾਣੀ ਹੋਵੇ ਓਸਦੀ ਅਸਲੀਤ ਤੁਰਤ ਫੁਰਤ ਖੁਲ ਜਾਂਦੀ ਹੈ॥

ਸਚ ਸਚ ਹੀ ਨਿਕਲਦਾ ਹੈ॥ ਗੁਰੂ ਜੀ ਦਾ ਵਾਕ ਹੈ

"ਕੂੜ ਨਿਖੁਟੇ ਨਾਨਕਾ ਓੜਕ ਸਚ ਰਹੀ"

ਪੁਨਾ

"ਝੂਠ ਨਾ ਪਹੁੰਚੇ ਸਚ ਨੂੰ ਲਖ ਘਾੜਤ ਘੜੀਏ"

ਸੋ ਅਜ ਕਲ ਕੋਈ ਬਾਤ ਕਰਾਮਾਤ ਕਰਕੇ ਨਹੀਂ ਮੰਨੀ ਜਾ ਸਕਦੀ ਜੋ ਸਚ ਦੀ ਕਸਵਟੀ ਪਰ ਨਾ ਠਹਰੇ॥

ਮੈਂ ਆਪ ਨੂੰ ਇਕ ਐਸੀ ਕਰਾਮਾਤ ਦਸਦਾ ਹਾਂ ਜੋ ਸਚ ਮੁਚ ਬੜੀ ਅਸਚਰਜ ਚੀਜ ਹੈ, ਅਪਨੇ ਆਪ ਵਿਚ ਇਕੋ ਅਤੇ ਨਿਰਾਲੀ ਹੈ ਅਰਥਾਤ ਇਸ ਨਾਲ ਦੀ ਦੂਸਰੀ ਹੋਰ ਕੋਈ ਨਹੀਂ ਨਿਕਲਦੀ। ਸਚੀ ਹੈ ਅਤੇ ਸਹੀ ਹੈ, ਅਜ ਕਲ ਭੀ ਮੌਜੂਦ, ਹੈ ਅਤੇ ਇਸ ਦੁਨੀਆਂ ਨੂੰ ਬੜਾ ਲਾਭ ਪਹੁੰਚਿਆ ਹੈ॥

## ਹਿੰਦੁਸਤਾਨ ਦੀ ਆਤਮਕ ਅਤੇ ਸਰੀਰਕ ਮਿਰਤੂ

ਆਪ ਇਹ ਬਾਤ ਸੁਨ ਕੇ ਹੈਰਾਨ ਹੋਵੋਗੇ ਕਿ ਹਿੰਦੁਸਤਾਨ ਆਤਮਕ ਅਤੇ ਸਰੀਰਕ ਮਿਰਤੂ ਵਿਚ ਦੀ ਹੋ ਗੁਜਰਿਆ ਹੈ ਅਰਥਾਤ ਐਸੀ ਅਵਸਥਾ ਨੂੰ ਪਹੁੰਚ ਚੁਕਾ ਹੈ ਜੋ ਮਿਰਤੂ ਸਮਾਨ ਹੈ ਸੀ॥ ਸਾਡੇ ਵਡੇ ਵਡੇਰੇ ਜੋ ਪ੍ਰਾਚੀਨ ਸਮੇਂ ਵਿਚ ਹੋ ਗੁਜਰੇ, ਸੋ ਆਪਨੀ ਆਤਮਕ

ਅਤੇ ਸਰੀਰਕ ਤਾਕਤ ਵਾਸਤੇ ਮਸ਼ਹੂਰ ਹੋ ਚੁੱਕੇ ਹਨ ਅਰਥਾਤ ਓਹਨਾ ਦਾ ਆਤਮਕ ਅਤੇ ਸਰੀਰਕ ਬਲ ਬਹੁਤ ਸੀ ਪਰ ਜਦ ਪਿਛੇ ਆਕੇ ਆਤਮਕ ਚਾਨਣ ਜੜ ਮੂਰਤੀਆਂ ਦੇ ਓਹਲੇ ਆ ਕੇ ਛਿਪ ਗਿਆ ਅਰਥਾਤ ਜੜ ਮੂਰਤੀਆਂ ਨੇ ਪ੍ਰਮੇਸ਼ਵਰ ਦੇ ਨਿਰਅੰਜਨ ਸਰੂਪ ਨੂੰ ਆਪਨੇ ਓਹਲੇ ਲੁਕਾ ਦਿਤਾ ਅਤੇ ਓਸ ਦੀ ਜਗਾ ਆਪ ਮਲ ਲਈ, ਜੋਧਾ ਜਾਤੀ ਪੁਜਾਰੀ ਜਾਤੀ ਦੇ ਅਧੀਨ ਹੋ ਕੇ ਪਿਛੇ ਹੋ ਬੈਠੀ, ਜਦ ਇਸ ਜੋਧਾ ਜਾਤੀ ਦੇ ਸਿਰਾਂ ਤੋਂ ਕੇਸ, ਜੋ ਸਰੀਰਕ ਬਲ ਚਿਨ ਸੀ, ਦੂਰ ਕੀਤੇ ਗਏ ਅਤੇ ਜੋਧਾ ਜਾਤੀ ਭੀ ਅੰਤ ਨੂੰ ਇਸ ਪੁਜਾਰੀ ਜਾਤੀ ਦੇ ਹਥੋਂ ਸੰਪੂਰਣ ਨਸ਼ਟ ਹੋ ਗਈ ਤਾਂ ਹਿੰਦੁਸਤਾਨ ਦੇ ਬੁਰੇ ਦਿਨ ਆਏ ॥

ਮਗਰੋਂ ਹੀ ਲੌਂਹਦੇ ਪਾਸਿਓ ਈਰਾਨ, ਤੂਰਾਨ, ਬਲਕ-ਬੁਖਾਰੇ ਕਾਬਲ ਆਦਿਕ ਮੁਲਕਾਂ ਦੇ ਲੋਕਾਂ ਦੇ ਸਾਡੇ ਦੇਸ ਤੇ ਹੱਲੇ ਹੋਨ ਲੱਗੇ ਅਤੇ ਇਕ ਖੂਨਖਾਰ ਅਤੇ ਦੇਸ ਉਜਾੜਨ ਵਾਲੇ ਦੇ ਮਗਰੋਂ ਦੂਸਰਾ ਉਸ ਤੇ ਵਧੀਕ ਹੂੰਜ ਬੁਹਾਰੀ ਦੇਂਦਾ ਚਲਾ ਆਇਆ, ਦੇਸ ਨੂੰ ਲੁਟਦਾ, ਪ੍ਰਜਾ ਨੂੰ ਕਤਲ ਕਰਦਾ, ਆਦਮੀ ਔਰਤਾਂ ਨੂੰ ਗੁਲਾਮ ਬਨਾਉਂਦਾ ਅਤੇ ਜਿਸ ਤਰ੍ਹਾਂ ਕੜਕਨ ਵਾਲੀ ਬਿਜਲੀ ਵਾਲਾ ਬਦਲ ਹਨੇਰੀ ਨਾਲ ਰਲਕੇ ਜਿਥੇ ਲੰਘਦਾ ਹੈ, ਖੇਤੀ, ਦਰਖ਼ਤ ਅਤੇ ਪਸ਼ੂ-ਪੰਖੀਆਂ ਉਤੇ ਤੂਫ਼ਾਨ ਲੈ ਆਉਂਦਾ ਹੈ ਅਤੇ ਫੇਰ ਬਰਬਾਦੀ ਕਰ ਕੇ ਛੇਤੀ ਚਲਾ ਜਾਂਦਾ ਹੈ; ਇਸੀ ਤਰ੍ਹਾਂ ਇਹ ਲੋਕ ਸਾਡੇ ਦੇਸ ਦਾ ਸਤਿਆਨਾਸ ਕਰਕੇ ਪਿਛੇ ਹਟ ਜਾਂਦੇ ਰਹੇ। ਜਿਥੇ ਜਿਥੇ ਏਹਨਾਂ ਦਾ ਕਦਮ ਪਿਆ, ਓਸ ਓਸ ਜਗਾ ਅਜ ਤਕ ਖਰਾਬੀ ਦੇ ਨਿਸ਼ਾਨ ਪਾਏ ਜਾਂਦੇ ਹਨ ॥

ਬਚਾਰਾ ਹਿੰਦੁਸਤਾਨ ਬੇਜਾਨ ਹੋ ਕੇ ਇਨਾਂ ਦੇ ਫੇਰ ਸਟਨ ਵਾਲੇ ਪੈਰਾਂ ਦੇ ਹੇਠ ਲਤਾੜਿਆ ਪਿਆ ਰਿਹਾ ਅਤੇ ਇਹ ਬੇਤਰਸ ਜ਼ਾਲਮ ਉਸਦੇ ਓਪਰ ਦੀ ਲੰਘਕੇ ਮਨ ਭਾਉਂਦੀ ਉਸ ਨਾਲ ਕਰਦੇ ਰਹੇ ਅਤੇ ਉਸਨੂੰ ਮੁਰਦਾ ਬਨਾ ਕੇ ਛਡ ਗਏ ॥

ਪੰਦਰਵੀਂ ਸਦੀ ਦੇ ਅਖੀਰ ਤਕ ਆ ਕੇ ਪ੍ਰਮੇਸ਼ਵਰ ਦਾ ਗਿਆਨ ਅਤੇ ਉਸਦੇ ਪਹਿਚਾਨਨ ਦਾ ਰਸਤਾ ਅਵਿਦਯਾ ਦੇ ਅੰਧਕਾਰ ਵਿਚ ਆ ਕੇ ਦਿਸਨੋਂ ਰਹਿ ਚੁਕਾ ਅਤੇ ਦੋ ਸੋ ਬਰਸ ਬਾਦ ਹਿੰਦੁਸਤਾਨ ਵਿਚੋਂ ਸੱਤ੍ਰੀ ਬਲ ਬਿਲਕੁਲ ਦੂਰ ਹੋ ਗਿਆ। ਤਦ ਦੇਵਤਾ ਭੀ ਦੇਸ ਨੂੰ ਛਡ ਗਏ ਅਤੇ ਜੋ ਕਿਤੇ ਪੁਰਾਣੇ ਹਾਜ਼ ਰੈਹ ਭੀ ਗਏ, ਸ ਪਹਾੜਾਂ ਅਤੇ ਰੇਗਸਤਾਨ ਵਿਚ ਜਾ ਲੁਕੇ, ਤਦ ਹਿੰਦੁਸਤਾਨ ਦੀ ਅਖੀਰ ਆ ਚੁਕੀ ਸੀ ਅਤੇ ਜੇ ਮੁੜ ਬਚਾਓ ਨਾ ਹੁੰਦਾ ਤਾਂ ਪ੍ਰਾਚੀਨ ਦੂਰ ਹੋਏ ਹੋਏ ਯੂਨਾਨ, ਈਰਾਨ ਅਤੇ ਮਿਸਰ ਆਦੀ ਦੇਸਾ ਨਾਲ ਇਸਦਾ ਨਾਉਂ ਸ਼ਾਮਲ ਹੋ ਕੇ ਨਿਰਾ ਕਤਾਬਾਂ ਵਿਚ ਹੀ ਯਾਦਗਾਰ ਦੇ ਤੌਰ ਰਹਿ ਜਾਂਦਾ। ਜਿਸ ਤਰ੍ਹਾਂ ਓਹਨਾਂ ਪ੍ਰਾਚੀਨ ਦੇਸਾਂ ਦੀ ਕਦੇ ਕਦੇ ਕੋਈ ਬਾਤ ਯਾਦ ਆ ਜਾਂਦੀ ਹੈ, ਇਸੀ ਤਰ੍ਹਾਂ ਪੁਰਾਣੇ ਹਿੰਦੁਸਤਾਨ ਦੇ ਵੇਦ ਅਤੇ ਸ਼ਾਸਤ੍ਰਾਂ ਦੇ ਸਮੇਂ ਦੀ ਕੋਈ ਬਾਤ ਯਾਦ ਆ ਜਾਂਦੀ ॥

### ਹਿੰਦੁਸਤਾਨ ਦਾ ਮੁੜ ਜ਼ਿੰਦਾ ਹੋਨਾ

ਪਰ ਅਕਾਲ ਪੁਰਖ ਨੇ ਬੜੀ ਕ੍ਰਿਪਾ ਕਰਕੇ ਸਾਡੇ ਦੇਸ ਤੇ ਤਰਸ ਖਾਧਾ ਅਤੇ ਇਸ ਨੂੰ ਮੁੜ ਜ਼ਿੰਦਾ ਕਰਨਾ ਚਾਹਿਆ ॥ ਹਿੰਦੁਸਤਾਨ ਦੇਵਤਿਆਂ ਅਤੇ ਤਪੀਸ਼ਰਾਂ ਦੀ ਜਗਾ ਸੀ, ਇਸ ਲਈ ਇਸ ਨੂੰ ਅਪਨੀ ਦੇਹ ਪਲਟ ਕੇ ਹੋਰ ਰੂਪ ਧਾਰਣ ਤੋਂ ਬਚਾ ਲਿਆ ॥

ਪਹਿਲੇ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਭੇਜਿਆ, ਜਿਨਾਂ ਦੇ ਪ੍ਰਗਟ ਹੋਨ ਤੋਂ

ਅਗਿਆਨਤਾ ਚੀ ਧੁੰਦ ਮਿਟੀ ਅਤੇ ਜਗਤ ਵਿਚ ਪ੍ਰਮੇਸ਼ਵਰ ਦੇ ਰਸਤੇ ਪਰ ਫੇਰ ਮੁੜ ਚਾਨਣਾ ਹੋ ਆਇਆ ਅਤੇ ਹਿੰਦੁਸਤਾਨ ਨੂੰ ਮੁੜ ਆਤਮਕ, ਇਖਲਾਕੀ ਅਤੇ ਪਵਿਤ੍ਰ ਨਾਮ ਦੀ ਜ਼ਿੰਦਗੀ ਪ੍ਰਾਪਤ ਹੋਈ। ਗੁਰੂ ਮਹਾਰਾਜ ਨੇ ਅਪਨੀ ਸਾਰੀ ਅਵਸਥਾ ਦੇਸ ਦੇਸ਼ਾਂਤ੍ਰਾਂ ਵਿਚ ਭ੍ਰਮਨ ਕਰਕੇ ਆਦਮੀ ਨੂੰ ਪਾਪ ਤੋਂ ਬਚਾਓਨ ਵਿਚ ਲਾਈ ਅਤੇ ਓਸਨੂੰ ਦਰਗਾਹ ਵਿਚ ਪਹੁੰਚਨ ਜੋਗਾ ਕੀਤਾ ॥

ਇਨਸਾਨ ਦੇ ਬਚਾਓਨ ਦਾ ਇਹ ਤ੍ਰੱਦਦ ਦਸਮ ਗੁਰੂ ਤਕ ਹੁੰਦਾ ਚਲਾ ਆਇਆ, ਜਿਨਾਂ ਨੂੰ ਅਕਾਲ ਪੁਰਖ ਨੇ ਅਪਨੇ ਵਿਚੋਂ ਪੈਦਾ ਕਰਕੇ ਦੁਨੀਆ ਵਿਚ ਭੇਜਿਆ ਕਿ ਇਸ ਦਾ ਉਧਾਰ ਕਰਨ। ਗੁਰੂ ਜੀ ਨੇ ਅਪਨਾ ਕੰਮ ਦੁਨੀਆਂ ਨੂੰ ਆਖ ਸੁਨਾਇਆ, ਜਿਸ ਲਈ ਪ੍ਰਮੇਸ਼ਵਰ ਨੇ ਉਹਨਾਂ ਨੂੰ ਆਪਨਾ ਪੁਤਰ ਥਾਪ ਕੇ ਭੇਜਿਆ ਸੀ ਅਤ ਅਪਨੇ ਕਾਰਜ ਨੂੰ ਪੂਰੀ ਕਾਮਯਾਬੀ ਨਾਲ ਸੰਪੂਰਣ ਕੀਤਾ ॥ ਤਦ ਸਾਡੇ ਦੇਸ ਨੂੰ ਆਤਮਕ, ਇਖਲਾਕੀ ਅਤੇ ਪਵਿਤ੍ਰ ਜ਼ਿੰਦਗੀ ਦੇ ਨਾਲ ਹੀ ਪੂਰਾ ਸਰੀਰਕ ਬਲ ਮੁੜ ਹਾਸਲ ਹੋਇਆ ਅਤੇ ਗੁਰੂ ਜੀ ਦੀ ਕ੍ਰਿਪਾ ਨਾਲ ਸਾਡਾ ਦੇਸ ਉਸ ਪਦਵੀ ਨੂੰ ਪਹੁੰਚਾ, ਜੋ ਹੋਰਨਾਂ ਨੂੰ ਹਾਸਲ ਨਹੀਂ ਹੋ ਸਕੀ ਅਤੇ ਓਸ ਇੱਜ਼ਤ ਨੂੰ ਪਾਇਆ ਜਿਸ ਨੂੰ ਦੇਖ ਕੇ ਸਾਰੀ ਦੁਨੀਆਂ ਵਾਹ ਵਾਹ ਕਰ ਰਹੀ ਹੈ ॥

ਕਹੀਏ ! ਇਹ ਬਾਤ ਕਰਾਮਾਤ ਤੋਂ ਘਟ ਹੈ ਅਤੇ ਇਹ ਕਰਾਮਾਤ ਕੋਈ ਐਵੇਂ ਕਿਵੇਂ ਜੇਹੀ ਹੈ ? ਕੀ ਇਹ ਲਾਸਾਨੀ ਕਰਾਮਾਤ ਨਹੀਂ ? ਕੀ ਇਸਦੇ ਨਾਲ ਦੀ ਕਿਸੇ ਕਦੇ ਕਰਾਮਾਤ ਕਰਕੇ ਦਿਖਾਈ ? ਇਸ ਵਿਚ ਇਕ ਹੋਰ ਵਾਧਾ ਹੈ-ਇਹ ਕਰਾਮਾਤ ਤਦ ਹੀ ਨਹੀਂ ਹੋ ਚੁਕੀ, ਬਲਕ ਹੁਨ ਹੁੰਦੀ ਹੈ ਅਤੇ ਅਗੇ ਨੂੰ ਹੁੰਦੀ ਰਹੂ। ਸਭ ਤੇ ਵਧੀਕ ਇਹ ਸਿਫਤ ਹੈ ਕਿ ਗੁਰੂ ਜੀ ਦਾ ਕੋਈ ਭਰੋਸੇ ਵਾਲਾ ਅਤੇ ਪੱਕਾ ਸਿੰਘ ਜਦ ਅਤੇ ਜਿਥੇ ਚਾਹੇ, ਇਸ ਕਰਾਮਾਤ ਨੂੰ ਆਪ ਕਰ ਸਕਦਾ ਹੈ ॥

ਫੇਰ ਇਹ ਬਾਤ ਹੈ ਕਿ ਇਹ ਕਰਾਮਾਤ ਇਲਮ ਸਾਇੰਸ ਦੇ ਅਸੂਲਾਂ ਦੇ ਮੁਤਾਬਕ ਹੈ ਅਤੇ ਕਾਨੂੰਨ ਕੁਦਰਤ ਤੇ ਠਹਰੀ ਹੋਈ ਹੈ ॥

ਆਪ ਹੁਨ ਖੁਦ ਹੀ ਜਾਨ ਲਓਗੇ ਕਿ ਇਹ ਕੈਸੀ ਅਸਚਰਜ ਅਤੇ ਲਾਸਾਨੀ ਕਰਾਮਾਤ ਹੈ ॥

**ਕਰਾਮਾਤ**

ਕਹੀਏ ! ਆਪਨੇ ਜਾਨ ਲਿਆ ਕਿ ਇਹ ਕਰਾਮਾਤ ਕੀ ਚੀਜ਼ ਹੈ ? ਖੰਡੇ ਦੀ ਪੋਹਲ ਹੀ ਇਹ ਅਦਭੁਤ ਕਰਾਮਾਤ ਹੈ ॥

ਇਸ ਪੋਹਲ ਵਿਚ ਦੇਖੀਏ ਕੀ ਕੀ ਚੀਜ਼ ਵਰਤੀ ਦੀ ਹੈ ॥ (1) ਗੁਰ ਮੰਤ੍ਰ (2) ਖੰਡਾ (3) ਜਲ (4) ਮਿਠਾ ਅਤੇ (5) ਕੇਸਾਂ ਅਤੇ ਸਰੀਰ ਤੇ ਚਲਦੀ ਹੈ ॥

ਹੁਨ ਜੇ ਆਪ ਕੋਲੇ-ਗੰਧਕ ਅਤੇ ਸੋਰੇ ਨੂੰ ਜੁਦਾ ਜੁਦਾ ਲੈਕੇ ਵਰਤੋਂ ਤਾਂ ਕੋਈ ਵਡਾ ਕੰਮ ਨਹੀਂ ਦੇਨਗੇ। ਪਰ ਤਿੰਨਾਂ ਨੂੰ ਮਿਲਾਓ। ਬਰੂਦ ਬਨ ਜਾਏਗਾ ਅਤੇ ਤਦ ਤੁਸੀਂ ਉਸ ਨਾਲ ਪਹਾੜ ਓਡਾ ਸਕਦੇ ਹੋ ॥

ਇਸੀ ਤਰਾਂ ਜਲ ਅਤੇ ਮਿਠੇ ਵਿਚ ਖੰਡਾ ਫੇਰਿਆਂ ਇਕ ਤਾਕਤ ਪੈਦਾ ਹੋ ਜਾਂਦੀ ਹੈ ਪਰ ਇਹ ਜੜ੍ਹ ਅਥਵਾ ਮਾਦੀ ਤਾਕਤ ਹੁੰਦੀ ਹੈ ॥

ਗੁਰ ਮੰਤ੍ਰ ਉਸ ਵਿਚ ਰੂਹਾਨੀ ਤਾਕਤ ਪਾ ਦੇਂਦਾ ਹੈ ਅਤੇ ਤਾਂ ਆਤਮਾ ਅਤੇ ਜੜ ਦੇ ਮਿਲਨੇ ਤੇ ਇਕ ਅਸਚਰਜ ਚੀਜ਼ ਪੈਦਾ ਹੁੰਦੀ ਹੈ। ਫੇਰ ਆਪ ਇਸ ਅਸਚਰਜ ਵਸਤੂ ਨੂੰ ਜਦ ਕੇਸਾਂ ਅਤੇ ਸਰੀਰ ਪਰ ਵਰਤ ਕੇ ਮਨੁਖ ਨੂੰ ਅਮ੍ਰਿਤ ਛਕਾਉਂਦੇ ਹੋ ਤਾਂ ਓਹ ਹੋਰ ਦਾ ਹੋਰ ਹੀ ਹੋ ਜਾਂਦਾ ਹੈ। ਉਸ ਦੀ ਜ਼ਿੰਦਗੀ ਪਲਟ ਜਾਂਦੀ ਹੈ ਮਾਨਸ ਦਾ ਨਮਾ ਜਨਮ ਹੋ ਜਾਂਦਾ ਹੈ। ਜੈਸੇ ਰਸੈਣ ਵਿਦਯਾ ਵਿਚ ਕਈ ਵਸਤੂ ਦੇ ਮਿਲਨੇ ਤੇ ਇਕ ਨਮੀ ਚੀਜ ਪੈਦਾ ਹੁੰਦੀ ਹੈ, ਐਸੇ ਹੀ ਪੋਹਲ ਨੂੰ ਛਕ ਕੇ ਮਾਨੁਖ ਦਾ ਭੀ ਹੋਰ ਹੀ ਸਰੂਪ ਹੋ ਜਾਂਦਾ ਹੈ। ਇਸ ਵਾਸਤੇ ਇਸਦਾ ਨਾਉਂ ਅਮ੍ਰਤ ਰਖਿਆ ਹੈ ਕਿਉਂਕੇ ਇਸ ਨੂੰ ਛਕ ਕੇ ਮੁਰਦੇ ਜਿੰਦਾ ਹੋ ਜਾਂਦੇ ਹਨ॥

**ਖੰਡੇ ਦੀ ਪੋਹਲ ਜਾਰੀ ਹੋਨ ਵੇਲੇ ਹਿੰਦੁਸਤਾਨ ਦਾ ਹਾਲ**

ਇਹ ਬਾਤ ਓਸ ਸਮੇਂ ਦੀ ਤਵਾਰੀਖ਼ ਦੇਖਨ ਤੇ ਸਾਫ਼ ਮਲੂਮ ਹੋ ਜਾਊ ਕਿ ਹਿੰਦੁਸਤਾਨ ਕਿਥੋਂ ਤਕ ਨਿਰਬਲ ਹੋ ਕੇ ਡੂੰਗੀ ਨਾ ਉਮੈਦੀ ਦੀ ਖੇਡ ਵਿਚ ਜਾ ਡਿਗਾ ਸੀ, ਜਦ ਦਸਮ ਗੁਰੂ ਜੀ ਨੇ ਇਸ ਦੇਸ ਦੇ ਮੁੜ ਸਰਜੀਵਨ ਕਰਨ ਲਈ ਕਮਰ ਹਿੰਮਤ ਬੰਨੀ॥

ਗੁਰੂ ਜੀ ਨੇ ਪੋਹਲ ਦੇ ਵੇਲੇ ਪਹਾੜੀ ਰਾਜਿਆਂ ਨੂੰ ਅਤੇ ਹੋਠਾਂ ਦੇਸ ਦੇ ਜਾਗੀਰਦਾਰਾਂ ਅਤੇ ਹੋਰਨਾਂ ਪੁਰਸਾਂ ਨੂੰ ਬੁਲਾਕੇ ਕਿਹਾ, "ਆਓ ਪੋਹਲ ਕਬੂਲ ਕਰੋ ਕਿ ਤੁਹਾਡਾ ਇਸ ਦੂਰਦਸ਼ਾ, ਜਿਸ ਵਿਚ ਤੁਹਾਡਾ ਦੇਸ ਪੈ ਰਿਹਾ ਹੈ ਤੇ ਛੁਟਕਾਰਾ ਹੋਵੇ ਅਤੇ ਤੁਸੀਂ ਆਪਨੇ ਆਪ ਨੂੰ ਸੰਭਾਲ ਸਕੋ।"

ਤਾਂ ਉਹ ਬੋਲੇ, "ਮਹਾਰਾਜ-ਆਪਦੀ ਪੋਹਲ ਕੀ ਕਰ ਦੇਵੇਗੀ ? ਅਸੀਂ ਮਾਨੋਂ ਚਿੜੀਆਂ ਹਾਂ, ਸਾਡੇ ਧਰਮ ਦੇ ਸ਼ਤਰੂ ਮਾਨੋ ਬਾਜ ਹਨ। ਸਾਤੇ ਕੀ ਹੋ ਸਕਦਾ ਹੈ ?" ਤਦ ਗੁਰੂ ਜੀ ਕਿਹਾ, "ਅੰਮ੍ਰਿਤ ਛਕੋ, ਨਹੀਂ ਪਛਤਾਓਗੇ ਅਤੇ ਮੇਰਾ ਬੋਲਾ ਯਾਦ ਰਖਨਾ :

"ਚਿੜੀਆਂ ਕੋਲੋਂ ਬਾਜ ਤੜਾਊਂ, ਤਬੀ ਗੁਬਿੰਦ ਸਿੰਘ ਨਾਮ ਸਦਾਊਂ।
ਸਵਾ ਲਾਖ ਸਿਓ ਏਕ ਲੜਾਊਂ, ਤਬੀ ਗੋਬਿੰਦ ਸਿੰਘ ਨਾਮ ਸਦਾਊਂ।"

ਕਹੋ ! ਜੈਸਾ ਗੁਰੂ ਜੀ ਨੇ ਬੋਲਾ ਕੀਤਾ, ਸੋ ਕਰ ਦਖਾਇਆ ਕੇ ਨਹੀਂ ?

**ਕਰਾਮਾਤ ਦਾ ਨਤੀਜਾ**

ਪੁਰਾਣੀਆਂ ਤਵਾਰੀਖਾਂ ਪੜੋ, ਤੁਹਾਨੂੰ ਇਹ ਨਤੀਜਾ ਆਪੇ ਦਿਸ ਪਊ॥

ਪਰ ਦ੍ਰਿਸ਼ਟਾਂਤ ਮਾਤਰ ਮੈਂ ਆਪ ਨੂੰ ਸੁਨਾ ਦੇਨਾ ਹਾਂ ਓਹ ਮੁਰਦਾ ਲੋਕ ਜੋ ਦੁਸਮਨ ਦੇ ਪਰਛਾਵੇਂ ਆਏ ਡਰਕੇ ਭਜ ਨਿਕਲਦੇ ਸੇ, ਓਹੀ ਕੈਸੇ ਬਹਾਦਰ ਹੋ ਨਿਕਲੇ। ਓਹ ਹਿੰਦੂ ਜਾਤੀ, ਜੋ ਦੁਨੀਆਂ ਵਿੱਚ ਮਖੌਲ ਬਨ ਗਈ ਸੀ ਅਤੇ ਹਿਕਾਰਤ ਨਾਲ ਦੇਖੀ ਜਾਂਦੀ ਸੀ, ਜਦ ਪੋਹਲ ਲੈ ਕੇ ਖਾਲਸੇ ਦੇ ਰੂਪ ਵਿਚ ਆਈ, ਦੁਨੀਆਂ ਦੀ ਤਾਰੀਫ ਦੇ ਲੈਕ ਹੋ ਗਈ ਅਤੇ ਸਬ ਜਗਾ ਇਜ਼ਤ ਪਾਉਨ ਲਗ ਪਈ। ਜੋ ਮੁਰਦੇ ਸੇ, ਜਿੰਦਾ ਹੋਏ। ਜੋ ਚਿਥੜੇ ਗਏ ਸੇ, ਸੋ ਮਜ਼ਬੂਤ ਹੋ ਖਲੋਤੇ ! ਜੋ ਨਾ ਚੀਜ਼ ਥੇ, ਸੋ ਸਬ ਤੇ ਚੰਗੀ ਚੀਜ਼ ਹੋ ਗਏ ਅਤੇ ਜੋ ਹਕੀਰ ਸੇ, ਸੋ ਸਰਦਾਰ ਅਤੇ ਕਬੀਰ ਬਨੇ॥ . ......

ਸੋ ਅਜਕਲ ਜਿਨੀ ਸਾਡੀ ਇਜਤ ਅਤੇ ਪੁਛ ਗਿਛ ਹੁੰਦੀ ਹੈ, ਸਬ ਖਾਲਸੇ ਦੇ ਪ੍ਰਤਾਪ ਕਰਕੇ ਹੁੰਦੀ ਹੈ॥ ਇਹ ਹੁਣ ਸਾਡੀ ਵਾਰੀ ਹੈ ਕਿ ਅਸੀਂ ਇਸ ਇਜ਼ਤ ਨੂੰ ਵਧਾਈਏ, ਨਾ ਕਿ ਘਟਾਈਏ। ਇਹ ਬਾਤ ਤਦ ਹੀ ਹੋ ਸਕਦੀ ਹੈ ਜੇ ਅਸੀਂ ਅਪਨੇ ਵਡਿਆਂ ਦੇ ਕਦਮ ਬ ਕਦਮ ਚਲੀਏ। ਪਰ ਜੇ ਅਸੀਂ ਇਸ ਇਜ਼ਤ ਨੂੰ ਕੈਮ ਨਾ ਰਖਾਂਗੇ ਤਾਂ ਸਾਡੇ ਉਤੇ ਬੜਾ

ਉਲਾਮਾਂ ਆਊ । ਅਸੀਂ ਆਪਨੇ ਬਾਪ ਦਾਦੇ ਦੇ ਕੀਤੇ ਨੂੰ ਗੁਆ ਦੇਵਾਂਗੇ ਅਤੇ ਦੁਨੀਆਂ ਵਿਚ ਸਾਡੀ ਨਿੰਦਿਆ ਹੋਵੇਗੀ । ਗੁਰੂ ਦੇ ਅਤੇ ਪੰਥ ਦੇ ਦੇਨਦਾਰ ਠੈਹਰਾਂਗੇ ਅਤੇ ਵਡਿਆਂ ਦੀ ਕਮਾਈ ਨੂੰ ਖੋਹ ਬੈਠਾਂਗੇ ॥

ਫੇਰ ਸਾਡਾ ਕਿਸੇ ਨਾਓ ਭੀ ਨਹੀਂ ਲੈਨਾ ਅਤੇ ਸਾਰੇ ਸਾਨੂੰ ਬੁਰੀ ਨਿਗਾਹ ਨਾਲ ਦੇਖਨਗੇ ॥

ਇਸ ਲਈ ਸਾਨੂੰ ਚਾਹੀਏ ਕਿ ਅਸੀਂ ਉਸ ਇਜ਼ਤ ਨੂੰ ਕੈਮ ਰਖਨ ਵਿਚ ਹਮੇਸ਼ ਕੋਸ਼ਸ਼ ਕਰੀਏ ਜੋ ਇਜ਼ਤ ਸਾਡਾ ਵਿਰਸਾ ਹੋ ਚੁਕੀ ਹੈ ਪਰ ਇਹ ਬਾਤ ਤਦ ਹੀ ਹੋ ਸਕੇਗੀ ਜੇ ਅਸੀਂ ਗੁਰਾਂ ਦੇ ਵਾਕਾਂ ਪਰ ਚਲੀਏ ਅਤੇ ਪੱਕੇ ਸਿੰਘ ਬਨੇ ਰਹੀਏ ॥

ਤਦ ਹੀ ਅਸੀਂ ਅਪਨੇ ਬਾਪ ਦਾਦੇ ਦੇ ਅਸਲੀ ਪੁਤ੍ਰ ਸਦਾਵਾਂਗੇ । ਜੇ ਕੋਈ ਸ਼ਖਸ਼ ਸਾਡੇ ਵਿਚੋਂ ਐਸਾ ਨਿਕਲੇ, ਜੋ ਦੁਨਿਆਵੀ ਅਯਾਸ਼ੀ ਅਤੇ ਬੁਰੇ ਕੰਮਾਂ ਦੇ ਲੋਭ ਵਿਚ ਆਕੇ ਗੁਰੂ ਦੀ ਰੀਤੀ ਨੂੰ ਤੋੜੇ ਅਤੇ ਸਿੰਘ ਧਰਮ ਦੇ ਚਿੰਨਾਂ ਨੂੰ ਤਿਆਗੇ, ਤਾਂ ਸਮਝੋ ਕਿ ਉਸ ਨੇ ਜਾਨ ਬੁਝ ਕੇ ਅਪਨੇ ਪੈਰਾਂ ਨੂੰ ਕੁਹਾੜਾ ਮਾਰਿਆ ॥

ਕਬੀਰ ਜੀ ਫੁਰਮਾਉਂਦੇ ਹਨ :

ਦੀਨ ਗਵਾਇਆ ਦੁਨੀ ਮੇਂ ਦੁਨੀ ਨਾ ਚਾਲੀ ਸਾਥ ।
ਪਾਉਂ ਕੁਹਾੜਾ ਮਾਰਿਆ ਗਾਫਲ ਅਪਨੇ ਹਾਥ ।

ਐਸਾ ਸ਼ਖਸ ਖ਼ਾਲਸੇ ਦੀ ਉਚ ਪਦਵੀ ਤੋਂ ਇਸ ਤਰ੍ਹਾਂ ਹੇਠ ਡਿੱਗੇਗਾ, ਜਿਸ ਤਰ੍ਹਾਂ ਅਸਮਾਨੋਂ ਤਾਰਾ ਟੁੱਟ ਕੇ ਜ਼ਮੀਨ ਤੇ ਆ ਪੈਂਦਾ ਹੈ । ਹੇਠ ਡਿੱਗ ਕੇ ਹਿਕਾਰਤ ਦੀ ਬੜੀ ਡੂੰਘੀ ਖੱਡ ਵਿਚ ਜਾ ਪਵੇਗਾ, ਜਿੱਥੇ ਹਮੇਸ਼ ਸਭਨਾਂ ਦੇ ਪੈਰਾਂ ਹੇਠ ਲਤਾੜਨ ਦੀ ਜਗਾ ਰਹੇਗਾ । ਜਿੱਥੋਂ ਕਦੇ ਵੀ ਓਪਰ ਆਉਨ ਦੀ ਕੋਈ ਉਮੀਦ ਨਹੀਂ ਅਤੇ ਜਿਥੇ ਆਤਮਕ ਤੇ ਸਰੀਰਕ ਮਿਰਤੂ ਦਾ ਮੌਕਾ ਬਨ ਜਾਏਗਾ ।

ਇਸ ਲਈ ਸਾਨੂੰ ਚਾਹੀਦਾ ਹੈ ਕਿ ਆਪਨੇ ਹਰ ਇਕ ਖ਼ਾਲਸੇ ਭਰਾ ਨੂੰ ਸਮਝਾ ਦੇਈਏ ਕਿ ਖਬਰਦਾਰ ! ਮਤਾਂ ਕਿਸੇ ਲਾਲਚ ਰੂਪੀ ਤਿਲਕਨ ਨਾਲ ਪੈਰ ਫਿਸਲ ਕੇ ਅਪਨੇ ਓਚ ਅਸਥਾਨ ਤੋਂ ਹੇਠ ਰਿੜ ਜਾਵੇ ।

ਹਰ ਇਕ ਖ਼ਾਲਸਾ ਭਾਈ ਨੂੰ ਚਾਹੀਏ ਕਿ ਇਕ ਦੂਜੇ ਦੀ ਬੇਹਤਰੀ ਅਪਨੀ ਬੇਹਤਰੀ ਜਾਨੇ ।

ਦੂਸਰੇ ਸਿੰਘ ਭਰਾ ਦੇ ਦੁੱਖ-ਸੁੱਖ, ਨਫ਼ੇ-ਨੁਕਸਾਨ ਨੂੰ ਅਪਨਾ ਦੁਖ-ਸੁਖ, ਨਫ਼ਾ-ਨੁਕਸਾਨ ਸਮਝੇ । ਦੂਸਰੇ ਸਿੰਘ ਭਰਾ ਦੇ ਭਲੇ ਵਿਚ ਜੇ ਅਪਨਾ ਨੁਕਸਾਨ ਹੋਏ ਤਾਂ ਖੁਸ਼ੀ ਨਾਲ ਉਠਾਵੇ । ਅਪਨੇ ਲਾਭ ਅਤੇ ਸੁੱਖ ਨੂੰ ਮੁਖ ਸਮਝ ਕੇ ਦੂਜੇ ਦਾ ਨੁਕਸਾਨ ਨਾ ਹੋਨ ਦੇਵੇ ਅਤੇ ਸਭ ਨਾਲ ਭ੍ਰਾਤ੍ਰੀ-ਭਾਵ ਰਖੇ ।

# ਸਹਾਇਕ ਪੁਸਤਕ ਸੂਚੀ

**ਪੰਜਾਬੀ**


ਅਮਰ ਸਿੰਘ : 'ਸਿੰਘ ਸਭਾ ਲਹਿਰ ਦੇ ਉਘੇ ਸੰਚਾਲਕ ਗਿਆਨੀ ਦਿੱਤ ਸਿੰਘ ਜੀ', ਅੰਮ੍ਰਿਤਸਰ, 1962

ਅਮਰੀਕ ਸਿਘ : 'ਸਿਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ' (ਖੋਜ-ਪ੍ਰਬੰਧ), ਪੰਜਾਬੀ ਯੂਨੀਵਰਸਿਟੀ, ਪਟਿਆਲਾ

ਅਵਤਾਰ ਸਿੰਘ ਅਜ਼ਾਦ : 'ਪੰਜਾਬੀ ਸਾਹਿਤ ਦੇ ਉਸਰਈਏ' ਹਿੰਦੀ ਪਬਲਿਸਰਜ਼, ਅੰਮ੍ਰਿਤਸਰ 1951

ਈਸ਼ਰ ਸਿੰਘ ਤਾਂਘ (ਡਾ.) : 'ਪੰਜਾਬੀ ਸਾਹਿੱਤ ਦਾ ਪੁਨਰ-ਮੁਲ-ਅੰਕਣ', ਦੀਪ ਪ੍ਰਕਾਸ਼ਨ, ਅੰਬਾਲਾ, 1972

ਸ਼ਮਸ਼ੇਰ ਸਿੰਘ ਅਸ਼ੋਕ : 'ਪੰਜਾਬ ਦੀਆਂ ਲਹਿਰਾਂ',

ਸਰਬਰੀਆਂ ਕੌਰ ਆਈ : 'ਪੰਜਾਬੀ ਸਾਹਿਤ, 'ਪੰਜਾਬੀ ਪੱਤਰਕਲਾ, ਮਹਿਕਮਾ ਪੰਜਾਬੀ, ਪਟਿਆਲਾ।

ਸੁਰਿੰਦਰ ਸਿੰਘ : 'ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ,' (ਖੋਜ ਨਿਬੰਧ) ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸੁਰਿੰਦਰ ਸਿੰਘ ਕੋਹਲੀ (ਡਾ.) : 'ਪੰਜਾਬੀ ਸਾਹਿਤ ਦਾ ਇਤਿਹਾਸ' : ਲਾਹੌਰ ਬੁਕ ਸ਼ਾਪ, ਲੁਧਿਆਣਾ, 1950

ਸੁਰਿੰਦਰ ਸਿੰਘ ਨਰੂਲਾ : 'ਪੰਜਾਬੀ ਸਾਹਿਤ ਦਾ ਇਤਿਹਾਸ', ਸਿੱਖ ਪਬਲਿਸ਼ਿੰਗ ਹਾਊਸ, ਅੰਮ੍ਰਿਤਸਰ, 1953

ਸੂਬਾ ਸਿੰਘ : 'ਪੰਜਾਬੀ ਪੱਤਰਕਾਰੀ ਦਾ ਇਤਿਹਾਸ', ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ, 1974

ਹੀਰਾ ਸਿੰਘ ਦਰਦ : 'ਪੰਜਾਬੀ ਸਾਹਿਤ ਦਾ ਇਤਿਹਾਸ', ਜਲੰਧਰ, 1958

ਹਜ਼ਾਰਾ ਸਿੰਘ (ਡਾ.) : 'ਪੰਜਾਬੀ ਪ੍ਰਿੰਟਿੰਗ ਐਂਡ ਪਬਲਿਸ਼ਿੰਗ', (ਪੀ-ਐਚ. ਡੀ. ਥੀਸਿਸ) ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਕਰਤਾਰ ਸਿੰਘ ਸਰਹੱਦੀ : 'ਸਿੰਘ ਸਭਾ ਲਹਿਰ ਦਾ ਸੁਨਹਿਰੀ ਤੇ ਮਹਾਨ ਪਰਉਪਕਾਰੀ ਇਤਿਹਾਸ' ਅਤੇ 'ਕਲਿਯੁਗ ਵਿਚ ਸਤਿਯੁਗ ਵਰਤਾਉਣ ਵਾਲੇ ਅਰਸ਼ੀ ਗੁਰਮਤ ਸਿਧਾਂਤ', ਯਮਨਾ ਨਗਰ, 1974

ਕਰਮ ਸਿੰਘ ਹਿਸਟੋਰੀਅਨ : 'ਕਤਕ ਕਿ ਵਿਸਾਖ ?'

ਕਾਨ੍ਹ ਸਿੰਘ ਭਾਈ : 'ਮਹਾਨ ਕੋਸ਼' ਭਾਸ਼ਾ ਵਿਭਾਗ, ਪੰਜਾਬ, ਪਟਿਆਲਾ 1974

ਕ੍ਰਿਪਾਲ ਸਿੰਘ ਕਸੇਲ ਆਦਿ : 'ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ', ਲਾਹੌਰ ਬੁਕ ਸ਼ਾਪ, ਲੁਧਿਆਣਾ, 1971

ਕ੍ਰਿਪਾਲ ਸਿੰਘ ਕਸੇਲ (ਸੰ:) : 'ਪੰਜਾਬੀ ਸਾਹਿਤ ਦਾ ਇਤਿਹਾਸ' (ਦੂਜਾ ਭਾਗ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1983

ਕੁਲਦੀਪ ਸਿੰਘ : 'ਪੱਤਰਕਾਰੀ', ਪੰਜਾਬੀ ਸਾਹਿਤ ਸਭਾ, ਦਿੱਲੀ, 1962

ਗੁਰਨੇਕ ਸਿੰਘ ਨੇਕੀ : 'ਸਿੰਘ ਸਭਾ ਲਹਿਰ ਦੇ ਉਸਰਈਏ', ਲਿਟਰੇਚਰ ਹਾਊਸ, ਅੰਮ੍ਰਿਤਸਰ, 1985.

ਗੋਪਾਲ ਸਿੰਘ, (ਡਾ.) : 'ਪੰਜਾਬੀ ਸਾਹਿਤ ਦਾ ਇਤਿਹਾਸ', ਪੰਜਾਬੀ ਅਕੈਡਮੀ, ਨਵੀਂ ਦਿਲੀ, 1949

ਜਗਜੀਤ ਸਿੰਘ : 'ਸਿੰਘ ਸਭਾ ਲਹਿਰ', ਸ. ਜਮੀਅਤ ਸਿੰਘ, ਅੰਮ੍ਰਿਤਸਰ, 1941

ਜੀਤ ਸਿੰਘ ਸੀਤਲ : 'ਪੰਜਾਬੀ ਸਾਹਿਤ ਦਾ ਆਲੋਚਨਾਤਮਿਕ ਇਤਿਹਾਸ, 'ਪੈਪਸੂ ਬੁੱਕ ਡਿਪੂ, ਪਟਿਆਲਾ, 1973

ਦਿੱਤ ਸਿੰਘ, ਗਿਆਨੀ : 'ਮੇਰਾ ਅਤੇ ਸਾਧੂ ਦਯਾਨੰਦ ਜੀ ਦਾ ਸੰਬਾਦ', ਬਲਦੇਵ ਸਿੰਘ, ਲਾਹੌਰ

ਦਿਲਜੀਤ ਸਿੰਘ : 'ਸਿੰਘ ਸਭਾ ਲਹਿਰ ਦੇ ਮੋਢੀ, ਜੀਵਨ ਬਿਰਤਾਂਤ ਭਾਈ ਦਿੱਤ ਸਿੰਘ', ਸ਼੍ਰੋਮਣੀ ਖਾਲਸਾ ਬਰਾਦਰੀ, ਅੰਮ੍ਰਿਤਸਰ, 1951

ਨਰਿੰਦਰ ਸਿੰਘ ਕਪੂਰ (ਡਾ.) : 'ਪੰਜਾਬੀ ਪੱਤਰਕਾਰੀ ਦਾ ਇਤਿਹਾਸ', (ਪੀ-ਐਚ.ਡੀ. ਥੀਸਿਸ) ਪੰਜਾਬੀ ਯੂਨੀਵਰਸਿਟੀ, ਪਟਿਆਲਾ

ਪਰਮਿੰਦਰ ਸਿੰਘ (ਡਾ.) : 'ਪੰਜਾਬੀ ਸਾਹਿਤ ਦੇ ਮੂਲ ਲੱਛਣ ਅਤੇ ਪ੍ਰਮੁੱਖ ਪ੍ਰਵਿਰਤੀਆਂ', (1849-1900) ਲਾਹੌਰ ਬੁੱਕ ਸ਼ਾਪ, ਲੁਧਿਆਣਾ, 1986

ਪਿਆਰਾ ਸਿੰਘ ਪਦਮ : 'ਪੰਜਾਬੀ ਸਾਹਿੱਤ ਦੀ ਰੂਪ ਰੇਖਾ', ਕਲਮ ਮੰਦਿਰ, ਪਟਿਆਲਾ, 1971

ਬਲਬੀਰ ਸਿੰਘ, (ਡਾ.) : 'ਸ੍ਰੀ ਚਰਨਹਰਿ ਵਿਸਥਾਰ,' (ਜਿਲਦ ਪਹਿਲੀ, ਸੈਂਚੀ ਦੂਸਰੀ), ਖੁਦ, ਅੰਮ੍ਰਿਤਸਰ, 1957

ਵਿਸਾਖਾ ਸਿੰਘ, ਸੰਤ : 'ਮਾਲਵਾ ਇਤਿਹਾਸ (ਜਿਲਦ ਦੂਜੀ)', ਗੁਰਮਤ ਪ੍ਰਚਾਰਕ ਸਿੰਘ ਸਭਾ ਇਲਾਕਾ ਤਿਹਾੜਾ (ਫੀਰੋਜ਼ਪੁਰ), 1954

### ਪੱਤ੍ਰ-ਪਤ੍ਰਿਕਾਵਾਂ

ਸਿੰਘ ਸਭਾ ਪਤ੍ਰਿਕਾ : ਜਨਵਰੀ, 1974, ਜੁਲਾਈ-1974-ਦਸੰਬਰ-1974, ਫਰਵਰੀ-1975, ਖਾਲਸਾ ਅਖਬਾਰ

### HINDI

Tulsi Deva, Sadhu : 'Shraddha Prakash', Tulsi Deva, Philour, 1896

ਅੰਗਰੇਜ਼ੀ ਪੁਸਤਕਾਂ

Barrier, N.G. : The Sikhs and their Literature, Manohar Book Service, Delhi 6, 1970.

Barrier, N.G. and Paul Wallace : The Punjab in the Ninteenth Century Tracts, Asian study centre, Michigen University, East Lensing, Michigen 1969. The Punjab Press (1880-1905) Asian Study Centre Michigen University, Michigen, 1970.

Devis Emmett : 'Press and Politics in British Western Punjab, (1836-1947)', Academic Publications, New Delhi, 1983.

Fauja Singh (Dr.) 'The city of Amritsar', Oriental Publishers and Distributors, New Delhi, 1978.

Ganda Singh (Dr.) 'A Bibliography of Punjab', Punjabi University, Patiala, 1966.

'A select B.bliography of the sikhs and Sikhism' SGPC Amritsar, 1965.

'History of Khalsa College, Amritsar', Amritsar 1949.

'The Singh Sabha and other Socio-Religious Movements in The Punjab (1850-1925)', Punjabi University, Patiala, 1984.

Gurdarshan Singh Dhillon (Dr.) : 'Character and impact of Singh Sabha Movement on the History of Punjab.' (Ph.D Thesis) Punjabi University, Patiala, 1972.

Gustaf Son, W. Frie and Jonnes Kenneth, W : 'Sources on Punjab History', Manohar Book Service, New Delhi, 1975.

Khushwant Singh : 'A History of the Sikhs (vol. II), Princeton University, Press, 1966.

Lakshman Singh Bhagat : Autobiography (edited and annoted by Dr. Ganda Singh) Sikh cultural centre, Calcutta 1964.

Leitner, G.W. 'History of Indigenous Education in Punjab', Language Department Punjab, Patiala (Reprint) 1971.

Mccaliffe M.A. : 'Sikh Religion', Vol. I (Reprint) S. Chand and Co. New Delhi, 1963.

Mehta H.R. : 'A History of Growth and Development of Western Education in the Punjab (1846-84)' Language Deptt. Punjab, Patiala (Reprint) 1971.

Mohan Singh Dewana (Dr.) : 'A History of Punjabi Literature', Kasturi Lal and Sons, Amritsar, 1956.

Murry J. Middleton : 'The problem of style' Oxford University, Press, London 1967.

Paul Kendall : 'Art of Biography' Nonton W.W. and Co, New York, 1965.

Sime, J. (Ed.) Report on public Instruction in the Punjab for 1898-99, Pb. Govt. Lahore, 1899.

B-7753